ਕਰਤਾ ਦੀ ਆਗਯਾ ਬਿਨਾਂ ਕੋਈ ਨਾ

ਸ੍ਰੀ ਅੰਮ੍ਰਿਤਸਰ
ਤਸੀਲ ਅਜਨਾਲਾ

ਗੁਰੂ ਕੇ ਬਾਗ ਦਾ ਹਾ...

ਅਕਾਲੀ ਜ਼ਿੰਦਾ ਸ਼ਹੀਦ

ਤਵਾਰੀਖ ਗੁਰੂ ਕਾ ਬਾਗ

ਗੁਰਦੁਵਾਰਾ ਸੁਧਾਰ

ਅਰਥਾਤ

...ਅੰਮ੍ਰਿਤਸਰ ਤਸੀਲ ਅਜਨਾਲਾ ਗੁਰਦੁਵਾਰਾ ਗੁਰੂ ਕਾ ਬਾਗ ਗੁਰੂ ਕੇ ਬਾਗ ਵਿੱਚੋਂ ਗੁਰੂ ਕੇ ...ਗਰ ਵਾਸਤੇ ਬਾਲਣ ਲਿਆਉਣ ਵਾਸਤੇ ਅਕਾਲੀ ਸੰਤ ਸੂਰਮੇ ਪੁਲਸ ਦੇ ਹਥੋਂ ਲੋਹੇ ਦੇ ...ਾਂ ਵਾਲੀਆਂ ਡਾਂਗਾ ਸੋਟਿਆਂ ਨਾਲ ਰੂੰ ਵਾਂਗੂ ਪਿੰਜੇ ਗਏ, ਛਲੀਆਂ ਵਾਂਗੂ ਕੁੱਟੇ ਗਏ, ...ਂ ਤੋਂ ਫੜਕੇ ਘਸੀਟੇ ਗਏ, ਬਿਹੋਸ਼ ਪਏ ਛੱਪੜਾਂ ਵਿਚ ਡੋਬੇ ਗਏ, ਘੋੜਿਆਂ ਦੇ ਪੈਰਾਂ ਹੇਠ ...ਤਾੜੇ ਗਏ, ਕੰਡਿਆਂ ਵਾਲਿਆਂ ਮਲਿਆਂ ਉੱਤੇ ਸੁੱਟ ਕੇ ਸੋਟਿਆਂ ਨਾਲ ਕੁੱਟੇ ਗਏ, ...ਲ ਘੁੱਟੇ ਗਏ, ਦਾਹੜ੍ਹੀਆਂ ਪੁੱਟੀਆਂ ਗਈਆਂ, ਕੁੰਦਿਆਂ ਵਾਲੀਆਂ ਬੰਦੂਕਾਂ ਦੀਆਂ ਗੁਪਤ ਥਾਵਾਂ ਨਲਾਂ ਆਦਿਕਾਂ ਤੇ ਹੁਝਾਂ ਮਾਰੀਆਂ ਗਈਆਂ, ਛਾਤੀ ਅਤੇ ਕੇਸਾਂ ਉੱਤੇ ਕਿੱਲਾਂ ਵਾਲੇ ਬੂਟ ਰੱਖਕੇ "ਸਵਾ ਲੱਖ ਨਾਲ ਇਕ ਲੜਾਉਣ ਵਾਲਾ ਗੁਰੂ ਗੋਬਿੰਦ ਸਿੰਘ ਕਿੱਥੇ ਹੈ" "ਪੁਲਸ ਅਫਸਰ ਵੱਲੋਂ ਇਸ ਤਰਾਂ ਦੇ ਬੋਲ ਬੋਲੇ ਗਏ" ਪਰ ਖਾਲਸਾ ਜੀ ਨੇ ਨ ਹੱਥ ਉਠਾਇਆ ਤੇ ਨ ਮੱਥੇ ਤੇ ਵੱਟ ਪਾਕੇ ਮੰਦਾ ਬਚਨ ਬੋਲਣ ਵਾਸਤੇ ਮੂੰਹ ਖੋਲਿਆ, ਸ਼ਾਂਤਮਈ ਜੁੱਧ ਕਰਦਿਆਂ ਹੋਇਆਂ ਇਸ ਪ੍ਰਕਾਰ ਦੇ ਅਕਹਿ ਅਤੇ ਅਸਹਿ ਅਨੇਕ ਤਰਾਂ ਦੇ ਦੁਖ ਸਹਾਰੇ ਜੋ ਇਸ ਪੁਸਤਕ ਵਿਚ ਬੜੇ ਵਿਸਤਾਰ ਨਾਲ ਤਰੀਕ, ਵਾਰ ਪੂਰੇ੨ ਤੇ ਸੱਚੇ ੨ ਸਾਰੇ ਹਾਲ ਵਰਨਨ ਹਨ।

ਕ੍ਰਿਤ

ਬਿਸ਼ਨ ਸਿੰਘ ਗਿਆਨੀ

ਅਧਯਾਪਕ ਖਾਲਸਾ ਕਾਲਜ ਅੰਮ੍ਰਿਤਸਰ

ਪਿੰਡ ਗੁਰੂ ਵਾਲਾ ਤਸੀਲ ਅਜਨਾਲਾ ਨਿਵਾਸੀ

ਪ੍ਰਸਿੱਧ ਟੀਕਾ ਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ

ਭਾਈ ਵਾਰਾਂ ਸਟੀਕ, ਭਗਤਾਂ ਦੀ ਬਾਣੀ ਸਟੀਕ, ਦਸਮ ਗੁਰੂ ਖਾਲਸਾ ਪ੍ਰਕਾਸ਼, ਖਾਲਸਾ, ਸ਼ੇਰ ਖਾਲਸਾ, ਸੂਰ ਬੀਰ ਖਾਲਸਾ, ਮਹਾਰਾਜ ਖਾਲਸਾ, ਸ੍ਰੀ ਨਨਕਾਣਾ ਸ਼ਹੀਦ, ਕਬਿੱਤ ਸਵੱਯੇ ਭਾਈ ਗੁਰਦਾਸਜੀ ਸਟੀਕ ਆਦਿਕ ਅਨੇਕ ਗੁਰਮਤਦੇ ਗ੍ਰੰਥਾਂ ਦਾ ਕਰਤਾ।

ਅਕਤੂਬਰ ੧੯੨੨

੧ ੴ ਸਤਿਗੁਰਪ੍ਰਸਾਦਿ ॥

—o—

ਦੋਹਰਾ— ਵਾਹਿਗੁਰੂ ਇਕ ਨਾਮ ਵਰ ਸਿਮਰ ਮਨਾ ਸੁਖ ਖਾਨ
ਬਿਘਨ ਹਰਨ ਦੇ ਹਰਨ ਨੂੰ ਹੈ ਗਾ ਸ਼ੇਰ ਸਮਾਨ

ਸੈਂਟ੍ਰਲ ਮਾਝਾ ਦੀਵਾਨ ਦਾ ਅਕਾਲੀ ਜੱਥਾ
੧ ਸਤੰਬਰ ਸ਼ੁਕਰ ਵਾਰ ੧੯੨੨

ਕਬਿੱਤ

ਸੈਂਟਰ ਦੀਵਾਨ ਮਾਝਾ ਸਿੰਘਾਂ ਦਾ ਅਕਾਲੀ ਜੱਥਾ ਇਕ ਜੀ ਸਤੰਬਰ ਨੂੰ ਕੀਤੀਆਂ ਤਿਆਰੀਆਂ
ਚੜ੍ਹ ਗਈਆਂ ਲਾਲੀਆਂ ਅਕਾਲੀਆਂ ਦੇ ਮੁਖ ਉਤੇ ਮਾਰਦੀਆਂ ਤਾਲੀਆਂ ਨੇ ਫੌਜਾਂ ਅੱਜ ਸਾਰੀਆਂ
ਗੁਰੂ ਦੇ ਮੁਰੀਦ ਸਾਨੂੰ ਏਹੋ ਹੈ ਤਾਗੀਦ ਹੋ ਜਾਵਣਾਂ ਸ਼ਹੀਦ ਕਹਿਣ ਸੰਗਤਾਂ ਪਿਆਰੀਆਂ
ਜੋਸ਼ ਪ੍ਰੇਮ ਦਾ ਆ ਜਰੋ ਇਕ ਦੂਸਰੇ ਤੋਂ ਅੱਗੇ ਸਿੰਘਹੋਣ ਸਭ ਲੱਗੇ ਕੈਪਨ ਸਾੜੀਆਂ ਨੇ ਵਾਰਾਂ ਆਂ

{ ਸ੍ਰੀ ਅਕਾਲ ਤਖਤ ਤੇ ਸ੍ਰੀ ਦਰਬਾਰ ਸਾਹਿਬ ਤੋਂ ਮੱਥਾ ਟੇਕਕੇ
ਅਕਾਲੀਆਂ ਨੇ ਗੁਰੂ ਦੇ ਬਾਗ ਵਲ ਜਾਣਾ }

ਦੋਹਰਾ—ਅਗੇ ਤਖਤ ਅਕਾਲ ਦੇ ਸਜਿਆ ਆਣ ਦੀਵਾਨ
ਲੈ ਉਪਦੇਸ਼ ਅਕਾਲੀਆਂ ਜਥੇਦਾਰ ਦੇ ਮਾਨ
ਸੇਹਰੇ ਪਾਕੇ ਗਲਾਂ ਵਿਚ ਹੋ ਗਏ ਸਭ ਤਿਆਰ
ਟੇਕ ਮੱਥਾ ਦਰਬਾਰ ਜੀ ਆ ਗਏ ਵਿਚ ਬਜਾਰ

[ਕੋਰੜਾ ਛੰਦ]

ਇਕ ਸੌ ਤੇ ਦਸ ਬਾਰਾਂ ਜੀ ਅਕਾਲੀਆਂ, ਬੰਨ੍ਹ ਲਈ ਚਾਰ ੨ ਸਿੰਘਾਂ ਪਾਲੀਆਂ
...ਾਂ ਵਜੇ ਪੂਰੇ ਨੇ ਤਿਆਰ ਹੋ ਗਏ, ਬੰਨ੍ਹਕੇ ਕਤਾਰਾਂ ਸਾਰੇ ਨੇ ਖਲੋ ਗਏ
... ਵਾ ਸਿੰਘ ਜਥੇਦਾਰ ਜੀ, ਵਾਸੀ ਹੈ ਭਸੀਨ ਦਾ ਬਲੀ ਅਪਾਰ ਜੀ
ਗੁਰੂ ... ਗੀ ਵਲ ਜਥਾ ਹੁਣੇ ਤੁਰੂ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ
ਘੰਟੇ ਘਰ ਕੋਲੋਂ ਜਥਾ ਤੁਰਪਿਆ ਜੇ, ਹੋਵਣਾ ਸ਼ਹੀਦ ਚਾਉ ਚੜ੍ਹ ਗਿਆ ਜੇ

ਦੇਖਣ ਜੋ ਵਾਲੇ ਨੇ ਹੈਰਾਨ ਹੋਂਵਦੇ, ਕਈ ਬੁਢੇ ਠੇਰੇ ਖਤਰੇਟੇ ਰੋਂਵਦੇ।
ਏਨ੍ਹਾਂ ਨੇ ਸ਼ਹੀਦ ਅੱਜ ਹੋ ਜਾਂਵਣਾ, ਜੀਉਂਦਿਆਂ ਨ ਏਨਾਂ ਏਥੇ ਮੁੜਕੇ ਆਂਵਣਾ।
ਕਰਦੇ ਵਿਚਾਰਾਂ ਅਖੋਂ ਨੀਰ ਸ਼ੁਰੂ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ।
ਦੇਖੋ ਕਿੱਡਾ ਹੌਂਸਲਾ ਨ ਖੌਫ ਖਾਂਵਦੇ, ਮਰਨ ਦੇ ਵਾਸਤੇ ਨੇ ਨਸੇ ਜਾਂਵਦੇ।
ਜ਼ਾਲਮ ਕਸਾਈ ਉਹ ਬੁਰਾ ਕਰਦੇ, ਏ ਵੀ ਨੇ ਬਹਾਦਰ ਨ ਅਗੋਂ ਡਰਦੇ।
ਮਾਰ ਮਾਰ ਹੱਡ ਗੋਡੇ ਤੋੜ ਸੁਟਦੇ, ਡੰਡਿਆਂ ਦੇ ਨਾਲ ਅਗੋਂ ਬੁਰਾ ਕੁਟਦੇ।
ਹੱਛਾ ਅੱਜ ਸੁਖ ਹੈ ਗੁਜ਼ਾਰੇ ਰੂਰ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ।
ਈਕੁਰ ਵਿਚਾਰਾਂ ਲੋਕ ਪਏ ਕਰਦੇ, ਅਕਾਲੀ ਪੈਰ ਦਬਾਦਬ ਅਗਾਂ ਧਰਦੇ।
ਹੋਵਣਾ ਸ਼ਹੀਦ ਅੱਜ ਹੈ ਅਕਾਲੀਆਂ, ਚੜ੍ਹ ਗਈਆਂ ਮੁਖ ਉਤੇਆਰੇ ਲਾਲੀਆ।
ਤਨ ਮਨ ਧਨ ਏਨਾ ਸਾਰਾ ਵਾਰਿਆ, ਗੁਰੂ ਤੋਂ ਬਗੈਰ ਨਹੀਂ ਕੋਈ ਪਿਆਰਿਆ।
ਲਈ ਓਟ ਉਸ ਦੀ ਮਦਤ ਕਰੂ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ।
ਗਾਂਵਦੇ ਸ਼ਬਦ ਸਭ ਤੁਰੇ ਜਾਂਵਦੇ, ਵੇਖਕੇ ਬਜ਼ਾਰ ਵਿਚੋਂ ਲੋਕ ਆਂਵਦੇ।
ਸਤਿ ਸ੍ਰੀ ਅਕਾਲ ਮੁਖ ਤੋਂ ਗਜਾਂਵਦੇ, ਗੁਰੂ ਜੀ ਦੇ ਬਾਗ ਵਲ ਤੁਰੇ ਜਾਂਵਦੇ।
ਹੋਵਣਾ ਸ਼ਹੀਦ ਖੁਸ਼ੀ ਨੇ ਮਨਾਂਵਦੇ, ਰੂਰੂ ਜੀ ਦੀ ਬਾਣੀ ਪ੍ਰੇਮ ਨਾਲ ਗਾਂਵਦੇ।
ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ, ਵਾਹਿਗੁਰੂ ਸਤਿਨਾਮ ਸਤਿਨਾਮ ਜੀ।
ਜਦੋਂ ਸਿੰਘ ਆਂਵਦੇ ਬਜ਼ਾਰ ਹਾਲ ਜੀ, ਆਯਾ ਸਿੰਘ ਵੈਦ ਤੁਰ ਪਿਆ ਨਾਲ ਜੀ।
ਹੋਵਣੇ ਸ਼ਹੀਦ ਜਥਾ ਤੁਰ ਚਲਿਆ, ਅਸਾਂ ਬੈਠ ਘਰ ਦਾ ਜੰਜਾਲ ਮਲਿਆ।
ਗੰਦਿਆਂ ਏ ਧੰਦਿਆਂ ਨੇ ਮਾਰ ਛੱਡਣਾ, ਅੰਨੇ ਖੂਹ ਵਿਚੋਂ ਫੇਰ ਕਿਨ ਕਢਣਾ।
ਘਰ ਦੇ ਨ ਪੂਰੇ ਕਦੇ ਹੋਣੇ ਕਾਮ ਜੀ, ਸਤਿਨਾਮ ਸਤਿਨਾਮ ਸਤਿਨਾਮ ਜੀ।

]ਗੁੰਮਟਾਲੇ ਵਾਲੇ ਪੁਲ ਉਤੇ ਇਕ ਅੰਗ੍ਰੇਜ਼ ਅਫਸਰ ਨੇ ਜਥੇ ਨੂੰ ਰੋਕ ਲੈਣਾ]

ਸੁਖ ਨਾਲ ਜਥਾ ਹੈ ਕਚੈਹਰੀ ਲੰਘਿਆ, ਨਾਮਦੀ ਰੰਗਣ ਨਾਲ ਮੁਖ ਰੰਗਿਆ।
ਇਕ ਮੀਲ ਤੁਰਕੇ ਅਰੇਰੇ ਘਾ ਗਏ, ਪੁਲ ਗੁੰਮਟਾਲੇ ਵਾਲੇ ਉਤੇ ਆ ਗਏ।
ਬਹੁਤ ਸਾਰੀ ਫੌਜ ਓਥੇ ਲੁਕੀ ਹੋਈ ਸੀ, ਸੜਕ ਦੇ ਉਤੇ ਨਹੀਂ ਬੈਠਾ ਕੋਈ ਸੀ।
ਨਹਿਰ ਦੇ ਆਸ ਪਾਸ ਸੀ ਤਮਾਮ ਜੀ, ਸਤਿਨਾਮ ਸਤਿਨਾਮ ਸਤਿਨਾਮ ਜੀ।
ਕਲ ਸਭ ਕੁਛ ਜੋ ਕਰੌਂਦਾ ਡੰਟ ਸੀ, ਅਜ ਓਦਾ ਇਕ ਏਥੇ ਅਸਟੇਂਟ ਸੀ।
ਜੈਲਖਿੰਙ ਨਾਮ ਆਪਣਾ ਕਹਾਂਵਦਾ, ਏਥੇ ਖੜਾ ਹੁਕਮ ਪਿਆ ਚਲਾਂਵਦਾ।

ਜਦੋਂ ਜਥਾ ਪੁੱਜਾ ਆਕੇ ਖਾਸ ਮੌਕਿਆ, ਖੜੇ ਹੋਕੇ ਸੜਕ ਤੇ ਏਸ ਰੋਕਿਆ।
ਮੁੜਿਓ ਪਛਾਂਹ ਤੇ ਕਰੋ ਅਰਾਮ ਜੀ, ਸਤਿਨਾਮ ਸਤਿਨਾਮ ਸਤਿਨਾਮ ਜੀ।

[ਜੈਂਟ ਕਿਨਜ਼]

ਜੇਕਰ ਅਗਾਂਹ ਤੁਸੀ ਪੈਰ ਪਾਉਗੇ, ਰੱਖਣਾ ਜੇ ਯਾਦ ਸਾਰੇ ਮਾਰੇ ਜਾਉਗੇ।
ਹਟਿਓ ਪਛਾਂਹ ਨਾਹੀਂ ਅੱਗੇ ਆਵਣਾਂ, ਐਵੇਂ ਰਾਹ ਜਾਂਦੀ ਨਾਹੀਂ ਮਾਰ ਖਾਂਵਣਾ।
ਦੇਖ ਲੌ ਬੰਦੂਕਾਂ ਅਸਾਂ ਮੋਢੇ ਧਰੀਆਂ, ਗੋਲੀਆਂ ਦੇ ਨਾਲ ਸਭ ਹੈਣ ਭਰੀਆਂ।
ਮਾਰ ਮਾਰ ਡੰਡੇ ਲਾਹ ਦੇਣਾ ਚਾਮ ਜੀ, ਸਤਿਨਾਮ ਸਤਿਨਾਮ ਸਤਿਨਾਮ ਜੀ।
ਜੇਕਰ ਜਹਾਨ ਉਤੇ ਤੁਸਾਂ ਜੀਵਣਾ, ਕਰਨਾਂ ਅਰਾਮ ਅਤੇ ਖਾਣਾ ਪੀਵਣਾ।
ਤਾਹੀਓਂ ਹੁਕਮ ਮੇਰਾ ਮੰਨ ਕਰਕੇ, ਨਠ ਜਾਓ ਸਾਰੇ ਤੁਸੀਂ ਹੁਣੇ ਡਰਕੇ।
ਹੋਵਣਾ ਸ਼ਹੀਦ ਤੁਸਾਂ ਜੇ ਜ਼ਰੂਰ ਜੀ, ਚੂਰ ਚੂਰ ਹੱਡ ਹੋਣੇ ਮੰਨਜ਼ੂਰ ਜੀ।
ਬੇਸ਼ਕ ਅਗਾਂਹ ਤੁਸੀਂ ਪੈਰ ਧਰੀਏ, ਵੇਖਣਾ ਜੇ ਫੇਰ ਅਸੀਂ ਕੀ ਕਰੀਏ।
ਕਹਿੰਦਾ ਹੰਕਾਰੀ ਸ਼ਾਹੀ ਹੈ ਗੁਲਾਮ ਜੀ, ਸਤਿਨਾਮ ਸਤਿਨਾਮ ਸਤਿਨਾਮ ਜੀ।

[ਅਕਾਲੀ ਜਥਾ]

ਅਸਾਂ ਨੇ ਜਰੂਰ ਗੁਰੂ ਬਾਗ ਜਾਵਣਾਂ, ਕਦਮ ਪਛਾਂਹ ਨਾਹੀਂ ਅਸਾਂ ਪਾਵਣਾਂ।
ਅਸੀਂ ਨਿਰਭੌ ਨਹੀਂ ਭੈ ਖਾਵਣਾਂ, ਦੀਵੇ ਤੇ ਪਤੰਗਿਆਂ ਜਰੂਰ ਆਵਣਾਂ।
ਮਾਰ ਦਿਓ ਡਾਗਾਂ ਅਤੇ ਤੁਸੀਂ ਗੋਲੀਆਂ, ਸੰਗਤਾਂ ਤਮਾਮ ਹੱਸ ਹੱਸ ਬੋਲੀਆਂ।
ਹੱਥ ਨ ਉਠਾਵਣਾ ਤੇ ਮਰ ਜਾਵਣਾਂ, ਗੁਰੂ ਜੀ ਦੇ ਬਾਗ ਹੈ ਜਰੂਰ ਜਾਵਣਾਂ।
ਸਾਡੇ ਗੁਰੂ ਅਰਜਨ ਦਾ ਓਹ ਥਾਨ ਹੈ, ਜਿਸਨੇ ਗਰੀਬੀ ਗਦਾ ਲਈ ਪਾਨ ਹੈ।
ਤੱਤੇ ਤਵੇ ਉਤੇ ਓਨਾ ਬੈਠ ਕਰਕੇ, ਸਿਰ ਤੇ ਪਵਾਈ ਤੱਤੀ ਰੇਤ ਭਰਕੇ।
ਉੱਬਲਦੀ ਦੇਗ ਵਿਚ ਬੈਠ ਜਾਂਵਦੇ, ਵੈਰੀ ਤਾਈਂ ਅੱਗੋਂ ਓਇ ਨ ਸੁਣਾਂਵਦੇ।
ਓਸੇ ਗੁਰੂ ਆਖਿਆ ਅਸਾਂ ਕਮਾਵਣਾ, ਗੁਰੂ ਜੀ ਦੇ ਬਾਗ ਹੈ ਜਰੂਰ ਜਾਵਣਾ।
ਸੱਚੇ ਗੁਰੂ ਨਾਂਵੇ ਦਾ ਵੀ ਓਥੇ ਥਾਨ ਹੈ, ਓਨਾਂ ਦੀ ਵੀ ਆਗਯਾ ਜੋ ਲੈਣੀ ਮਾਨ ਹੈ।
ਸੀਸ ਉਤੇ ਲਈ ਤਲਵਾਰ ਝੱਲਜੀ, ਹਿੰਦ ਵਾਲੀ ਬੇੜੀ ਓਨ੍ਹਾਂ ਲਈ ਠੱਲ ਜੀ।
ਮਤੀਦਾਸ ਤਾਈਂ ਨਾਲ ਆਰੇ ਚੀਰਿਆ, ਡੋਲਿਆ ਨ ਵੇਲਣ ਦੇ ਵਿਚ ਪੀੜਿਆ।
ਅਸਾਂ ਬੀ ਜਰੂਰ ਏਥੇ ਮਰ ਜਾਵਣਾ, ਗੁਰੂ ਜੀ ਦੇ ਬਾਗ ਹੈ ਜਰੂਰ ਜਾਵਣਾ।

[ਲੁਕੀ ਹੋਈ ਫੌਜ ਨੇ ਆਉਣਾਂ]

ਕਬਿੱਤ

ਖੜਾ ਕੀਤਾ ਹੋਇਆ ਸੀ ਰਸਾਲਾ ਅਧ ਮੀਲ ਉਤੇ ਦੇਖਕੇ ਸਫੇਦ ਝੰਡੀ ਝਟ ਪਟ ਆਗਿਆ
ਕੀਤਾ ਸੀ ਇਸ਼ਾਰਾ ਅੰਗਰੇਜ ਏਸ ਝੰਡੀ ਨਾਲ ਜਿਸ ਨੇ ਸੜਕ ਉਤੇ ਜੱਥਾ ਅੱਟਕਾਲਿਆ
ਘੋੜਿਆਂ ਦੇ' ਉਤੇ ਅਸਵਾਰ ਸੀ ਪੰਜਾਹ ਹੋਏ ਪੈਦਲ ਕਰੀਬ ਸਠ ਘੇਰਾ ਆਣ ਪਾ ਲਿਆ
ਪੰਜ ਅੰਗਰੇਜ ਔਫੀਸਰ ਸੀ ਗੇ ਨਾਲ ਏਨ੍ਹਾਂ ਜਮਦਾ ਸਰੂਪ ਜਿਨ੍ਹਾਂ ਅਪਣਾਂ ਬਣਾ ਲਿਆ

{ ਮੰਨੇ ਪਰ ਮੰਨੇ ਕੌਂਸਲਦੇ ਮੈਂਬਰ ਜੋ ਓਸ ਵੇਲੇ
ਸੜਕ ਉਤੇ ਵੇਖਣ ਵਾਲੇ ਆਇ ਹੋਏ ਸੀ }

ਭਾਈ ਜੋਧ ਸਿੰਘ ਜੀ ਪ੍ਰੋਫੈਸਰ ਜੋ ਐਮ ਏ ਪੜ੍ਹਿਆ ਗਜਾਨੀ ਸਿੰਘ ਉਤਮ ਐਡੀਟਰ ਅਕਾਲੀਆਂ
'ਕਰਕੇ ਕਮਾਲ ਜੋ ਦਖਾਈ ਹੈ ਗੁਪਾਲ ਸਿੰਘ ਵੱਡੇ ਭਾਗਾ ਵਾਲਾ ਸਰਦਾਰ ਭਾਗੋ ਵਾਲੀਆਂ
ਕੌਂਸਲ ਦੇ ਮੈਂਬਰ ਐਡੀਟਰ ਅਨੇਕ ਓਥੇ ਚਾਰ ਸੌ ਸੀ ਆਦਮੀ ਏ ਖੜੇ ਬੰਨ੍ਹ ਪਾਲੀਆਂ
ਚਾਰ ਸੌ ਦੇ ਲਗ ਭਗ ਪਿੰਡਾਂ ਵਾਲੇ ਲੋਕ ਓਥੇ ਦੇਖਣ ਜੋ ਵਾਲੇ ਜੇੜੇ ਖੜੇ ਹੇਠ ਟਾਲ੍ਹੀਆਂ
ਪੁਲਦੇ ਏ ਆਰ ਪਾਰ ਲੋਕ ਸੀ ਤੁਮਾਸ਼ ਬੀਨ ਦੇਖ ਅੰਗਰੇਜ ਪਏ ਤਾੜ ਦੇ ਨੇ ਲਾਲੀਆਂ
ਕਰਦੇ ਵਿਚਾਰਾਂ ਨੇ ਹਜਾਰਾਂ ਲੋਕ ਮਨ ਵਿਚ ਦੇਖੀਏ ਅਕਾਲੀਆਂ ਨੇ ਲੈਣੀਆਂ ਨੇ ਮਾਲੀਆਂ
ਜੇਲ ਕੱਟ ਦੁਖ ਝੱਲ ਧਾਰੀਆਂ ਕ੍ਰਿਪਾਨਾਂ ਜਿਨ੍ਹਾ ਨਿਤਰੇ ਮਦਾਨ ਵਿਚ ਪੱਗਾਂ ਬੰਨ੍ਹ ਕਾਲੀਆਂ
ਕਰਕੇ ਦਖੌਣੀਆਂ ਪਰਤੱਛ ਨੇ ਬਿਸ਼ਨ ਸਿੰਘਾ ਜੋ ਜੋ ਪਿੱਛੇ ਸਿੰਘਾਂ ਨੇ ਕਮਾਈਆਂ ਨੇ ਘਾਲੀਆਂ

{ ਮਾਰ ਕੁਟਾਈ ਤੋਂ ਪਹਿਲੇ ਇਕ ਅੰਗਰੇਜ ਔਫੀਸਰ ਨੇ ਸਰਦਾਰ ਗੋਪਾਲ ਸਿੰਘ
ਭਾਗੋ ਵਾਲੀਏ ਤੋਂ ਪੂਛਣਾ ਕਿ ਦਸੋ ਅਕਾਲੀਆਂ ਨੂੰ ਕੀ ਕਰੀਏ }

ਸੱਵਯਾ—ਸੋਚ ਵਿਚਾਰ ਕਰੇ ਮਨ ਮੈਂ ਇਹ ਜੈਨਕ ਜੋ ਅੰਗਰੇਜ਼ ਫਰੰਗੀ
ਲੋਕ ਤਮਾਮ ਏ ਦੇਖਤ ਹੈਂ ਹਮ ਆਣ ਬਣੀ ਇਕ ਔਕੜ ਤੰਗੀ
ਪੂਛਤ ਹੈ ਸਰਦਾਰ ਨੂੰ ਬੋਲਕੇ ਢੰਗ ਚਲਾਵਣ ਚਾਹਤ ਢੰਗੀ
ਸਿੰਘ ਗੁਪਾਲ ਸਰਦਾਰ ਬਤਾਉ ਜੀ ਕੀ ਕਰੀਏ ਗਲ ਕੌਣ ਸੀ ਚੰਗੀ

[ਉੱਤਰ ਸਰਦਾਰ ਗੁਪਾਲ ਸਿੰਘ ਜੀ ਭਾਗੋਵਾਲੀਏ ਵਲੋਂ]

ਤ੍ਰਿਭੰਗੀ ਛੰਦ—ਸਰਦਾਰ ਬਖਾਨੀ ਅਪਨੀ ਬਾਨੀ ਸੁਣਹੋ ਕਾਨੀ ਖੁਲ ਪੜਦੇ
ਮੈਂ ਦੇਖਣ ਆਯਾ ਜਾਲ ਬਣਾਯਾ ਆਪ ਤਣਾਯਾ ਕਿਮ ਫੜਦੇ
ਜੋ ਮਰਜ਼ੀ ਕਰੀਏ ਰਬ ਤੋਂ ਡਰੀਏ ਬਾਤ ਸੁਖਰੀਏ ਨਹਿੰ ਡਰਦੇ
ਮੈਂ ਕੁਝ ਨਹਿ ਕਹਿੰਦਾ ਚੁਪਕਰ ਬੈਂਦਾ ਸਭ ਸੈਹਲੈਂਦਾ ਕੀ ਕਰਦੇ

[ਮਾਰ ਕੁਟਾਈ ਦਾ ਅਰੰਭ]

ਓਸੇ ਵਖਤ ਨ ਦੇਰ ਹੈ ਹੋਣ ਦਿੱਤੀ ਹੁਕਮ ਸਖਤ ਤੋਂ ਸਖਤ ਸੁਣਾ ਦਿਤੇ
ਪੁਲਸ ਵਾਲਿਆਂ ਰਤਾ ਨ ਦੇਰ ਕੀਤੀ ਡਾਂਗਾਂ ਸੋਟੇ ਮਹਾਨ ਚਲਾ ਦਿਤੇ
ਘੋੜ ਚੜਿਆਂ ਨੇਜਿਆਂ ਨਾਲ ਫੜਕੇ ਵਿੰਨ੍ਹ ਵਿੰਨ੍ਹ ਅਕਾਲੀ ਵਿਛਾ ਦਿਤੇ

ਐਨੀ ਮਾਰ ਅਪਾਰ ਸ਼ੁਮਾਰ ਨਾਹੀਂ ਬੇਸ਼ੁਮਾਰ ਸਿੱਖ ਲੰਮੇ ਨੇ ਪਾ ਦਿਤੇ
ਕਈ ਬੈਠ ਗਏ ਜੱਫੀਆਂ ਪਾ ਕਰਕੇ ਉਤੋਂ ਡਾਂਗਾਂ ਦੇ ਮੀਂਹ ਵਰ੍ਹਾ ਦਿਤੇ
ਕੋਈ ਅੰਤ ਸ਼ੁਮਾਰ ਨ ਰਿਹਾ ਓਥੇ ਮਾਰ ਮਾਰਕੇ ਸਿੱਖ ਤੜਫਾ ਦਿਤੇ
ਹੱਡ ਗੋਡੇ ਨੇ ਕਈਆਂ ਦੇ ਤੋੜ ਸੁਟੇ ਤਨੋਂ ਲਹੂ ਦੇ ਨਾਲੇ ਵਗਾ ਦਿਤੇ
ਅੱਗ ਬਰੂਦ ਨੇ ਦੇਖ ਲੈ ਬਿਸ਼ਨ ਸਿੰਘਾ ਸ਼ਾਂਤਮਈ ਨਜ਼ਾਰੇ ਦਿਖਾ ਦਿਤੇ

[ਸੀਨੀਅਰ ਪੁਲਸ ਇਨਸਪੈਕਟਰ ਅੰਗ੍ਰੇਜ਼ ਦੀ ਮਾਰ]

[ਕਬਿੱਤ]

ਇੱਕ ਅੰਗਰੇਜ ਜੋ ਸੀ ਸੀਨੀਅਰ ਪੁਲਸ ਦਾ ਦੋਹਾਂ ਹੱਥਾਂ ਨਾਲ ਪਿਆ ਸੋਟੇ ਨੂੰ ਚਲਾਂਵਦਾ
ਜੀਕੂੰ ਸੋਟੇ ਮਾਰ ਮਾਰ ਕੱਪੜੇ ਜੋ ਧੋਈ ਦੇ ਨੇ ਈਕੂੰ ਮਾਰ ਮਾਰ ਪਿਆ ਸਿੰਘਾਂ ਨੂੰ ਵਿਛਾਂਵਦਾ
ਕਈ ਸੱਟਾਂ ਖਾਇ ਖਾਇ ਓਥੇ ਹੀ ਬਿਹੋਸ਼ ਹੋਇ ਪੀੜ ਵੱਡੀ ਹੁੰਦੀ ਮੁੜ ਸਾਹ ਨਹੀ ਆਂਵਦਾ
ਮੌਤ ਤੋਂ ਬਚਾਯਾ ਤੁਸਾਂ ਸਾਨੂੰ ਸੀ ਬਿਸ਼ਨ ਸਿੰਘਾ ਜਰਮਨ ਦੇ ਜੰਗ ਦਾ ਇਨਾਮ ਹੈ ਪੁਚਾਂਵਦਾ

[ਇਕ ਅੰਗਰੇਜ ਨੇ ਅਕਾਲੀਆਂ ਦੇ ਉਤੋਂ ਦੀ ਘੋੜਾ ਲੰਘਾਉਣਾ]

ਦਵੱਜਾ ਛੱਦ—ਇਕ ਅੰਗਰੇਜ ਸੁ ਅਪਣਾ ਓਥੇ ਜਮ ਦਾ ਰੂਪ ਬਣੋਂਦਾ
ਪਏ ਬਿਹੋਸ਼ ਸਿੰਘਾਂ ਦੇ ਉਤੋਂ ਘੋੜਾ ਹੈ ਲੰਘੋਦਾ
ਜਖਮ ਲੱਗੇਕਈ ਸਖਤ ਸਿੰਘਾਂਨੂੰ ਪਾਪੀ ਤਰਸਨਔਂਦਾ
ਘੋੜੇ ਦੇ ਹੀ ਸੁੰਮਾਂ ਕਰਕੇ ਪਾਪੀ ਜਖਮ ਲਗੋਂਦਾ
ਐਧਰ ਓਧਰ ਚਾਰ ਚੁਫੇਰੇ ਘੋੜਾ ਪਿਆ ਦੁੜੌਂਦਾ
ਨਾਲੇ ਉਤੋਂ ਦੌੜਿਆ ਜਾਂਦਾ ਸੋਟੇ ਪਿਆ ਚਲੌਂਦਾ
ਜਥਾ ਅਕਾਲੀ ਬਿਸ਼ਨ ਸਿੰਘਾ ਕੀਤੇ ਦਾ ਫਲ ਪੌਂਦਾ
ਜੰਗ ਸਤਵੰਜਾ ਪੂਰਬੀਆਂ ਦਾ ਉਸਦਾ ਫਲ ਹੈ ਔਂਦਾ

[ਬਿਹੋਸ਼ ਪਏ ਅਕਾਲੀਆਂ ਨੂੰ ਘਸੀਟ ਕੇ ਖਾਈਆਂ ਵਿਚ ਸੁਟਣਾ]

ਸਵੱਯਾ—ਹੋਇ ਬਿਹੋਸ਼ ਪਏ ਸਿੰਘ ਹੋਸ਼ ਨ ਦੋਸ਼ ਨ ਖਾਲਸਾ ਪੰਥ ਦਾ ਰਾਈ
ਦੇਖਣ ਲੋਕ ਹਰਾਨ ਹੋ ਕੰਪਤ ਮਾਰ ਕੁਟਾਈ ਤ ਬੰਦ ਕਰਾਈ
ਸਿੰਘਨ ਕੋ ਫੜ ਬਾਂਹ ਲਤਾਂਨ ਤੇ ਹੈਨ ਘਸੀਟਤ ਆਪ ਕਸਾਈ
ਏਕ ਤੇ ਦੂਸਰ ਦੂਸਰ ਤੀਸਰ ਡਾਰਤ ਹੈ ਵਿਚ ਆਣਕੇ ਖਾਈ
ਐਧਰ ਓਧਰ ਰਾਹ ਤੇ ਜੇਤਕ ਟੋਇ ਪਏ ਕਈ ਚਾਰ ਚੁਫੇਰੇ
ਡਾਰ ਦੀਏ ਇਕ ਦੂਸਰ ਊਪਰ ਔਗਣ ਕੀਤੇ ਨੇ ਖਾਲਸੇ ਕੇੜ੍ਹੇ

ਪੀੜਕੇ ਸਾਬ ਅਪਾਰ ਦੁਖੀ ਹਨ ਦੇਖ ਲਈ ਗੁਰ ਆਨਕੇ ਮੇਰੇ
ਐਪਰ ਹਾਇ ਨ ਗਾਲ ਨਿਕਾਲਤ ਦੇਖ ਲਏ ਤੂੰ ਬਰੂਦ ਦੇ ਜੇਰੇ

[ਭਾਈ ਵਸਾਵਾ ਸਿੰਘ ਭਸੀਨ ਨਿਵਾਸੀ ਜਥੇਦਾਰ ਦੀ ਦਸ਼ਾ]

ਮਾਰ ਏ ਕੁਟਾਈ ਵੱਡੀ ਸਿੰਘਾਂ ਤੇ ਕਰਾਈ ਟੋਈ ਵੇਖ ਦੁਨਿਆਈ ਸਾਰੀ ਥਰ ਥਰ ਕੰਬੀ ਸੀ
ਲਗੀਆਂ ਸਖਤ ਸੱਟਾਂ ਜਥੇਦਾਰ ਤਾਂਈ ਤਿੰਨ ਇਕ ਅੱਠ ਇੰਚ ਇਕ ਤਿੰਨ ਇੰਚ ਲੰਬੀ ਸੀ
ਦਿਨ ਦੀਵੀਂ ਕੀਤੀਆਂ ਇਨਸਾਫੀਆਂ ਫਰੰਗੀਆਂ ਨੇ ਸੰਗਤ ਤਮਾਮ ਇਹ ਕਪਾਹ ਵਾਂਗ ਛੰਬੀ ਸੀ
ਓਸਦਾ ਨਜ਼ਾਰਾ ਵੇਖ ਪ੍ਰਗਟ ਬਿਸ਼ਨ ਸਿੰਘਾ ਜਿਸਨੇ ਸਹਾਰੀ ਸਿਰ ਆਪਣੇ ਤੇ ਰੰਬੀ ਸੀ

[ਕੋਰੜਾ ਛੰਦ]

ਆਯਾ ਸਿੰਘ ਵੈਦ ਨੂੰ ਵੀ ਸੱਟਾਂ ਲੱਗੀਆਂ, ਵਿੱਸਰਗਏ ਅੰਗ ਲਹੂ ਧਾਰਾਂ ਵਗੀਆਂ
ਲੱਗ ਭੱਗ ਵੀਹ ਮਿੰਟ ਰਹੇ ਮਾਰਦੇ, ਸਿੱਖ ਸੱਤਨਾਮ ਰਹੇ ਨੇ ਉਚਾਰਦੇ
ਖਿਲਰੇ ਨੇ ਕੇਸ ਕਿਰਪਾਨਾਂ ਲੱਥੀਆਂ, ਬਿਨਾਂਹੀ ਚਲਾਏ ਟੁੱਟਗਈਆਂ ਹੱਥੀਆਂ
ਪਾਟ ਗਏ ਲੀੜੇ ਸਾਰੇ ਨੰਗੇ ਅੰਗ ਨੇ, ਪੀੜ ਨਾਲ ਸਾਰੇ ਸਿੱਖ ਬੜੇ ਤੰਗ ਨੇ
ਲਿੱਬੜੇ ਨੇ ਅੰਗ ਘੱਟੇ ਮਿੱਟੀ ਨਾਲ ਜੀ, ਪਏ ਨੇ ਬਿਹੋਸ਼ ਸਿੰਘਾਂ ਨ ਸੰਭਾਲ ਜੀ
ਡਾਕਟਰ ਦੇਖ ਲਈਆਂ ਲੋਥਾਂ ਸਾਰੀਆਂ, ਚੁਕ ਲਵੋ ਸੰਗਤਾਂ ਗੁਰੂ ਪਿਆਰੀਆਂ
ਡਾਕਟਰ ਹੋਰਾਂ ਗਲਾਂ ਇਹ ਉਚਾਰੀਆਂ, ਸੱਦ ਲੀਤੇ ਟਾਂਗੇ ਅਤੇ ਨਾਲ ਲਾਰੀਆਂ
ਲੱਦ ਲੱਦ ਜ਼ਖਮੀਂ ਸਿੰਘਾਂ ਨੂੰ ਪਜਾਰਿਆ, ਲੈ ਗਏ ਨੇ ਸ਼ੈਹਰ ਵੱਲ ਵੇ ਵਿਚਾਰਿਆ

{ ਮਾਰ ਕੁਟਾਈ ਦੇ ਪਿਛੋਂ ਇਕ ਅੰਗ੍ਰੇਜ਼ ਅਫ਼ਸਰ ਨੇ
ਸਰਦਾਰ ਗੁਪਾਲ ਸਿੰਘ ਜੀ ਭਾਗੋ ਵਾਲੀਏ ਨੂੰ ਆਖਣਾ }

ਜ਼ਾਲਮ ਕਸਾਈ ਕਰ ਮਾਰ ਤੇ ਕੁਟਾਈ ਸਗੋਂ ਖੁਸ਼ੀ ਹੈ ਮਨਾਈ ਅਗੋਂ ਸ਼ਰਮ ਨਹੀਂ ਖਾਂਵਦਾ
ਕੈਪਟਨ ਗੁਪਾਲ ਸਿੰਘ ਖੜਾ ਭਾਗੋ ਵਾਲੀਆ ਸੀ ਤਿਸਨੂੰ ਨਿਹਾਰ ਕਰ ਅਗੋਂ ਹੈ ਸੁਣਾਂਵਦਾ
ਦੇਖੋ ਸਰਦਾਰ ਜੀ ਏ ਜੋਇ ਕੁਝ ਹੋਂਵਦਾ ਹੈ ਖੜਾ ਹੋਕੇ ਸਭ ਕੁਛ ਆਪ ਤੂੰ ਕਰਾਂਵਦਾ
ਪੰਥਏ ਅਕਾਲੀਆਂ ਦਾ ਸਾਰਾ ਹੀ ਬਿਸ਼ਨ ਸਿੰਘਾ ਤੇਰੇ ਜੇਹਾ ਵਡਿਆਂ ਦਾ ਹੁਕਮ ਕਮਾਂਵਦਾ

[ਭਾਗੋਵਾਲੀਏ ਵੱਲੋਂ ਉਤਰ]

ਬੋਲੇ ਸਰਦਾਰ ਅਗੋਂ ਹੋਕੇ ਹੁਸ਼ਿਆਰ ਸੁਣੋ ਸਚ ਸਰਕਾਰ ਮੈਂਹਾਂ ਆਪ ਨੂੰ ਬਤਾਂਵਦਾ
ਕੀ ਕਰ ਸਕਦੇ ਹਾਂ ਅਸੀਂ ਸਰਕਾਰੀ ਜਨ ਸਾਨੂੰ ਕੌਣ ਮੰਨਦਾ ਤੇ ਹੁਕਮ ਵਜਾਂਵਦਾ
ਜੋਇ ਕੁਝ ਕਰਦੇ ਤੇ ਹੋਂਵਦਾ ਤੇ ਵੇਖਦੇ ਹੋ ਖਿਨਾਂ ਸ਼ਾਹੀ ਨੌਕਰਾਂ ਦੇ ਕੇਹੜਾ ਹੈ ਕਰਾਂਵਦਾ
ਉਡਵੈਰ ਅਸਾਂ ਖੁਦ ਦੇਖਿਆ ਬਿਸ਼ਨ ਸਿੰਘਾ ਆਪਣੀ ਓਹ ਮਰਜੀ ਸੀ ਖੁਦ ਵੀ ਚਲਾਂਵਦਾ
ਦੇਖੋ ਮੈਕਲੈਗਨ ਮੀਨਾਰਡ ਦੇ ਹਥਾਂ ਵਿਚ ਓਹੋ ਕਾਠ ਪੁਤਲੀ ਦੀ ਤਰਾਂ ਹੈ ਨਚਾਂਵਦਾ
ਕਰਦੇ ਵਧੀਕੀਆਂ ਅਪਾਰ ਹੋ ਅਕਾਲੀਆਂ ਤੇ ਫੇਰ ਸਰਦਾਰ ਉਸ ਤਾਂਈਂ ਹੈ ਸੁਣਾਂਵਦਾ
ਆਪਦਾ ਮਨੋਰਥ ਜੇ ਰੋਕਣਾਂ ਅਕਾਲੀਆਂ ਨੂੰ ਮਾਰ ਤੋਂ ਬਗੈਰ ਅਟਕਾਵਣਾ ਤੂੰ ਚਾਂਹਵਦਾ
ਬੰਨ੍ਹ ਬੰਨ੍ਹ ਸਾਰਿਆਂ ਅਕਾਲੀਆਂ ਨੂੰ ਵਾਰੋ ਵਾਰ ਵਾਪਸ ਸ਼ੈਹਰ ਵਲ ਜੇਲ੍ਹਾਂ ਨੂੰ ਪੁਚਾਂਵਦਾ

ਸੁਣੋਂ ਆਪ ਸਾਹਿਬ ਜੀ ਅੱਖਾਂ ਨੂੰ ਉਤਾਹਾਂ ਕਰ ਫੇਰ ਸਰਦਾਰ ਅਗੋਂ ਬੋਲਕੇ ਅਲਾਂਵਦਾ
ਆਪ ਲਈ ਲੜਦਾ ਹਮੇਸ਼ ਰਿਹਾ ਜੰਗਾਂ ਵਿਚ ਓਹੋ ਏ ਖਾਲਸਾ ਅਕਾਲੀ ਹੈ ਕਹਾਂਵਦਾ
ਅਜ ਜਿਨੂੰ ਮਾਰਿਆ ਹੈ ਤੁਸਾਂ ਨਾਲ ਡੰਡਿਆਂ ਦੇ ਓਹੋ ਰਿਹਾ ਆਪਨੂੰ ਹੈ ਜਰਮਨੋਂ ਬਚਾਂਵਦਾ
ਓਨੂੰ ਸਮਝਾਵਾਂ ਤੇ ਸੁਣਾਵਾਂ ਕੀ ਬਿਸ਼ਨ ਸਿੰਘਾ ਜੇਹੜਾ ਹੋ ਅਕ੍ਰਿਤਘਣ ਆਪ ਹੋ ਜਾਂਵਦਾ

{ ਹੇਠ ਲਿਖੀ ਕਵਿਤਾ ਕਰਤਾਰ ਸਿੰਘ ਵਿਦਯਾਰਥੀ ਦਸਵੀਂ ਜਮਾਤ ਖਾਲਸਾ ਕਾਲਜ ਅੰਮ੍ਰਿਤਸਰ ਦੀ ਹੈ }

ਸਨਿਚਰਵਾਰ ੨ ਸਤੰਬਰ ੧੯੨੨

ਅਕਾਲੀ ਜੱਥਾ ਲਾਹੌਰ

[ਲਾਹੌਰ ਦੇ ਜਥੇ ਦੇ ਸਰਦਾਰ ਟਹਿਲ ਸਿੰਘ ਤੇ ਜੀਵਨ ਸਿੰਘ ਦੀ ਵਿਚਾਰ]

ਟੈਹਲ ਸਿੰਘ ਅਤੇ ਜੀਵਣ ਸਿੰਘ ਜਥੇਦਾਰ ਦਿਲ ਮੇਂ ਕਰਨ ਵਿਚਾਰ ਪਿਆਰੇ
ਆਈ ਰੁਤ ਹੈ ਹੁਣ ਸ਼ਹੀਦੀਆਂ ਦੀ ਕੱਮਰਾਂ ਕੱਸਕੇ ਹੋਵੋ ਤਿਆਰ ਪਿਆਰੇ
ਬਾਗ ਗੁਰੂ ਦੇ ਵਿਚ ਜੋ ਸਿੰਘ ਜਾਂਦੇ ਜ਼ਾਲਮ ਉਨਾ ਨੂੰ ਰਹੇ ਨੇ ਮਾਰ ਪਿਆਰੇ
ਤੂੰ ਵੀ ਉਠ ਖਾਂ ਹੁਣ ਕਰਤਾਰ ਸਿੰਘਾ ਨਾਂ ਤੂੰ ਸੁਤਿਆਂ ਵਕਤ ਗੁਜ਼ਾਰ ਪਿਆਰੇ

[ਜੱਥੇ ਨੂੰ ਅੱਕਠਾ ਕਰਨਾ]

ਆਪਣੇ ਜੱਥੇ ਦੇ ਵੀਰਾਂ ਅਕਾਲੀਆਂ ਨੂੰ ਝਟ ਆਪਣੇ ਪਾਸ ਮੰਗਾਂਵਦੇ ਨੇ
ਪਿੰਡ ਜਿਨਾਂ ਦੇ ਸੀ ਕੁਛ ਫਾਸਲੇ ਤੇ ਉਨਾਂ ਤਾਈਂ ਲਿਖ ਚਿਠੀਆਂ ਪਾਂਵਦੇ ਨੇ
ਸਿੰਘਾਂ ਝੱਟ ਹੀ ਹੁਕਮ ਨੂੰ ਮੱਨ ਲੀਤਾ ਜਥੇਦਾਰ ਜੋ ਮੂੰਹੋਂ ਫੁਰਮਾਂਵਦੇ ਨੇ
ਸਾਰੇ ਹੋ ਅੱਕਠੇ ਕਰਤਾਰ ਸਿੰਘਾ ਇੱਕ ਭਾਰੀ ਦੀਵਾਨ ਸਜਾਂਵਦੇ ਨੇ

[ਜਥੇਦਾਰ ਨੇ ਸਿੰਘਾਂ ਨੂੰ ਕਹਿਣਾ]

ਵੀਰੋ ਮੇਰਿਓ ਸੋਹਣਿਓ ਪਿਆਰਿਓ ਓਏ ਸਹੀ ਗੱਲ ਮੈਂ ਆਖ ਸੁਣਾਂਵਦਾ ਹਾਂ
ਜੇਹੜੀ ਸਾਡਿਆਂ ਵੀਰਾਂ ਦੇ ਨਾਲ ਹੁੰਦੀ ਸਾਰੀ ਆਪ ਨੂੰ ਹੁਣ ਬਤਾਂਵਦਾ ਹਾਂ
ਭਾਣਾ ਗੁਰੂ ਦੇ ਬਾਗ ਵਿਚ ਵਰਤਦਾ ਜੋ ਫੋਟੋ ਓਸ ਦੀ ਖਿਚ ਦਖਾਂਵਦਾ ਹਾਂ
ਕਾਰਨ ਦਸਾਂ ਮੈਂ ਸਾਰੇ ਕਰਤਾਰ ਸਿੰਘਾ ਜਿਸ ਲਈ ਤੁਹਾਨੂੰ ਬਲਾਂਵਦਾ ਹਾਂ

ਤਥਾ—ਕਬਿੱਤ

ਗੁਰੂ ਜੀ ਦੇ ਬਾਗ ਵਿਚ ਸਿੰਘ ਬੜੇ ਹੋਣ ਜਿੱਚ ਸਹੀ ਫੋਟੋ ਖਿੱਚ ਮੈਂ ਹਾਂ ਆਪ ਨੂੰ ਸੁਨਾਂਵਦਾ
ਪੁਲਸ ਅਪਾਰ ਖੜੀ ਤਿਆਰ ਬਰਤਿਆਰ ਰਹੀ ਸਿੰਘਾਂ ਤਾਈਂ ਮਾਰ ਸੱਚੀ ਗੱਲ ਮੈਂ ਬਤਾਂਵਦਾ
ਪੁਲਸ ਦਾ ਮਾਈ ਬਾਪ ਬੀਟੀ ਖੜਾ ਉਥੇ ਆਪ ਕਰੇ ਭੜਾ ਮਾਨੋਂ ਪਾਪ ਸਿੰਘਾਂ ਨੂੰ ਦੁਖਾਂਵਦਾ
ਹੋਵੋ ਤਿਆਰ ਬਰਤਿਆਰ ਵੇਲਾ ਸੋਣ ਦਾ ਨਾਂ ਯਾਰ ਕਹੇ ਸਿੰਘ ਕਰਤਾਰ ਦੁਖਦੇਖਿਆ ਨ ਜਾਂਵਦਾ

{ ਹੇਠਲਿਖੀ ਕਵਿਤਾ ਭਾਈ ਪੂਰਨਸਿੰਘਜੀ ੧ ਈ:ਅ੦ ਵਿਦਯਾਰਥੀਖਾਲਸਾ ਕਾਲਜ
ਸ੍ਰੀ ਅੰਮ੍ਰਿਤਸਰਜੀ ਦੇ 'ਪ੍ਰਸਿਧ ਰਾਗੀ' ਰਾਜਾ ਸਾਂਸੀ ਨਿਵਾਸੀ ਦੀ ਹੈ }

ਬੀਰ ਕੌਮ ਐ ਖਾਲਸਾ ਸੁਣੀ ਦੀ ਸੈਂ ਅੱਜ ਠੀਕ ਪ੍ਰਤਖ ਵਿਖਾ ਦਿਤਾ
ਤੇਰੇ ਕਾਰਨਾਮੇ ਏਸ ਕਾਲ ਲੰਮੇ ਲੋਕਾਂ ਦਿਲਾਂ ਤੋਂ ਹਾਲ ਭੁਲਾ ਦਿਤਾ
ਕਸ਼ਟ ਸਹਿਕੇ ਨਿਜ ਸਰੀਰ ਉਤੇ ਮੋਈਆਂ ਰੂਹਾਂ ਨੂੰ ਅੱਜ ਜਵਾ ਦਿਤਾ
ਹਿਰਦੇ ਸਖਤ ਤੋਂ ਸਖਤ ਕਠੋਰ ਜੇਹੜੇ ਅੱਜ ਉਨ੍ਹਾਂ ਦਾ ਦਿਲ ਹਿਲਾ ਦਿਤਾ
ਬੀਟੀ ਜਿਹਾਂ ਦੀ ਮਾਰ ਤੇ ਸਖਤੀਆਂ ਨੇ ਸ਼ੇਰਾਂ ਸੁਤਿਆਂ ਤਾਈਂ ਜਗਾ ਦਿਤਾ
ਖਾਦੀ ਮਾਰ ਵੀ ਸੂਰਿਆਂ ਏਹੋ ਜੇਹੀ ਨਾਲ ਜ਼ਿਮੀਂ ਅਸਮਾਨ ਕੰਬਾ ਦਿਤਾ

---o---

ਐ ਜੰਗ ਜੂ ਕੌਮ ਬਹਾਦਰੇ ਨੀ ਤੇਰਾ ਕੰਮ ਹਰ ਥਾਂ ਸੁਧਾਰ ਕਰਨਾ
ਗੁਰੂ ਧਾਮ ਦੇ ਵਿਚ ਕੁਕਰਮ ਹੋਵਨ ਦੂਰ ਕਰਕੇ ਧਰਮ ਪ੍ਰਚਾਰ ਕਰਨਾ
ਬੀੜਾ ਚੁਕ ਲਿਆ ਜਿਸ ਕੰਮਦਾ ਤੂੰ ਓਸ ਕੰਮ ਨੂੰ ਨਾਲ ਪਿਆਰ ਕਰਨਾ
ਪਿਛਾਂ ਓਸ ਤੋਂ ਮੂਲ ਨਾਂ ਹਟਣਾਂ ਏ ਭਾਵੇਂ ਪਵੇ ਸਿਰ ਤੇ ਜਾਂਨ ਵਾਰ ਮਰਨਾ
ਤਦੋਂ ਖਾਵਣਾਂ ਤੇ ਤਦੋਂ ਪੀਵਣਾਂ ਤੂੰ ਪੂਰਾ ਆਪਣਾ ਜਦ ਇਕਰਾਰ ਕਰਨਾ
ਤੇਰੇ ਹੌਸਲੇ ਤੋਂ ਕੁਰਬਾਨ ਜਾਈਏ ਏਨਾਂ ਦੁਖ ਕਲੇਸ਼ ਲਗਾਤਾਰ ਜਰਨਾ

---o---

ਬਾਗ ਗੁਰੂ ਦਾ ਇਹ ਅਸਥਾਨ ਸੋਹਣਾ ਅਰਜਨ ਗੁਰੂ ਜੀ ਆਪ ਵਸਾ ਗਏ
ਸੀ! ਤਕ ਵੀ ਮੁਖ ਤੋਂ ਨਹੀਂ ਨਿਕਲੀ ਪਾਣੀ ਉਬਲਦੇ ਤਨ ਜਲਾ ਗਏ
ਭਾਵੇਂ ਲਖ ਮੁਸੀਬਤਾਂ ਝਲੀਆਂ ਸੀ ਕੌਲ ਆਪਣਾ ਤੋੜ ਨਿਭਾ ਗਏ
ਨਾਵੇਂ ਪਾਤਸ਼ਾਹ ਇਨ੍ਹਾਂ ਹਿੰਦਵਾਸੀਆਂ ਤੇ ਵਡਾ ਪਰ ਉਪਕਾਰ ਕਮਾ ਗਏ
ਭਾਵੇਂ ਆਪਣਾ ਆਪ ਕੁਰਬਾਨ ਕੀਤਾ ਪਰ ਡੁਬਦਾ ਹਿੰਦ ਬਚਾ ਗਏ

---o---

ਐਹੋ ਜਿਹੇ ਗੁਰੂ ਅਸਥਾਨ ਅੰਦਰ ਵਧ ਰਿਹਾ ਜਦ ਅਤ ਵਿਕਾਰ ਹੈ ਜੀ
ਸਾਡਾ ਫਰਜ਼ ਮੁਸੀਬਤਾਂ ਝਲ ਕਰਕੇ ਲੈਣਾ ਕਰ ਜਰੂਰ ਸੁਧਾਰ ਹੈ ਜੀ
ਐ ਬਹਾਦਰੋ ਕੰਮ ਅਰੰਭਿਆ ਜੋ ਵਧ ਏਸ ਤੋਂ ਹੋਰ ਉਪਕਾਰ ਹੈ ਕੀ
ਤੁਹਾਡਾ ਜੀਵਣਾ ਸਫਲ ਇਸ ਜਗ ਉਤੇ ਹੋਰ ਜੀਵਣੇ ਨੂੰ ਧਿਰਕਾਰ ਹੈ ਜੀ
ਦੁਨੀਆਂ ਵੇਖੇਗੀ ਅੱਖੀਂ ਏ ਹਾਲ ਸਾਰੇ ਬੁਰੀ ਕਾਰ ਜੋ ਕਰਦੀ ਸਰਕਾਰ ਹੈ ਜੀ

ਦਿਨੋਂ ਦਿਨ ਵਧੀਕੀਆਂ ਕਰੇ ਬੀਟੀ ਕਰਦਾ ਖਾਲਸੇ ਤੇ ਮਾਰੋ ਮਾਰ ਹੈ ਜੀ
ਅੰਤ ਪਾਪ ਤੇ ਜ਼ੁਲਮ ਦਾ ਨਾਸ ਹੋਣਾ ਹੋਣਾ ਧਰਮ ਦਾ ਅੰਤ ਜੈਕਾਰ ਹੈ ਜੀ
ਦੋ ਸਤੰਬਰੇ ਦਾ ਅਖੀਂ ਹਾਲ ਡਿਠਾ ਅਗੇ ਖੋਲ੍ਹਿਆ ਕਰ ਵਿਸਤਾਰ ਹੈ ਜੀ
ਪੂਰਾ ਦੇਊ ਸਬੂਤ ਜੋ ਖਾਲਸੇ ਦਾ ਕੌਮੀ ਆਣ ਦੇ ਨਾਲ "ਪਿਆਰ" ਹੈ ਜੀ

--o--

ਦੋਹਰਾ—ਦੋ ਸਤੰਬਰ ਹਾਲ ਦਾ ਕਰਾਂ ਮੈਂ ਖੋਲ ਬਿਆਨ
ਜੋ ਕੁਝ ਅਖੀਂ ਦੇਖਿਆ ਸੁਣਨਾ ਨਾਲ ਧਿਆਨ

ਨਾਨਕ ਗੁਰੂ ਤੇ ਪੰਥ ਦੇ ਵਾਲੀਆ ਵੇ ਸਾਡੇ ਹਾਲ ਦਾਂ ਤੂੰ ਜਾਣੀ ਜਾਨ ਬਾਬਾ
ਹਥ ਜੋੜਕੇ ਤੇਰੇ ਹਜ਼ੂਰ ਆਏ ਸਾਡੀ ਬੇਨਤੀ ਕਰੀਂ ਪ੍ਰਵਾਨ ਬਾਬਾ
ਲੈਕੇ ਆਸਰਾ ਵੇ ਤੇਰੇ ਨਾਮ ਵਾਲਾ ਚੜ੍ਹਨਾ ਗੁਰੂ ਕੇ ਬਾਗ ਅਸਥਾਨ ਬਾਬਾ
ਬਖਸ਼ੀਂ ਬਲ ਤੂੰ ਸਹਿਣ ਦਾ ਪੁੱਤ੍ਰਾਂ ਨੂੰ ਕਰਨ ਸਾਹਮਣਾ ਦੁਖ ਮਹਾਨ ਬਾਬਾ
ਪੈਰ ਪਿਛਾਂਹ ਨਾ ਮੂਲ ਹਟਾਵਣਾ ਏ ਚੰਗਾ ਦੇਵਣੇ ਉਥੇ ਪ੍ਰਾਣ ਬਾਬਾ
ਨੇਜ਼ਾ ਮਾਰਕੇ ਸੀਨੇ ਨੂੰ ਵਿੰਨ੍ਹ ਦੇਵੇ ਗੋਲੀ ਮਾਰਕੇ ਕਢ ਲਏ ਜਾਨ ਬਾਬਾ
ਅਗੋਂ ਹਥ ਨਾ ਅਸਾਂ ਉਠਾਵਣਾ ਏਂ ਸ਼ਾਂਤਮਈ ਦਾ ਬਖਸ਼ਣਾ ਦਾਨ ਬਾਬਾ
ਭਾਵੇਂ ਵਾਂਗ ਪਤੰਗਿਆ ਜਾ ਮਰੀਏ ਤੇਰੀ ਰਹਿ ਜਾਏ ਆਨ ਸ਼ਾਨ ਬਾਬਾ
ਤੁਸਾਂ ਜ਼ੁਲਮ ਅਧਰਮ ਦਾ ਨਾਸ ਕਰਨਾ ਤੇਰੇ ਝੁਲਦੇ ਰਹਿਣ ਨਿਸ਼ਾਨ ਬਾਬਾ
ਸਾਡਾ ਆ ਗਿਆ ਵਕਤ ਪ੍ਰੀਖਿਆ ਦਾ ਪਾਸ ਕਰੀਂ ਤੂੰ ਇਸ ਇਮਤਿਹਾਨ ਬਾਬਾ
ਦੁਖ ਸਹਿਣ ਤੋਂ ਚਿਤ ਨਾਂ ਡੋਲ ਜਾਵੇ ਭਾਵੇਂ ਲਖ ਪਏ ਜ਼ੋਰ ਲਗਾਨ ਬਾਬਾ
ਸਿਖੀ ਸਿਦਕ ਸਦਾ ਨਿਭੇ ਨਾਲ ਸਾਡਾ ਜਾਨ ਕਢਕੇ ਮਾਰ ਮੁਕਾਨ ਬਾਬਾ
ਜਾਨ ਜਾਏ ਪ੍ਰਵਾਹ ਨਾ "ਪਿਆਰ" ਜਾਵੇ ਤੇਰਾ ਬਾਗ ਨਾ ਹੋਏ ਵੈਰਾਨ ਬਾਬਾ

--o--

[ਕੋਰੜਾ ਛੰਦ]

ਬੀਤਿਆ ਜੋ ਅਗੇ ਸੋ ਸੁਣਾਵਾਂ ਹਾਲ ਜੀ, ਤੁਸਾਂ ਸੁਣ ਲੈਣਾ ਹਿੱਤ ਚਿੱਤ ਨਾਲ ਜੀ।
ਕਰ ਅਰਦਾਸ ਹੋ ਗਏ ਤਿਆਰ ਜੀ, ਸੀਸ ਪੁਰ ਸਜਦੇ ਫੁਲਾਂ ਦੇ ਹਾਰ ਜੀ।
ਚਾਰ ਚਾਰ ਸਿੰਘਾਂ ਦੀ ਬਣਾਕੇ ਲੈਣ ਜੀ, ਨਾਮ ਲੈਕੇ ਸਤਿਗੁਰ ਦਾ ਟੁਰ ਪੈਣ ਜੀ।
ਟੈਹਲ ਸਿੰਘ ਬੀਰ ਸੋਹਣਾ ਜਥੇਦਾਰ ਸੀ, ਦੂਜਾ ਸਿੰਘ ਜੀਵਣ ਜੀ ਸ੍ਰਦਾਰ ਸੀ।

ਮਥਾ ਟੇਕ ਤਖਤ ਸ੍ਰੀ ਅਕਾਲ ਜੀ, ਚਲੇ ਗੁਰੂ ਬਾਗ ਨੂੰ ਗੁਰੂ ਦੇ ਲਾਲ ਜੀ।
ਲੰਮੀ ਸੋਹਣੀ ਪਾਲ ਵਿਚ ਤੁਰੀ ਜਾਂਵਦੇ, ਮੁਖੋਂ ਬਾਰ ਬਾਰ ਏਹੋ ਸ਼ਬਦ ਗਾਂਵਦੇ।
ਸਤਿਨਾਮ ਸਤਿਨਾਮ ਸਤਿਨਾਮ ਜੀ, ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ।
ਲੋਕ ਨੇ ਦੁਕਾਨਾਂ ਵਿਚ ਖੜ ਜਾਂਵਦੇ, ਸੋਗ ਨਾਲ ਖਾਲਸੇ ਦਾ ਦਰਸ ਪਾਂਵਦੇ।
ਸੋਹਣੀ ਕ੍ਰਿਪਾਨ ਅਤੇ ਕਾਲੀ ਬਰਦੀ, ਦੇਖਕੇ ਤੇ ਦਿਲ ਵਿਚ ਜੋਸ਼ ਭਰਦੀ।
ਜੇੜ੍ਹੇ ਜੇੜ੍ਹੇ ਰਾਸਤੇ ਦੇ ਵਿਚ ਮਿਲਦੇ, ਕਾਲਜੇ ਉਨ੍ਹਾਂ ਦੇ ਵੀ ਜਰੂਰ ਹਿਲਦੇ।
ਮੁਖੋਂ ਅਸ਼ ਅਸ਼ ਅਤੇ ਕਹਿਣ ਰਾਮ ਜੀ, ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ।
ਕਹਿਣ ਸਾਡੇ ਵੀਰ ਗੁਰੂ ਬਾਗ ਜਾਣਗੇ, ਬੀਟੀ ਕੋਲ ਜਾਕੇ ਓਥੇ ਮਾਰ ਖਾਣਗੇ।
ਜਾਕੇ ਇਨ੍ਹਾਂ ਜ਼ਖਮੀ ਹੁਣੇ ਹੋ ਜਾਵਣਾ, ਲਾਰੀਆਂ ਦੇ ਵਿਚ ਹੁਣੇ ਲੱਦੇ ਆਵਣਾ।
ਅਸ਼ ਅਸ਼ ਕਰ ਹੌਂਸਲੇ ਨੂੰ ਤਕਦੇ, ਮੂੰਹੋਂ ਕਹਿਣ ਕਰ ਕੁਝ ਵੀ ਨ ਸਕਦੇ।
ਅਖੀਂ ਵਿਚੋਂ ਨੀਰ ਜਾਵੇ ਖਾਸ ਆਮ ਜੀ, ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ।
ਅਗੇ ਅਗੇ ਖਾਲਸੇ ਨੇ ਚਾਲੇ ਪਾਂਵਦੇ, ਲਾਰੀ ਵਾਲੇ ਲਾਰੀਆਂ ਦੁੜਾਈ ਆਂਵਦੇ।
ਲਾਰੀਆਂ ਦੇ ਵਿਚ ਆਉਣ ਸੇਵਾਦਾਰ ਜੀ, ਵਡੇ ਵਡੇ ਲੀਡਰ ਤੇ ਡਾਕਦਾਰ ਜੀ।
ਮਲ੍ਹਮ ਪੱਟੀ ਦੁੱਧ ਪਾਣੀ ਨਾਲ ਰਖਦੇ, ਜਿਸ ਵੇਲੇ ਲੋੜ ਪਵੇ ਵਰਤ ਸਕਦੇ।
ਫੱਟੜਾਂ ਦਾ ਪੂਰਾ ਕੀਤਾ ਇੰਤਜ਼ਾਮ ਜੀ, ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ।
ਲੇਕੇ ਰਾਜੇ ਸਾਂਸੀ ਤਕ ਖਾਸ ਸ਼ਹਿਰ ਤੋਂ, ਖੜੇ ਲੋਕ ਸੜਕ ਹੋਏ ਦੁ ਪਹਿਰ ਤੋਂ।
ਦਿਲ ਵਿਚ ਦੇਖਣੇ ਦੀ ਰਖੀ ਆਸ ਜੀ, ਜਦੋਂ ਗੁਰੂ ਖਾਲਸਾ ਜੀ ਆਊ ਪਾਸਜੀ।
ਜੇਹੜੇ ਜੇਹੜੇ ਖਾਲਸੇ ਦਾ ਦਰਸ ਪਾਂਵਦੇ, ਸ਼ੋਕ ਨਾਲ ਓਸੇ ਵੇਲੇ ਗਸ਼ ਖਾਂਵਦੇ।
ਦਿਲ ਕਿਸੇ ਵਿਚ ਨਾ ਆਵੇ ਆਰਾਮ ਜੀ, ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ।
ਕਈ ਨਾਲ ਹੋਰ ਕਰਦੇ ਤਿਆਰੀਆਂ, ਜਿਨਾਂ ਗੁਰੂ ਪੰਥ ਉਤੋਂ ਜਾਨਾਂ ਵਾਰੀਆਂ।
ਜਿਨਾਂ ਦਿਲਾਂ ਵਿਚ ਲਗਾ ਦਰਦ ਤੀਰ ਜੀ, ਚਲਕੇ ਸਹਾਰੇ ਦੁਖੜੇ ਸ੍ਰੀਰ ਜੀ।
ਜੋਸ਼ ਤੇ ਪਿਆਰ ਨਾਲ ਸਾਥ ਜਾਂਵਦੇ, ਅਗੇ ਜਾਕੇ ਓਨ੍ਹਾਂ ਨਾਲ ਮਾਰ ਖਾਂਵਦੇ।
ਛਡਕੇ ਘਰਾਂ ਦੇ ਜਿੰਨੇ ਕੁਲ ਕਾਮ ਜੀ, ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ।
ਜਦਗੁਰੂ ਖਾਲਸਾਜੀ ਸ਼ਹਿਰਲੰਘਿਆ, ਲਗਨਸ਼ਹੀਦੀ ਵਿਚਹੋਇਆ ਰੰਗਿਆ।
ਅਜ ਹੋਰ ਕਾਇਰਾਂ ਨੇ ਕੰਮ ਕੀਤੜਾ, ਮੋਰਚਾ ਕਚੈਹਿਰੀ ਉਤੋਂ ਬਦਲ ਲੀਤੜਾ।
ਸੂਰਮੇ ਕਚੈਹਰੀ ਲੰਘ ਅਗਾਂ ਚਲਦੇ, ਟੁਰੀ ਜਾਨ ਨਾਲ ਜੋਸ਼ ਮਹਾਂ ਬਲਦੇ।

ਪਹੁੰਚਦੇ ਨੇ ਰਾਜੇ ਸਾਂਸੀ ਦੇ ਗਰਾਮ ਜੀ, ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ।
ਸੁਣਕੇ ਜੈਕਾਰਾ ਲੋਕ ਬਾਹਰ ਭਜਦੇ, ਕੰਮਕਾਰ ਤਾਂਈਂ ਓਸੇ ਵੇਲੇ ਤਜਦੇ।
ਚੜ੍ਹੀਆਂਨੇਖਾਲਸੇਦੇਮੁਖਲਾਲੀਆਂ,ਚੜ੍ਹਆਈਆਂਸੌਣਦੀਆਂਘਟਾਂਕਾਲੀਆਂ।
ਚੌਹੀਂਪਾਸੀਂਸੰਗਤਾਂਨੇਨਜ਼ਰਆਂਦੀਆਂ,ਝੁਕਕੇਅਕਾਲੀਆਂਦਾਦਰਸਪਾਂਦੀਆਂ।
ਏਹੋ ਵਾਕ ਪੜ੍ਹਦੇ ਨੇ ਸਿਖ ਆਮ ਜੀ, ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ।
ਲੈਕੇ ਜੋ ਕਸਾਈ ਬੀਟੀ ਨਾਲ ਦਲ ਜੀ, ਆਏ ਅਸਵਾਰ ਰਾਜੇ ਸਾਂਸੀ ਵਲਜੀ।
ਬੀਟੀ ਲਈ ਆਵੇ ਹਥ ਵਿਚ ਛੜੀਆਂ,ਹੋਰਨਾਂ ਨੇ ਹਥ ਵਿਚ ਡਾਂਗਾਂ ਫੜੀਆਂ।
ਜਦੋਂਓਸਵੇਖੀਆਂਸੀਪੱਗਾਂਕਾਲੀਆਂ,ਮੂੰਹਤੇਚੜ੍ਹਗਈਆਂਗੁਸੇਨਾਲਲਾਲੀਆਂ।
ਮੋੜੀ ਏਨ੍ਹਾਂ ਵਲ ਘੋੜੇ ਦੀ ਲਗਾਮ ਜੀ, ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ।
ਕਹਿਣਲਗਾਬੀਟੀਨਹੀਂ ਅਗੇਆਂਵਣਾ, ਇਕਵੀਨਾਪੈਰਤੁਸਾਂ ਅਗ੍ਹਾਂ ਪਾਂਵਣਾ।
ਕਰਨਾ ਨਾ ਕੰਮ ਵਿਚ ਆਣ ਜੋਸ਼ ਜੀ, ਕਰੋ ਕੁਝ ਅਕਲ ਸਮਝ ਹੋਸ਼ ਜੀ।
ਏਥੋਂ ਹੁਣ ਤੁਸੀਂ ਜੇ ਅਗ੍ਹਾਂ ਆਓਗੇ, ਯਾਦ ਰਖੋ ਫੇਰ ਤੁਸੀ ਪਛੋਤਾਓਗੇ।
ਮਾਰ ਮਾਰ ਕੇ ਮੈਂ ਲਾਹ ਦੇਊਂ ਚਾਮ ਜੀ,ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ।
ਜੇਹੜਾ ਅਗੇ ਆਊ ਓਨੂੰ ਦਬਾ ਕੁਟਨਾ, ਮਾਰ ਮਾਰ ਕਰਕੇ ਪਰਾਂ ਨੂੰ ਸੁਟਨਾ।
ਜ਼ਿੰਦਗੀ ਜੇ ਵਿਚ ਤੁਸਾਂ ਸੁਖ ਪਾਂਵਣਾ, ਆਖੇ ਲਗ ਮੇਰੇ ਪਿਛਾਂ ਮੁੜ ਜਾਂਵਣਾ।
ਅਗ੍ਹਾਂ ਨੂੰ ਜੇ ਤੁਸੀ ਆਂਵਣਾ ਜਰੂਰ ਜੀ, ਦੇਖੋ ਫੇਰ ਮਾਰਕੇ ਕਰਾਂਗੇ ਚੂਰ ਜੀ।
ਕੀਤੀ ਇਹ ਕਸਾਈ ਬੀਟੀ ਨੇਕਲਾਮਜੀ,ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ।
ਮਾਰ ਖਾਣੀ ਪਿਛੇ ਨਹੀਂ ਪੈਰਪਾਂਵਣਾ, ਅਸਾਂ ਗੁਰੂ ਬਾਗ ਨੂੰ ਜਰੂਰ ਜਾਂਵਣਾ।
ਇਹ ਸੁਣ ਸੰਗਤਾਂ ਨੇ ਉਠ ਬੋਲੀਆਂ, ਪਾਂਬਰ ਦੇ ਡਰ ਨਾਲ਼ ਨਹੀਂ ਡੋਲੀਆਂ।
ਸਾਨੂੰ ਕੀ ਪਿਆ ਤੂੰ ਏਥੇ ਹੈ ਡਰਾਵਣਾਂ, ਅਸੀ ਹਾਂ ਨਿਡਰ ਨਹੀਂ ਖੌਫ ਖਾਵਣਾਂ।
ਮਾਰ ਗੋਲੀ ਤਲੀ ਪੁਰੇ ਧਰੀ ਜਾਨ ਹੈ,ਪੰਥ ਦੀ ਅਸਾਂ ਨੇ ਰਖਣੀ ਵੀ ਸ਼ਾਨ ਹੈ।
ਹੁਕਮ ਉਨ੍ਹਾਂ ਦਾ ਅਸਾਂ ਹੈ ਕਮਾਂਵਣਾ, ਅਸਾਂ ਗੁਰੂ ਬਾਗ ਨੂੰ ਜਰੂਰ ਜਾਂਵਣਾ।
ਅਸਾਂ ਅਗੋਂ ਨਹੀਂ ਜਰਾ ਹਥ ਚੁਕਣਾ, ਮਾਰ ਖਾਣ ਵਾਸਤੇ ਅਗ੍ਹਾਂਨੂੰ ਝੁਕਣਾਂ।
ਸਾਨੂੰ ਕੋਈ ਜੀਵਣੇ ਦੀ ਨਹੀਂ ਲੋੜਹੈ,ਗੁਰੂਬਾਗ ਜਾਂਦਿਆਂ ਜੇ ਕੋਈ ਮੋੜਹੈ।
ਯਾਦ ਰਖ ਪਿਛਾ ਨਹੀਂ ਪੈਰ ਚੁੱਕਣਾ,ਅਸੀ ਅਗਾਂ ਜਾਣ ਤੋਂ ਨਹੀਂ ਜੂ ਰੁੱਕਣਾ।
ਕਾਇਰਾਂ ਦਾ ਕੰਮ ਪਿਛੇ ਮੁੜ ਜਾਂਵਣਾ, ਅਸਾਂ ਗੁਰੂ ਬਾਗ ਨੂੰ ਜਰੂਰ ਜਾਂਵਣਾ।

ਸਾਡੇ ਗੁਰੂ ਪੰਜਵੇਂ ਦਾ ਇਹ ਸਥਾਨ ਹੈ,ਸਾਡੇਪਿਛੇਜਿਨਾਂਨਿਜ ਦਿਤੀ ਜਾਨਹੈ।
ਪਾਣੀ ਦੀਆਂ ਦੇਗਾਂਵਿਚਬੈਠਤੱਤੀਆਂ,ਸੜਦੀਆਂਰੇਤਾਂ ਤਨ ਤੇ ਸੀ ਘਤੀਆਂ।
ਭਾਵੇਂ ਏਨੇ ਦੁਖੜੇ ਕਲੇਸ਼ ਸਹਿ ਗਏ,ਫੇਰਵੀ ਬਚਨ ਮੁਖੋਂ ਇਹ ਕਹਿ ਗਏ।
ਅਸਾਂ ਭਾਣਾ ਮਿਠਾ ਕਰਕੇ ਮਨਾਵਣਾ, ਅਸਾਂ ਗੁਰੂ ਬਾਗ ਨੂੰ ਜਰੂਰ ਜਾਂਵਣਾ।
ਦਸਵੇਂ ਗੁਰੂ ਦੇ ਪੁਤ ਹਾਂ ਅਖਾਂਵਦੇ, ਹੋਰ ਕਿਸੇ ਕੋਲੋਂ ਨਹੀਂ ਖੌਫ ਖਾਂਵਦੇ।
ਸਾਨੂੰ ਘਾਲ ਘਾਲਣਾ ਉਸੇ ਨਿਵਾਜਿਆ, ਕਰ ਕੁਰਬਾਣ ਸਰਬੰਸ ਸਾਜਿਆ।
ਕੇਹੜਾ ਮੁਖ ਲੈਕੇ ਗੁਰੂ ਕੋਲ ਜਾਵੀਏ,ਜੇਕਰ ਅਸੀਂ ਪਿਛਾਂ ਹੁਣ ਮੁੜ ਜਾਵੀਏ।
ਏਹੋ ਸਾਡੀ ਗਰਜ਼ ਅਸਾਂ ਏਹੀ ਚਾਵਣਾ,ਅਸਾਂ ਗੁਰੂ ਬਾਗ ਨੂੰ ਜਰੂਰ ਜਾਵਣਾ।

ਦੋਹਰਾ—ਬੀਟੀ ਗਲ ਇਹ ਸੁਣਦਿਆਂ ਹੋਇਆ ਲਾਲੋ ਲਾਲ
ਕੀਤੇ ਅਤਿਆਚਾਰ ਜੋ ਅਗੇ ਸੁਣ ਲੋ ਹਾਲ

ਕੋਰੜਾ ਛੰਦ

ਅਗੇ ਦੇਖੋ ਪਾਪੀ ਜੋ ਕੁਝ ਕਰਾਂਵਦਾ, ਵੇਖ ਨਿਰਮਾਨ ਨਹੀਂ ਸ਼ਰਮ ਖਾਂਵਦਾ।
ਗੁਸੇ ਨਾਲ ਭਖਿਆ ਪਿਆ ਤੰਦੂਰ ਹੈ, ਹਛਾ ਗੁਰੂ ਭਾਣਾ ਤੇਰਾ ਮਨਜ਼ੂਰ ਹੈ।
ਵਾਜ ਮਾਰ ਇਕ ਨੂੰ ਬੁਲਾਇਆ ਕੋਲਜੀ,ਕਹਿਣ ਲਗਾ ਤੁਰਤ ਵਜਾਵੋਢੋਲਜੀ।
ਜਦ ਢੋਲ ਵਜਣਾ ਅਰੰਭ ਹੋਗਿਆ,ਬੀਟੀ ਤੇ ਸਪਾਹੀ ਡਾਂਗਾਂ ਲੈ ਖਲੋਗਿਆ।
ਹੁਕਮ ਦਿਤਾ ਸੂ ਝਟਪਟ ਜਾਨ ਜੀ,ਮੀਂਹ ਲਗੇ ਹੁਣ ਡਾਂਗਾਂ ਦਾ ਵਰਾਨ ਜੀ।
ਕੀਤਾ ਮਾਰ ਮਾਰਕੇ ਬੀਰਾਂ ਨੂੰ ਚੂਰ ਹੈ, ਹਛਾ ਗੁਰੂ ਭਾਣਾ ਤੇਰਾ. ਮਨਜ਼ੂਰ ਹੈ।
ਇਕ ਇਕ ਕਰਕੇ ਦਬਾਕੇ ਕੁਟਦੇ, ਭੰਨ ਭੰਨ ਹਡੀਆਂ ਪਰਾਂ ਨੂੰ ਸੁਟਦੇ।
ਜੇਹੜੇ ਗੁਰੂ ਸੂਰਮੇ ਨੂੰ ਘਟ ਵਜੀਆਂ, ਮਾਰ ਖਾਕੇ ਰੂਹਾਂ ਜੋ ਅਜੇ ਨਾ ਰੱਜੀਆਂ।
ਵਾਹ ਵਾਹ ਗੁਰੂ ਖਾਲਸੇ ਦੇ ਜਾਵਾਂ ਸਦਕੇ,ਸਟਾਂ ਖਾਣ ਅਗੇ ਹੋਕੇਵਧ ਵਧਕੇ।
ਪੰਥ ਤੇਰਾ ਦੁਖ ਸਹਿ ਰਿਹਾ ਹਜ਼ੂਰ ਹੈ,ਹਛਾ ਗੁਰੂ ਭਾਣਾ ਤੇਰਾ ਮਨਜ਼ੂਰ ਹੈ।
ਜਥੇਦਾਰ ਟੈਹਲ ਸਿੰਘ ਨੂੰ ਬੁਲਾਲਿਆ,ਮਾਰਕੇ ਚੁਪੇੜ ਭੁੰਜੇ ਲੰਮਾ ਪਾਲਿਆ।
ਮਾਰ ਕੁਟ ਕਰਕੇ ਕੀਤਾ ਬੇਹਾਲ ਜੀ, ਜ਼ਿਮੀਂ ਨਾਲ ਮਾਰੇ ਫੜ ਕੇਸ ਵਾਲਜੀ।
ਜਦ ਮਾਰ ਹੰਟਰਾਂ ਦੀ ਬਸ ਹੋਗਿਆ, ਛਾਤੀ ਉਤੇ ਬੂਟ ਧਰਕੇ ਖਲੋ ਗਿਆ।
ਦੇਖੋ ਭਲਾ ਇਹਦਾ ਏਨਾਂ ਕੀ ਕਸੂਰ ਹੈ, ਹਛਾ ਗੁਰੂ ਭਾਣਾ ਤੇਰਾ ਮਨਜ਼ੂਰ ਹੈ।
ਜਦ ਇਹ ਅਸਹਿ ਹਾਲ ਹੋ ਬੀਤਿਆ, ਕੇਸਾਂ ਲਤੋਂ ਫੜ ਫੜਕੇ ਘਸੀਟਿਆ।

ਕਈਆਂ ਦਿਆਂ ਜ਼ਖ਼ਮਾਂ ਤੋਂ ਖੂਨ ਵਗਿਆ, ਲੋਥਾਂਦੀਆਂਲੋਥਾਂਫਿਰਢੇਰਲਗਿਆ।
ਦੇਖਦੇਜੋ ਕਰਣ ਤ੍ਰਾਹ ਤ੍ਰਾਹ ਲਗਪਏ, ਸਾਰਿਆਂਦੇ ਨੇਤ੍ਰਾਂ ਤੋਂ ਨੀਰ ਵਗ ਪਏ।
ਦੇਖ ਕਲਗੀ ਵਾਲਿਆ ਅਖਾਂ ਦਾ ਨੂਰਜੀ, ਹਛਾ ਗੁਰੂ ਭਾਣਾ ਤੇਰਾਮਨਜ਼ੂਰਜੀ।
ਜੀਵਣ ਮਰਗਿੰਦ ਦੂਜਾ ਜਥੇਦਾਰ ਸੀ, ਬਲ ਦੇ ਵਿਚ ਜੋ ਮਹਾਂ ਅਪਾਰ ਸੀ।
ਏਸਦੇ ਗੁਜ਼ਾਰੀ ਨਹੀਂ ਨਾਲ ਘਟ ਨੇ, ਜਿਥੇ ਆਈ ਉਥੇ ਹੀ ਲਾ ਦਿਤੀ ਸਟਨੇ।
ਗੁਦਾ ਤੇ ਪਤਾਲੂਆਂ ਤੇ ਹੁਜਾਂ ਮਾਰੀਆਂ, ਗੁਝੀਆਂ ਕੁਥਾਂ ਥਾਂ ਨਹੀਂ ਵੀਚਾਰੀਆਂ।
ਸ਼ਾਂਤ ਨਾਲ ਸਹਿ ਪਰ ਰਿਹਾ ਸੂਰ ਹੈ, ਹਛਾ ਗੁਰੂ ਭਾਣਾ ਤੇਰਾ ਮਨਜ਼ੂਰ ਹੈ।
ਨਠੇ ਸਿੰਘਾਂ ਵਲ ਹੁਣ ਸੇਵਾਦਾਰ ਨੇ, ਲਗੇ ਕੰਮ ਕਾਜ ਸਾਰੇ ਡਾਕਦਾਰ ਨੇ।
ਜਿਨਾਂ ਨੂੰ ਨ ਹੋਸ਼ ਪਏ ਸੀ ਬੇਸੁਧ ਜੀ, ਉਨ੍ਹਾਂ ਦੇ ਮੁਖਾਂ ਦੇ ਵਿਚ ਪਾਇਆ ਦੁਧਜੀ।
ਜਿਥੇ ਜਿਥੇ ਜ਼ਖਮ ਸੀਗੇ ਮਲ੍ਹਮ ਲਾਂਵਦੇ, ਚੁਕ ਚੁਕ ਲਾਰੀਆਂ ਦੇ ਵਿਚ ਪਾਂਵਦੇ।
ਅਕਾਲੀਆਂ ਦੇ ਬਾਗ ਲੰਮੇ ਪਾਏ ਪੂਰ ਜੀ, ਹਛਾ ਗੁਰੂ ਭਾਣਾ ਤੇਰਾ ਮਨਜ਼ੂਰ ਜੀ।

ਬੀਬੀ ਲਾਭ ਕੌਰ ਦੀ ਦੁਰਗਤੀ

ਜਦੋਂ ਗੁਰੂ ਖਾਲਸੇ ਨੂੰ ਪੈਂਦੀ ਕੁੱਟ ਸੀ, ਅੰਨੀ ਕਰ ਰਹੇ ਅਸਵਾਰ ਲੁੱਟ ਸੀ।
ਲਾਭ ਕੌਰ ਅਦਲੀ ਵਾਲੇ ਦੇ ਪਿੰਡ ਦੀ, ਰਖੀ ਜਾਵੇ ਸਿਰ ਤੇ ਪਾਣੀ ਦੀ ਟਿੰਡਜੀ।
ਬੀਬੀ ਜੀ ਸਿੰਘਾਂ ਦੇ ਨਾਲ ਦਰਦ ਰਖਦੇ, ਪਾਪੀ ਬੁਰਾ ਭਲਾ ਵੀ ਜ਼ਰਾ ਨ ਤਕਦੇ।
ਕੀਤੀ ਇਨ੍ਹਾਂ ਜ਼ਾਲਮਾਂ ਨੇ ਦੁਰਾਚਾਰ ਹੈ, ਧੰਨ ਗੁਰੂ ਤੇਰਿਆਂ ਸਿਖਾਂ ਦਾ ਪਿਆਰ ਹੈ।
ਦੋ ਜਣਿਆਂ ਦੇ ਉਤੇ ਡੰਡੇ ਵਰਦੇ, ਦੂਜੇ ਕੋਲ ਠਠਾ ਤੇ ਮਖੌਲ ਕਰਦੇ।
ਹਸਦੇ ਤੇ ਕਹਿਣ ਏਸ ਤੀਵੀਂ ਤਾਈਏ, ਸਾਨੂੰ ਏਨੂੰ ਮਾਰਨਾ ਨ ਮੂਲ ਚਾਹੀਏ।
ਏਹ ਕਹਿ ਕਰਕੇ ਦਬਾਕੇ ਕੁਟਿਆ, ਬੀਬੀ ਜੀ ਨੂੰ ਕੇਸਾਂ ਉਤੋਂ ਫੜ ਸੁਟਿਆ।
ਵਖੀਆਂ ਤੇ ਸੀਨੇ ਵਿਚ ਕੀਤੀ ਮਾਰ ਜੀ, ਧੰਨਗੁਰੂਸਿਖਾਂ ਤੇਰਿਆਂ ਦਾ ਪਿਆਰ ਜੀ।
ਪਿਛਲਾ ਜੇ ਅਸੀਂ ਇਤਹਾਸ ਫੋਲੀਏ, ਵਿਚੋਂ ਮਾਈ ਭਾਗੋ ਦੀ ਮਸਾਲ ਟੋਲੀਏ।
ਆਪੋ ਵਿਚ ਐਨ ਇਨਾਂ ਹਾਲ ਮਿਲਦਾ, ਸੁਣਕੇ ਸਰੋਤਿਆ ਦਾ ਦਿਲ ਹਿਲਦਾ।
ਦੋਵੇਂ ਨੇ ਸਿੰਘਾਂ ਦੇ ਨਾਲ ਮਾਰ ਖਾਂਦੀਆਂ, ਭਾਣਾ ਮਿਠਾ ਕਰ ਗੁਰੂ ਦਾ ਮਨਾਂਦੀਆਂ।
ਜਾਵਾਂ ਏਸ ਹੌਂਸਲੈ ਦੇ ਬਲਿਹਾਰ ਜੀ, ਧੰਨ ਗੁਰੂ ਸਿਖਾਂ ਤੇਰਿਆ ਦਾ ਪਿਆਰ ਜੀ।
ਮਾਨ ਸਿੰਘ ਦਿਲ ਵਾਲਾ ਇਕ ਬਾਲ ਸੀ, ਜਿਸਦੀ ਉਮਰ ਦਸ ਪੰਜ ਸਾਲ ਸੀ।
ਜੈਤੋ ਪਟਿਆਲੇ ਪਿੰਡ ਦਾ ਨਿਵਾਸ ਸੀ, ਹੋਵਣੇ ਸ਼ਹੀਦ ਦੀ ਲਗੀ ਪਿਆਸ ਸੀ।

ਕੈਦੋਂ ਅਜੇ ਪਿਛਲੇ ਹੀ ਦਿਨ ਛੁਟਿਆ, ਪਤਲਾ ਤੇ ਦੁਬਲਾ ਸਰੀਰ ਟੁਟਿਆ ।
ਜਾਣ ਲਈ ਫੇਰ ਹੋਂਵਦਾ ਤਿਆਰ ਜੀ, ਧੰਨ ਗੁਰੂ ਸਿਖਾਂ ਤੇਰਿਆਂ ਦਾ ਪਿਆਰ ਜੀ ।
ਜਥੇ ਨਾਲ ਓਸ ਨੂੰ ਭੀ ਦੂਰਾ ਮਾਰਿਆ, ਸਿਦਕ ਭੁਜੰਗੀ ਨੇ ਜ਼ਰਾ ਨਾ ਹਾਰਿਆ ।
ਮਾਰ ਮਾਰ ਕਰਕੇ ਕੀਤਾ ਬੇਹੋਸ਼ ਜੀ, ਜਿਸਨੇ ਨ ਅਜੇ ਕੀਤਾ ਕੋਈ ਦੋਸ ਜੀ ।
ਜਦੋਂ ਮਾਰ ਕੁਟ ਕਰ ਬਸ ਹੋ ਗਿਆ, ਬੂਟ ਸਣੇ ਢਿਡ ਓਸ ਤੇ ਖਲੋ ਗਿਆ ।
ਕੇਸੋਂ ਫੜ ਸੁਟਿਆ ਸੜਕੋਂ ਪਾਰ ਜੀ, ਧੰਨ ਗੁਰੂ ਸਿਖਾਂ ਤੇਰਿਆਂ ਦਾ ਪਿਆਰ ਜੀ ।
ਵੀਰ ਸਿੰਘ ਪਿੰਡ ਜੀਦਾ ਫਤੇਵਾਲ ਸੀ, ਫਟੜਾਂ ਦੀ ਸੇਵਾ ਲਈ ਗਿਆ ਨਾਲ ਸੀ।
ਕੇਸੋਂ ਫੜ ਲਾਰੀ ਵਿਚੋਂ ਬਾਹਰ ਸੁਟਿਆ, ਸੀਨੇ ਉਤੇ ਸੱਟਾਂ ਮਾਰ ਖੂਬ ਕੁਟਿਆ ।
ਪਗ ਘੜੀ ਛਟੂਆ ਉਤਾਰ ਲੈ ਗਏ, ਬਿਲ ਹਸਪਤਾਲ ਵਾਲਾ ਪਾੜ ਲੈ ਗਏ ।
ਹਿਲਿਆ ਨਾ ਅਗੋਂ ਜ਼ਰਾ ਸੇਵਾਦਾਰ ਜੀ, ਧੰਨ ਗੁਰੂ ਸਿੱਖਾਂ ਤੇਰਿਆਂ ਦਾ ਪਿਆਰ ਜੀ।
ਇੱਕ ਫੌਜੀ ਛੁੱਟੀ ਆਯਾ ਛੇ ਮਹੀਨਿਆਂ, ਵੇਖਕੇ ਜ਼ੁਲਮ ਸੀਨਾ ਗਿਆ ਵਿੰਨਿਆ।
ਏਹੋ ਫੌਜੀ ਸਿੰਘ ਸੀ ਜਵਾਨ ਸੋਹਣਾ, ਹਾਜ਼ਰ ਸਤੰਬਰ ਦੀ ਸੋਲ੍ਹਾਂ ਹੋਵਣਾ ।
ਇਹ ਵੀ ਸਰਕਾਰ ਨਿਜ ਮੇਹਰਬਾਨ ਨੂੰ, ਗਿਆ ਵਫਾਦਾਰੀ ਦਾ ਇਨਾਮ ਪਾਨ ਨੂੰ।
ਆਇਕੇ ਅਪਾਰ ਏਸ ਖਾਧੀ ਮਾਰ ਜੀ, ਧੰਨ ਗੁਰੂ ਸਿਖਾਂ ਤੇਰਿਆਂ ਦਾ ਪਿਆਰ ਜੀ।
ਜਦੋਂ ਬਸ ਮਾਰ ਤੇ ਕੁਟਾਈ ਹੋ ਗਈ, ਰਾਹ ਵਿਚੋਂ ਸੁਟਕੇ ਸਫਾਈ ਹੋ ਗਈ ।
ਕੇਸਾਂ ਅਤੇ ਕੰਨਾਂ ਤੋਂ ਬੀਟੀ ਨੇ ਫੜਿਆ, ਫੜ ਕੇ ਸਿੰਘਾਂ ਨੂੰ ਟੋਇਆਂ ਵਿਚ ਖੜਿਆ।
ਕਾਲੀ ਪੱਗ ਵਾਲੇ ਨਾਲ ਖਾਸ ਵੈਰ ਸੀ, ਨੇੜੇ ਨਹੀਂ ਜਾਣ ਦੇਣ ਇਕ ਪੈਰ ਸੀ ।
ਅਗ੍ਹਾਂ ਹੁਣ ਆਂਵਦੇ ਨੇ ਡਾਕਦਾਰ ਜੀ, ਧੰਨ ਗੁਰੂ ਸਿੱਖਾਂ ਤੇਰਿਆਂ ਦਾ ਪਿਆਰ ਜੀ।
ਵੇਖ ਵੇਖ ਸੇਵਾਦਾਰ ਜ਼ਖਮ ਰੋਂਵਦੇ, ਨਾਲੇ ਜਲ ਸਿੰਘਾਂ ਦੇ ਮੁਖਾਂ ਚਿ ਚੋਂਵਦੇ ।
ਮਾਨ ਯੋਗ ਮਾਲਵੀ ਜੋ ਸਭ ਚਾਂਵਦੇ, ਮੁਖਾਂ ਵਿਚ ਭਰ ਚੁਲੀਆਂ ਨੇ ਪਾਂਵਦੇ ।
ਲਾਰੀ ਵਿਚ ਫੜਕੇ ਅਡੋਲ ਰਖਦੇ, ਪਿਆਰ ਨਾਲ ਜਿਤਨਾ ਵੀ ਕਰ ਸਕਦੇ ।
ਪਹੁੰਚਦੇ ਅਕਾਲੀਆਂ ਦੇ ਜਾ ਬਾਜ਼ਾਰ ਜੀ, ਧੰਨ ਗੁਰੂ ਸਿੱਖਾਂ ਤੇਰਿਆਂ ਦਾ ਪਿਆਰ ਜੀ ।
ਸਾਰੇ ਸ਼ਹਿਰ ਵਿਚ ਹਾ ਹਾ ਕਾਰ ਹੋ ਗਈ, ਸੁਨਸਾਂਨ ਕੁਲ ਹੀ ਬਾਜ਼ਾਰ ਹੋ ਗਈ ।
ਦੇਖਦੇ ਬੇਹੋਸ਼ ਪਏ ਜ਼ਖਮ ਵੀਰਦੇ, ਵੇਖਦਿਆਂ ਸਾਰ ਸੀਨੇ ਹਨ ਚੀਰਦੇ ।
ਲੋਥਾਂ ਵਾਂਗ ਸਿੰਘਾਂ ਦੇ ਸਰੀਰ ਲਗਦੇ, ਅਖੀਆਂ ਤੋਂ ਵੇਖਕੇ ਨੇ ਨੀਰ ਵਗਦੇ ।
ਵੇਖ ਵੇਖ ਲੋਕ ਰੋਣ ਜ਼ਾਰ ਜ਼ਾਰ ਜੀ, ਧੰਨ ਗੁਰੂ ਸਿਖਾਂ ਤੇਰਿਆਂ ਦਾ ਪਿਆਰ ਜੀ ।

ਸੇਵਾ

ਸੇਵਾ ਵਾਲੇ ਸੇਵਾ ਕਰਦੇ ਅਪਾਰ ਨੇ, ਜਿਥੇ ਪਵੇ ਲੋੜ ਉਥੇ ਹੀ ਤਿਆਰ ਨੇ।
ਸੌ ਸਿੰਘਾਂ ਲਈ ਬਿਸਤਰੇ ਵਛਾਂਵਦੇ, ਚਾਰ ਚਾਰ ਚੁਕ ਮੰਜੀਆਂ ਤੇ ਪਾਂਵਦੇ।
ਡਾਕਦਾਰ ਸੇਵਾ ਕਰਦੇ ਮਹਾਨ ਜੀ, ਉਪਮਾਂ ਨਾਂ ਮੈਥੋਂ ਹੋ ਸਕੇ ਬਿਆਨ ਜੀ।
ਠੀਕ ਏਨ੍ਹਾਂ ਹਦ ਕਰਕੇ ਵਖਾਈ ਜੀ, ਸੇਵਾਦਾਰਾਂ ਸੇਵਾ ਵਲੋਂ ਹਦ ਲਾਈ ਜੀ।
ਇਕੀ ਡਾਕਦਾਰ ਸੀ ਦਵਾਈ ਦੇ ਰਹੇ, ਬੀਬੀ ਕ੍ਰਿਪਾਲ ਕੌਰ ਹਿੱਸਾ ਲੈ ਰਹੇ।
ਚੋਂਵਦੇ ਨੇ ਮੁਖਾਂ ਵਿਚ ਘੁਟ ਜਲਦੇ, ਹੋਰ ਕਈ ਸੇਵਾ ਦਾਰ ਪੱਖੇ ਝਲਦੇ।
ਨਾਲ ਸੀ ਅੰਗੂਰਾਂ ਦੇ ਭਰੀ ਵਛਾਈ ਜੀ, ਸੇਵਾਦਾਰਾਂ ਸੇਵਾ ਵਲੋਂ ਹਦਲਾਈਜੀ।
ਕਈਆਂ ਮੂਖਾਂ ਵਿਚ ਸੀਗੇ ਬਰਫ ਧਰਦੇ, ਕਈਆਂ ਨੂੰ ਬਰਫ ਦੀ ਟਕੋਰ ਕਰਦੇ।
ਦੁਧ ਨੇ ਬੇਹੋਸ਼ ਸਿੰਘਾਂ ਨੂੰ ਪਲਾਂਵਦੇ, ਏਸ ਤਰਾਂ ਕਰ ਹੋਸ਼ ਵਿਚ ਲਿਆਂਵਦੇ।
ਦਿਤੇ ਟੈਹਲ ਸਿੰਘ ਨੂੰ ਜਾਂ ਦੋਵੇਂ ਘੁਟਨੇ, ਕੀਤੇ ਨਾ ਹਜ਼ਮ ਪਾਏ ਬਾਹਰ ਸੁਟਨੇ।
ਹਰ ਚੀਜ਼ ਸ਼ਹਿਰ ਵਾਲਿਆਂ ਪੁਚਾਈ ਜੀ, ਸੇਵਾਦਾਰਾਂ ਸੇਵਾ ਵਲੋਂ ਹਦ ਲਾਈਜੀ।
ਇਕ ਮਾਈ ਜਲ ਸਿੰਘਾਂ ਨੂੰ ਪਲਾਂਵਦੀ, ਦੂਜੀ ਮਿਠੀ ਸੁਰ ਨਾਲ ਬਾਣੀ ਗਾਂਵਦੀ।
ਪਿਛਲਾ ਜ਼ਮਾਨਾ ਵੇਖ ਯਾਦ ਆਂਵਦਾ, ਯਾਦ ਜਦ ਆਵੇ ਦਿਲ ਹਿਲ ਜਾਂਵਦਾ।
ਪੁਤਾਂ ਨਾਲੋਂ ਵਧ ਕਰਦੀਆਂ ਪਿਆਰ ਜੀ, ਲੈਣਦਿਲ ਨਾਲ ਜ਼ਖਮੀ ਦੀ ਸਾਰ ਜੀ।
ਦਰਦ ਵੰਡਾਵੇ ਹਰ ਇਕ ਮਾਈ ਜੀ, ਸੇਵਾਦਾਰਾਂ ਸੇਵਾ ਵਲੋਂ ਹਦ ਲਾਈ ਜੀ।
ਸਿੰਘਾਂ ਦਿਆਂ ਸਿਰਾਂ ਵਿਚੋਂ ਲਹੂ ਵਹਿਣ ਜੀ, ਕੋਲ ਖੜੀ ਬੀਬੀਆਂ ਮੁਖੋਂ ਇ ਕਹਿਣ ਜੀ।
ਚੰਗਾ ਹੁੰਦਾ ਅਸੀਂ ਵੀ ਜੋ ਨਾਲ ਜਾਂਵਦੇ, ਅਗੋਂ ਸਿੰਘ ਕਈ ਬੋਲਕੇ ਸੁਨਾਂਵਦੇ।
ਜਦ ਤਕ ਘਟ ਸਾਡੇ ਵਿਚ ਪ੍ਰਾਣ ਜੀ, ਅਸਾਂ ਨਾਂ ਤੁਹਾਨੂੰ ਦੇਵਣਾ ਹੈ ਜਾਨ ਜੀ।
ਆਪ ਨੂੰ ਨਾ ਲੋੜ ਜਾਵਣੇ ਦੀ ਕਾਈ ਜੀ, ਸੇਵਾਦਾਰਾਂ ਸੇਵਾ ਵਲੋਂ ਹਦ ਲਾਈਜੀ।
ਬੁੱਢੇ ਇਕ ਸਿੰਘ ਨੂੰ ਜਾਂ ਸਟਾਂ ਲਗੀਆਂ, ਬਾਬੇ ਨੂੰ ਜੋ ਉਠਣ ਨ ਦੇਣ ਲਗੀਆਂ।
ਪੁਛਿਆ ਜਾਂ ਆਪਦਾ ਕੀ ਹੈ ਹਵਾਲ ਜੀ, ਦਿਤਾ ਏ ਜਵਾਬ ਹੌਂਸਲੇ ਦੇ ਨਾਲਜੀ।
ਨਿਮਕ ਹਰਾਮੀਆਂ ਨੇ ਸਟਾਂ ਮਾਰੀਆਂ, ਕੁਝ ਪ੍ਰਵਾਹ ਨਾਹੀਂ ਜਾਨਾਂ ਵਾਰੀਆਂ।
ਪਿਛਾਂ ਨਹੀਂ ਪੈਰ ਪਾਂਵਣਾ ਸੁਨਾਈ ਜੀ, ਸੇਵਾਦਾਰਾਂ ਸੇਵਾ ਵਲੋਂ ਹਦ ਲਾਈ ਜੀ।
ਮੈਂ ਤਾਂ ਇਕੋ ਗਲ ਏਹੋ ਸੀ ਜੋ ਚਾਂਵਦਾ, ਕਲ ਹੀ ਸ਼ਹੀਦ ਓਥੇ ਹੋਏ ਜਾਂਵਦਾ।
ਮੈਂ ਤਾਂ ਕੋਈ ਖੁਰੀ ਕਿਸਮਤ ਵਾਲਾ ਹਾਂ, ਤਾਂ ਹੀ ਹੁਣ ਪਿਆ ਹੋਯਾ ਮੰਦੇ ਹਾਲਾਂ ਹਾਂ।

ਹਛਾ ਪਰ ਕੋਈ ਨਾ ਮੈਨੂੰ ਵੀਚਾਰ ਜੀ, ਕਲ ਫੇਰ ਜਾਂਵਨੇ ਨੂੰ ਹਾਂ ਤਿਆਰ ਜੀ
ਖੌਫ ਨਹੀਂ ਖਾਂਵਣਾ ਹੈ ਇਕ ਰਾਈ ਜੀ,ਸੇਵਾਦਾਰਾਂ ਸੇਵਾ ਵਲੋਂ ਹਦ ਲਾਈ ਜੀ
ਕੌਮੀ ਜੋਸ਼ ਹਰ ਵਿਚ ਠਾਠਾਂ ਮਾਰਦਾ, ਆਪਣੀ ਵਲੋਂ ਨ ਘਟ ਕੋ ਗੁਜ਼ਾਰ ਦਾ
ਕੌਮ ਨਾਲ ਇਕ ਬਚੇ ਦਾ ਪਿਆਰ ਸੀ, ਚੀਜ਼ ਨਾ ਬਦੇਸ਼ੀ ਕਰੇ ਅੰਗੀਕਾਰ ਜੀ
ਕਪੜਾ ਬਦੇਸ਼ੀ ਅੰਗ ਨਾਲ ਲਾਂਵਣਾ, ਸਮਝਦਾ ਹਤਕ ਆਪਣੀ ਕਰਾਵਣਾ
ਹੇਠੋਂ ਕਢ ਸੁਟੀ ਬਦੇਸ਼ੀ ਰਜਾਈ ਜੀ, ਸੇਵਾਦਾਰਾਂ ਸੇਵਾ ਵਲੋਂ ਹਦ ਲਾਈ ਜੀ
ਕਿਉਂ ਜੋ ਸੀ ਕੇਸੋਂ ਫੜ ਲੋਥਾਂ ਸੁਟੀਆਂ,ਕਈਆਂ ਦੀਆਂ ਕੰਘੇ ਕ੍ਰਿਪਾਨਾਂ ਟੁਟੀਆਂ
ਕੋਈ ਸਿੰਘ ਨਹੀਂ ਕੁਝ ਪੀਂਦਾ ਖਾਂਵਦਾ, ਜਦ ਤਕ ਕੰਘਾ ਨਹੀਂ ਦਿੱਤਾ ਜਾਂਵਦਾ
ਸੇਵਾਦਾਰ ਵੰਡਦੇ ਕੰਘੇ ਕ੍ਰਿਪਾਨ ਜੀ,ਵਾਰ੍ਹ ਇਨ੍ਹਾਂ ਸੇਵ ਕੋ ਜਾਈਏ ਕੁਰਬਾਨ ਜੀ
ਪੰਥ ਨੂੰ ਇਨ੍ਹਾਂ ਦੇ ਹੋਣ ਦੀ ਵਧਾਈ ਜੀ,ਸੇਵਾਦਾਰਾਂ ਸੇਵਾ ਵਲੋਂ ਹਦ ਲਾਈ ਜੀ

—o—

ਬਸ ਕਰ ਹੁਣ ਜ਼ੁਲਮ ਦੀ ਹਦ ਹੋਈ ਬਾਰ ਬਾਰ ਕਿਉਂ ਪਿਆ ਸਤਾਂਵਨਾਏਂ
ਜ਼ਖਮੀ ਹੋਏ ਦਿਲਾਂ ਅਸਾਡਿਆਂ ਤੇ ਥਾਂ ਮਹਰਮ ਦੀ ਲੂਣ ਛਣਕਾਵਨਾਏਂ
ਗੁਰੂ ਖਾਲਸੇ ਬਾਗ ਨੂੰ ਜਾਂਦਿਆਂ ਨੂੰ ਰਾਹ ਵਿਚ ਰੁਕਾਵਟਾਂ ਪਾਵਨਾਏਂ
ਚੀਜ਼ ਖਾਲਸੇ ਦਾ ਹਕ ਖਾਲਸੇ ਦਾ ਐਵੇਂ ਪਿਆ ਤੂੰ ਦਖਲ ਜਮਾਂਵਨਾਏਂ
ਬੇਗੁਨਾਹ ਬੇਦੋਸ਼ ਅਕਾਲੀਆਂ ਤੇ ਮੀਂਹ ਹੰਟਰਾਂ ਦਾ ਵਰਾਹਵਨਾਏਂ
ਮਾਰ ਮਾਰਕੇ ਕਰ ਬੇਹੋਸ਼ ਦੇਵੇਂ ਘੋੜੇ ਉਨ੍ਹਾਂ ਤੋਂ ਫੇਰ ਦੁੜਾਵਨਾਏਂ
ਜਿਨ੍ਹਾਂ ਸ਼ਾਂਤਮਈ ਜੁਧ ਆਰੰਭਿਆਏ ਮਾਰ ਹੰਟਰਾਂ ਪੈਰ ਥਿੜਕਾਵਨਾਏਂ
ਛਡਣ ਸਿਦਕ ਨ ਜਾਨ ਭੀ ਚਲੀ ਜਾਵੇ ਪੈਰ ਪਿਛਾਂ ਨ ਮੂਲ ਹਟਾਵਨਾਏਂ
ਤੇਰਾ ਮਾਰ ਹਥਿਆਰ ਹੁਣ ਖੁੰਡ ਕੀਤਾ ਗਰਿਫਤਾਰੀਆਂ ਫੇਰ ਕਰਾਵਨਾਏਂ
ਤੈਨੂੰ ਜ਼ਾਲਮਾਂ ਜ਼ਰਾ ਨਾ ਤਰਸ ਆਵੇ ਵੇਖ ਨਿਮਰਤਾ ਨਹੀਂ ਸ਼ਰਮਾਵਨਾਏਂ
ਫੜ ਫੜਕੇ ਹੰਸ ਸਮੁੰਦ ਉਤੋਂ ਜੇਲ੍ਹ ਪਿੰਜਰੇ ਵਿਚ ਜਾ ਪਾਵਨਾਏਂ
ਗੁਰੂ ਖਾਲਸੇ ਧਾਮ ਆਜ਼ਾਦ ਕਰਨੇ ਤਦੋਂ ਪੀਵਣਾ ਤੇ ਤਦੋਂ ਖਾਵਣਾਏਂ
ਪੂਰਨ ਸਿੰਘ ਅੰਤ ਧਰਮ ਦੀ ਜੈ ਹੋਣੀ ਪਾਪ ਜ਼ੁਲਮ ਦਾ ਨਾਮ ਮਿਟਾਵਨਾਏਂ
ਸਾਡੀ ਬਹੁਤ ਸਾਰੀ ਘ੍ਰਿਣਾ ਏਸ ਉਤੇ ਫੜੀ ਜੋ ਫਰੰਗੀਆਂ ਕਾਰ ਹੈਗੀ
ਵਿਚੋਂ ਏਸ ਦੇ ਕੁਝ ਨ ਲੱਭਣਾ ਏ ਇਹਦੀ ਗਈ ਕਿਧਰ ਵੀਚਾਰ ਹੈਗੀ

ਜੇਕਰ ਕਹੇ ਇਹ ਜੇਲ੍ਹ ਤੋਂ ਡਰ ਜਾਵਣ ਦੁਨੀਆਂ ਜਾਣ ਲਈ ਕੁਲ ਤਿਆਰ ਹੈਗੀ
ਹੁੰਦਾ ਰਿਹਾ ਜੇ ਏਸ ਹੀ ਤਰਾਂ ਜਾਣੋ ਚਾਰ ਦਿਨ ਸਮਝੋ ਇਹ ਕਾਰ ਹੈਗੀ

--o--

ਐ ਵੀਰ ਬਹਾਦਰੋ ਖਾਲਸਾ ਜੀ ਗੁਰੂ ਆਪ ਦੇ ਸਦਾ ਅੰਗ ਸੰਗ ਹੈ ਜੀ
ਤੁਹਾਡੀ ਸ਼ਾਂਤ ਦੇ ਨਾਲ ਜੋ ਮਾਰ ਖਾਣੀ ਦੁਨੀਆਂ ਵੇਖ ਰਹੀ ਹੋਕੇ ਦੰਗ ਹੈ ਜੀ
ਜੋਰ ਲਾਕੇ ਤੋੜ ਨਿਭਾਵਨਾ ਜੇ ਸ਼ਾਂਤਮਈ ਜੋ ਛੇੜਿਆ ਜੰਗ ਹੈ ਜੀ
ਚਿਤ ਨਹੀਂ ਡੁਲਾਵਨਾ ਦਸ ਰਿਹਾ ਗੁਰਾਂ ਭੇਜਿਆ ਬਾਜ ਤੁਰੰਗ ਹੈ ਜੀ
ਸ਼ਾਂਤ "ਪਿਆਰ" ਦੇ ਮੋਰਚਾ ਜਿਤਨਾ ਜੇ ਭਾਵੇਂ ਕਿਉਂ ਨਾਂ ਸਾਨੂੰ ਤੰਗ ਹੈ ਜੀ

ਦਾਸ ਪੂਰਨ ਸਿੰਘ "ਪਿਆਰ"

ਐਤਵਾਰ ੩ ਸਤੰਬਰ ੧੯੨੨ ਜੱਥਾ ਲਾਹੌਰ

[ਸਰਦਾਰ ਚੰਨਣ ਸਿੰਘ ਜੀ ਜਥੇਦਾਰ ਮਰਹਾਣਾ ਨਿਵਾਸੀ ਲਾਹੌਰ ਦੇ ਸੌ ਸਿੰਘਾਂ ਦਾ ਅਕਾਲੀ ਜੱਥਾ]

ਕੋਰੜਾ

ਤੀਸਰੀ ਸਤੰਬਰ ਨੂੰ ਹੋਯਾ ਤਯਾਰ ਜੀ, ਜਥਾ ਜੋ ਅਕਾਲੀਆਂ ਦਾ ਬਲਕਾਰ ਜੀ
ਲਗ ਭਗ ਯਾਰਾਂ ਵਜੇ ਪੂਰੇ ਪਜਾਰਿਆ, ਸਤਿ ਸ੍ਰੀ ਅਕਾਲ ਸਿੰਘਾਂ ਹੈ ਉਚਾਰਿਆ
ਸੂਰਮਾਂ ਚੰਨਣ ਸਿੰਘ ਸਰਦਾਰ ਜੀ, ਵਾਸੀ ਮਰਹਾਣੇ ਦਾ ਹੈ ਜਥੇਦਾਰ ਜੀ
ਜ਼ਿਲੇ ਏ ਲਾਹੌਰ ਦਾ ਹੈ ਸੌ ਅਕਾਲੀਆ, ਸੀਸ ਭੇਟ ਕਰਦਾ ਹੈ ਪੰਥ ਵਾਲੀਆ

ਕਬਿਤ

ਤਖਤ ਅਕਾਲ ਅੱਗੇ ਆਯਾ ਹੈ ਅਕਾਲੀ ਜਥਾ ਜਥੇਦਾਰ ਹੋਰਾਂ ਤਦੋਂ ਦਿੱਤਾ ਉਪਦੇਸ਼ ਜੀ
ਚੁੱਕਣਾਂ ਨ ਹੱਥ ਅਤੇ ਡੋਲਣਾ ਨ ਖਾਲਸਾ ਜੀ ਦੁਸ਼ਟਾਂ ਨੇ ਦੇਣਾਂ ਵੱਡਾ ਆਪ ਨੂੰ ਕਲੇਸ਼ ਜੀ
ਹੋਵਣਾਂ ਸ਼ਹੀਦ ਗੁਰੂ ਦੁਆਰਿਆਂ ਦੇ ਵਾਸਤੇ ਜੇ ਸੁਖੀ ਵੱਸ ਜਾਵੇ ਜੋ ਹਮੇਸ਼ ਕੌਮ ਦੇਸ ਜੀ
ਖੌਫ ਨਹੀਂ ਖਾਂਵਣਾ ਜੇ ਕਿਸੇ ਗੱਲੋਂ ਖਾਲਸਾ ਜੀ ਅੰਗ ਸੰਗ ਆਪਦੇ ਹੈ ਗੁਰੂ ਦਸਮੇਸ਼ ਜੀ

—o—

ਤਖਤ ਅਕਾਲ ਅੱਗੇ ਟੇਕਿਆ ਹੈ ਮੱਥਾ ਸਿੰਘਾਂ ਫੇਰ ਤੁਰ ਆਏ ਵੱਲ ਗੁਰੂ ਦਰਬਾਰ ਜੀ
ਕਰ ਪਰਦੱਛਣਾਂ ਪਰਕਰਮਾ ਦੇ ਵਿਚ ਆਇ ਗੁਰੂ ਬਾਗ ਵੱਲ ਸਾਰੇ ਹੋ ਪਏ ਤਿਆਰ ਜੀ
ਗੁਰੂ ਦੇ ਪਿਆਰੇ ਸਾਹਿਬ ਦੇਵਾਂ ਦੇ ਦੁਲਾਰੇ ਸਾਰੇ ਬੋਲਦੇ ਜੈਕਾਰੇ ਗਲੀ ਫੁੱਲਾਂ ਸੰਦੇ ਹਾਰ ਜੀ
ਖੱਫਨ ਸਿਰਾਂ ਤੇ ਬੰਨ੍ਹ ਹੱਸਦੇ ਬਿਸ਼ਨ ਸਿੰਘ ਮੌਤ ਵੱਲ ਜਾਂਵਦੇ ਨੇ ਸਿੱਖ ਛਾਲਾਂ ਮਾਰ ਜੀ

—o—

[ਛੋਟਿਆਂ ਭੁਜੰਗੀਆਂ ਨੇ ਜਥੇ ਨਾਲ ਜਾਣਾ ਤੇ ਜਥੇਦਾਰ ਦਾ ਸਮਝਾਵਣਾ]

ਏਸ ਜਥੇ ਦੇ ਵਿਚ ਸੀ ਖਾਲਸਾ ਜੀ ਦੋ ਤਿੰਨ ਭੁਜੰਗੀ ਅਜਾਨ ਵੱਡੇ

ਜਥੇਦਾਰ ਨੇ ਓਨ੍ਹਾਂ ਨੂੰ ਆਖਿਆ ਹੈ ਤੁਸੀਂ ਛੋਟੇ ਹੋ ਬਾਲ ਸੁਜਾਨ ਵੱਡੇ
ਤੁਸੀਂ ਜਥੇ ਦੇ ਨਾਲ ਨ ਜਾਓ ਪਜਾਰੇ ਓਥੇ ਹੋਵਣੇ ਨੇ ਘਮਸਾਨ ਵੱਡੇ
ਮਾਰ ਮਾਰਕੇ ਹੈਨ ਫਨਾਹ ਕਰਦੇ ਤੁਸੀਂ ਦੇਖਦੇ ਰੋਜ ਨਿਸ਼ਾਨ ਵੱਡੇ
ਡਾਂਗਾਂ ਮਾਰਕੇ ਹੱਡ ਨੇ ਚੂਰ ਕਰਦੇ ਨਹੀਂ ਦੇਖਦੇ ਬ੍ਰਿਧ ਜਵਾਨ ਵੱਡੇ
ਡੋਲ ਜਾਵਣਾ ਤੁਸਾਂ ਨੇ ਓਸ ਵੇਲੇ ਮਾਰਨ ਆਉਣਗੇ ਜਦੋਂ ਪਠਾਣ ਵੱਡੇ
ਪੁਲਸ ਵਾਲੇ ਤੇ ਜਾਬਰ ਗੋਰਖੀਏ ਠਾਣੇਦਾਰ ਤੇ ਹੋਰ ਕਪਤਾਨ ਵੱਡੇ
ਏਨ੍ਹਾਂ ਅੱਗੇ ਖੜੋਇਕੇ ਮਾਰ ਖਾਵਣ ਸਾਨੂੰ ਚਾਹੀਦੇ ਸਿੰਘ ਬਲਵਾਨ ਵੱਡੇ
ਹੱਥ ਚੁੱਕਣ ਨ ਮੂੰਹ ਤੋਂ ਗਾਲ ਕੱਢਣ ਭੱਜ ਜਾਣ ਨ ਛੱਡ ਮਦਾਨ ਵੱਡੇ
ਸਾਨੂੰ ਚਾਹੀਦੇ ਬੀਰ ਬਹਾਦਰ ਜੋਧੇ ਸ਼ਾਂਤਮਈ ਦੇ ਹੋਣੇ ਬਲਵਾਨ ਵੱਡੇ
ਸਾਹ ਲੈਣ ਬਹਾਦਰੀ ਨਾਲ ਸੱਭੇ ਜਾਬਰ ਲਗੇ ਜੋ ਜ਼ੁਲਮ ਕਮਾਨ ਵੱਡੇ
ਜ਼ਰਾ ਸੋਚ ਲੋ ਬੈਠਕੇ ਬਿਸ਼ਨ ਸਿੰਘਾ ਅੱਜ ਹੋਂਵਣੇ ਜੇ ਇਮਤਿਹਾਨ ਵੱਡੇ

ਜਵਾਬ ਭੁਜੰਗੀਆਂ

ਜਥੇਦਾਰ ਦਾ ਇਹ ਬਿਆਨ ਸੁਣਕੇ ਅੱਗੋਂ ਬੋਲਣ ਭੁਜੰਗੀ ਬਲਕਾਰ ਵੱਡੇ
ਛੋਟੇ ਆਪ ਨੂੰ ਨਜ਼ਰ ਜਰੂਰ ਔਂਦੇ ਐਪਰ ਹਾਂ ਬਲਕਾਰ ਅਪਾਰ ਵੱਡੇ
ਅੰਮ੍ਰਿਤ ਛਕਿਆ ਅਸਾਂ ਨੇ ਗੁਰੂ ਜੀ ਦਾ ਛੋਟੇ ਰਹੇ ਨ ਅਸੀਂ ਹੁਸ਼ਿਆਰ ਵੱਡੇ
ਕਲਗੀ ਵਾਲੇ ਦੇ ਪੁਤ੍ਰ ਕਹਾਂਵਦੇ ਹਾਂ ਹੋ ਗਏ ਹਾਂ ਤਜਾਰ ਬਰ ਤਜਾਰ ਵੱਡੇ
ਸਾਡੇ ਸਿਰ ਤੇ ਪਾਤਸ਼ਾਹ ਕਲਗੀ ਵਾਲਾ ਹਥ ਰੱਖੇਗਾ ਨਾਲ ਪਿਆਰ ਵੱਡੇ
ਪਾਸ ਕਰਾਂਗੇ ਇਹ ਇਮਤਿਹਾਨ ਵੱਡਾ ਅਸੀਂ ਹੋ ਗਏ ਹਾਂ ਸਮਝਦਾਰ ਵੱਡੇ
ਸਾਨੂੰ ਨ ਨਿਖੇੜੋ ਖਾਂ ਸਾਥ ਨਾਲੋਂ ਮੰਨੋ ਬੇਨਤੀ ਜੀ ਜਥੇਦਾਰ ਵੱਡੇ
ਚਾਹਵਾਨ ਹਾਂ ਸੇਵਾ ਦੇ ਅਸੀ ਭਾਰੇ ਚੁੱਕ ਲਵਾਂਗੇ ਸਿਰ ਤੇ ਭਾਰ ਵੱਡੇ
ਸ਼ਾਂਤੀ ਨਾਲ ਸਹਾਰਾਂਗੇ ਬਿਸ਼ਨ ਸਿੰਘਾ ਜ਼ੁਲਮ ਕਰ ਲੈ ਅੱਜ ਸਰਕਾਰ ਵੱਡੇ

ਪੁਰਾਣੇ ਜਮਾਨੇ ਦਾ ਹਾਲ ਕਵਿਰਾਜ ਬਿਲਾਸ

ਵਾਹ ਸ਼ਾਬਾ ਬਹਾਦਰ ਭੁਜੰਗੀਆਂ ਦੇ ਪਿਛਲਾ ਸਮਾ ਹੈ ਯਾਦ ਕਰਾ ਦਿਤਾ
ਤਵਾਰੀਖ ਬਣਾਈ ਮੈਂ ਖਾਲਸਾ ਦੀ "ਸ਼ੇਰ ਖਾਲਸ਼ਾ" ਨਾਮ ਰਖਾ ਦਿਤਾ
ਪੜ੍ਹਕੇ ਦੇਖੋ ਖਾਂ ਸਫਾ ਤ੍ਰਿਵਿੰਜਾ ਉਸਦਾ ਜੋ ਕੁਝ ਬਾਲ ਨੇ ਕਰ ਵਿਖਾ ਦਿਤਾ
ਜੰਗ ਹੋਯਾ ਸੀ ਸਿੰਘਾਂ ਤੇ ਗਿਲਜਿਆਂ ਦਾ ਚੜ੍ਹਤ ਸਿੰਘ ਨੇ ਹਥ ਦਿਖਾ ਦਿਤਾ

—o—

ਇਕ ਦਿਨ ਖਾਲਸੇ ਦਾ ਅਤੇ ਗਿਲਜਿਆਂ ਦਾ ਜੰਗ ਵਿਚ ਮਦਾਨ ਦੇ ਜੁੱਟ ਪਿਆ
ਮੈਂ ਵੱਡੇ ਪਠਾਣ ਦੇ ਨਾਲ ਘੁਲਣਾਂ ਚੜ੍ਹਤ ਸਿੰਘ ਬਹਾਦਰ ਹੈ ਉਠ ਪਿਆ
ਮਸਾਂ ਮਸਾਂ ਹੈ ਰੱਖਿਆ ਫੜ ਕਰਕੇ ਸ਼ਾਮ ਸਿੰਘ ਦੇ ਹੱਥੋਂ ਹੈ ਛੁੱਟ ਪਿਆ
ਭਾਵੇਂ ਬਾਲ ਅਜਾਨਾ ਇਹ ਚੜ੍ਹਤ ਸਿੰਘ ਸੀ ਬਾਜ ਵਾਂਗ ਪਠਾਣ ਤੇ ਟੁਟ ਪਿਆ

ਜਥੇ ਦੀ ਤਿਆਰੀ ਕੋਰੜਾ

ਗਲਾਂ ਵਿਚ ਸਿੰਘਾਂ ਨੇ ਪਵਾਏ ਹਾਰ ਜੀ, ਸਤਿ ਸ੍ਰੀ ਅਕਾਲ ਬੋਲ ਹੋਇ ਤਯਾਰ ਜੀ
ਇੱਕ ਲੈਣ ਵਿਚ ਹੋਏ ਚਾਰ ਚਾਰ ਜੀ, ਅੱਗੇ ਲਗ ਤੁਰ ਪਿਆ ਜਥੇਦਾਰ ਜੀ
ਘੰਟੇ ਘਰੋਂ ਤੁਰਕੇ ਬਜਾਰ ਆਂਵਦੇ, ਸੀਸ ਜਾਵੇ ਸਿਦਕ ਨ ਜਾਵੇ ਗਾਂਵਦੇ
ਉਚੀ ਸੁਰ ਨਾਲ ਹੋਯਾ ਆਣ ਸ਼ੁਰੂ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ
ਜਦੋਂ ਸਿੰਘ ਤੁਰੇ ਨੇ ਬਜ਼ਾਰ ਜਾਂਵਦੇ, ਵਾਹ ਵਾਹ ਕਰ ਲੋਕ ਵੇਖ ਗਾਂਵਦੇ
ਕਲਗੀ ਏ ਵਾਲੜੇ ਦੀ ਫੌਜ ਆਂਵਦੀ, ਡੁੱਬੀ ਹੋਈ ਹਿੰਦ ਨੂੰ ਬਚੋਣ ਜਾਂਵਦੀ
ਦੇਸਦੀ ਅਜ਼ਾਦੀ ਖੂਹ ਵਿਚ ਜਾ ਪਈ, ਓਸਨੂੰ ਕੱਢਣ ਵਾਲੀ ਫੌਜ ਆ ਗਈ
ਮਾਲਕ ਜਹਾਨ ਦੇ ਗੁਲਾਮ ਹੋ ਗਏ, ਨੌਕਰ ਬਪਾਰੀ ਪਾਤਸ਼ਾਹ ਹੋ ਪਏ
ਗੁਰਦ੍ਵਾਰੇ ਦਾ ਸੁਧਾਰ ਕੀਕੂੰ ਤੁਰੂ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ
ਪਾਤਸ਼ਾਹ ਮੁਲਕ ਸੰਦੇ ਜੇਲ ਜਾ ਪਏ, ਨੌਕਰ ਬਪਾਰੀ ਮੌਜ ਨੇ ਉਡਾ ਰਹੇ
ਭਾਰਤ ਜਗਤ ਸੰਦੇ ਡਾਂਗਾਂ ਖਾਂਵਦੇ, ਜ਼ਾਲਮ ਕਸਾਈ ਅਗੋਂ ਮਾਰੀ ਜਾਂਵਦੇ
ਬੋੜ੍ਹ ਓ ਜਹਾਨ ਦਿਆ ਛੇਤੀ ਲਾੜਿਆ, ਤੇਰੇ ਜਾਂਵੀਆਂ ਨੂੰ ਅੱਜ ਬੁਰਾ ਮਾਰਿਆ
ਹਥ ਨ ਉਠਾਯਾ ਸਤਿਨਾਮ ਗੁਰੂ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ
ਫੌਜਾਂਕਲਗੀਵਾਲੇਦੀਆਂਸੋਭਾਪਾਂਦੀਆਂਲੰਘਦੀਆਂਬਜਾਰਾਂਵਿਚੋਂਜਦੋਂਜਾਂਦੀਆਂ
ਦਰਸ਼ਨ ਜੋ ਪਾਂਵਦੇ ਨਿਹਾਲ ਹੋਂਵਦੇ, ਕਈ ਦਰਦ ਵਾਲੇ ਭੁਬਾਂ ਮਾਰ ਰੋਂਵਦੇ
ਕਰਦੇ ਜੋ ਸਲਾਘਾ ਲੋਕ ਨਹੀਂ ਥੱਕਦੇ, ਦੇਖੋ ਮੌਤ ਵੱਲੋਂ ਇਹ ਨਹੀਂ ਝੱਕਦੇ
ਜਦੋਂ ਜਥਾ ਆਗਿਆ ਬਜ਼ਾਰ ਹਾਲ ਜੀ, ਲੋਕ ਜੋ ਤਮਾਸ਼ੇ ਵਾਲੇ ਬਹੁਤੇ ਨਾਲ ਜੀ
ਓਨਾਂ ਨੂੰ ਹਟਾਯਾ ਪਿੱਛੇ ਵੱਲ ਪਜਾਰਿਆ, ਅਗੇ ਤੁਰ ਪਏ ਜਿੰਨ ਸਿਰ ਵਾਰਿਆ
ਅੱਗੇ ਅੱਗੇ ਜਥਾ ਸੰਗਤਾਂ ਪਿਆਰੀਆਂ, ਪਿੱਛੇ ਪਿੱਛੇ ਲੀਡਰ ਨੇ ਵਿਚ ਲਾਰੀਆਂ
ਉੱਘੇ ਉੱਘੇ ਲੀਡਰ ਚੜੇ ਤਮਾਮ ਜੀ, ਸਤਿਨਾਮ ਸਤਿਨਾਮ ਸਤਿਨਾਮ ਜੀ
ਪੱਤ੍ਰ ਪ੍ਰੇਰਕ ਤੇ ਅਖਬਾਰ ਜੀ, ਡਾਕਟਰ ਸੇਵਾਦਾਰ ਅਸਵਾਰ ਜੀ

ਮੁਸਲਮਾਨ ਹਿੰਦੂ ਜਿਨ੍ਹਾਂ ਦਰਦ ਵੰਡਿਆ, ਟੁੱਟਾ ਹੋਯਾ ਨਾਤਾ ਏਨ੍ਹਾਂ ਫੇਰ ਗੰਡਿਆ
ਖਾਲਸੇ ਦੇ ਨਾਲ ਹੱਥ ਹੈ ਵਟਾ ਲਿਆ, ਸ਼ੇਰ ਮੂੰਹ ਵਿਚ ਜ਼ਿੰਦ ਤਾਈ ਪਾ ਲਿਆ
ਸੁਖ ਨਾਲ ਜਥਾ ਰਾਜਾਸਾਂਸੀ ਲੰਘਿਆ, ਤੇਰੇ ਘਰੋਂ ਸਿਖੀ ਹੈ ਸਿਦਕ ਮੰਗਿਆ
ਵਾਹਿਗੁਰੂ ਵਾਹਿਗੁਰੂ ਸਤਿਨਾਮ ਜੀ, ਵਾਹਿਗੁਰੂ ਸਤਿਨਾਮ ਸਤਿਨਾਮ ਜੀ

[ਛੀਨੇ ਵਾਲੇ ਪੁਲ ਤੇ ਨਾਇਬ ਤਸੀਲਦਾਰ ਸ਼ੇਰ ਸਿੰਘ ਨੇ ਜਥੇ ਨੂੰ ਰੋਕਣਾਂ]

ਡੇਉੜ—ਛੀਨੇ ਵਾਲੇ ਪੁਲ ਤੇ ਪੁੱਜਾ ਜਥਾ ਅਕਾਲੀ ਆਕੇ, ਫਤੇ ਗਜਾਕੇ
ਸ਼ੇਰ ਸਿੰਘ ਨੇ ਰੋਕ ਹੈ ਲੀਤਾ ਡੰਡਾ ਪੁਲਸ ਲਿਆਰੇ, ਜੋਰ ਜਤਾਕੇ
ਅੱਗੇ ਮੈਂ ਨ ਜਾਵਣ ਦੇਣਾ ਕਹਿੰਦਾ ਹਿੱਕ ਵਜਾਕੇ, ਰੋਬ ਦਿਖਾਕੇ
ਸਿਖ ਸਿਖਾਂ ਦੀ ਸੇਵਾ ਕਰਦੇ ਏਨੂੰ ਸਿੱਖ ਕਰਾਕੇ, ਲਾਜ ਲਗਾਕੇ

[ਤਸੀਲਦਾਰ ਤੇ ਜਥੇਦਾਰ ਦੋਵੇਂ ਇਕ ਪਿੰਡ ਦੇ ਭਰਾ ਹਨ]

ਜਥੇਦਾਰ ਤਸੀਲਦਾਰ ਜੋ ਦੋਹਾਂ ਇੱਕ ਟਿਕਾਣਾ, ਰਬਦਾ ਭਾਣਾ
ਇੱਕੋ ਪਿੰਡ ਦੇ ਦੋਵੇਂ ਭਾਈ ਇੱਕੋ ਹਾਣ ਸਿਆਣਾ, ਪੀਣਾ ਖਾਣਾ
ਨਾਇਬ ਇਹ ਤਸੀਲ ਵਾਲਾ ਸ਼ੇਰ ਸਿੰਘ ਲੋ ਜਾਣਾ, ਭੁੱਲ ਨ ਜਾਣਾ
ਇਸ ਦਾ ਪਿਓ ਕਪੂਰ ਸਿੰਘ ਹੈ ਜੈਲਦਾਰ ਮਰਹਾਣਾ, ਜ਼ੁਲਮ ਕਮਾਣਾ

—o—

ਚੰਨਣ ਸਿੰਘ ਜੀ ਜਥੇਦਾਰ ਜੋ ਇਹ ਵੀ ਸੀ ਮਰਹਾਣਾ, ਗੁਰਦਾ ਬਾਣਾ
ਕੁਦਰਤ ਨਾਲ ਆ ਮੇਲ ਜੋ ਹੋਯਾ ਹਾਣੀ ਘਰ ਪੁਰਾਣਾ, ਇਕ ਘਰਾਣਾ
ਵਾਹ ਰੱਬ ਦੇ ਰੰਗ ਨਿਆਰੇ ਵੇਖੋ ਰਾਜਾ ਰਾਣਾ, ਮੰਨੋ ਭਾਣਾ
ਵੀਰ ਵੀਰਾਂ ਦੇ ਵੈਰ ਵਧੌਂਦਾ ਇਹ ਮਾਯਾ ਦਾ ਦਾਨਾ, ਫਾਹੀ ਤਾਣਾ

—o—

ਇਕ ਪਿੰਡ ਦੇ ਸਿਖ ਏਹ ਦੋਏਂ ਇਕ ਤਾਂ ਹੈ ਅਕਾਲੀ, ਮੁਖ ਤੇ ਲਾਲੀ
ਕਲਗੀ ਵਾਲੇ ਸਤਿਗੁਰ ਜੀ ਦੀ ਹੈ ਜੋ ਫੌਜ ਅਕਾਲੀ, ਸ਼ਕਤੀ ਵਾਲੀ
ਜਥੇਦਾਰ ਹੈ ਬਣਿਆ ਇਸਦਾ ਚੰਨਣ ਸਿੰਘ ਜੋ ਮਾਲੀ, ਮਾਰਕੇ ਛਾਲੀ
ਗੁਰੂ ਦੁਆਰ ਅਜ਼ਾਦ ਕਰੌਣੇ ਏਹੋ ਕਾਰ ਸੰਭਾਲੀ, ਧੁਰਦੀ ਚਾਲੀ

—o—

ਜੁੱਧ ਸ਼ਾਂਤਮਈ ਰਣ ਵਿਚ ਆਯਾ ਮੌਤ ਮੂੰਹੋਂ ਹੈ ਮੰਗੇ, ਮੂਲ ਨ ਸੰਗੇ
ਅਪਣਾ ਆਪ ਗਵਾਵਣ ਖਾਤਰ ਨੀਂਗਰ ਨੇ ਹੱਥ ਰੰਗੇ, ਅਪਣੇ ਚੰਗੇ

ਗੁਰਦੇ ਬਾਗ ਚਰਾਗ ਤੇ ਸੜਨਾ ਉਡਿਆ ਵਾਂਗ ਪਤੰਗੇ, ਅੱਗੇ ਲੰਘੇ
ਦੇਇ ਸੁਧਾਰ ਗੁਰੂ ਦੁਆਰੇ ਸ਼ਾਂਤਮਈ ਦੇ ਜੰਗੇ, ਨਾਲ ਉਮੰਗੇ
ਦੂਜਾ ਅਪਣੇ ਗੁਰ ਨੂੰ ਭੁਲਦੇ ਆਯਾ ਬੱਦਲ ਚੜ੍ਹਕੇ, ਬਿਜਲੀ ਕੜਕੇ
ਵੀਰ ਵੀਰਾਂ ਨੂੰ ਮਾਰਨ ਆਯਾ, ਸਿੱਖੀ ਛਿੱਕੇ ਧਰਕੇ, ਗੁਰ ਤੋਂ ਮਰਕੇ
ਨੌਕਰਸ਼ਾਹੀ ਜ਼ਾਲਮ ਸੰਦਾ ਹੱਦੀ ਪੁਰਜਾ ਬਣਕੇ, ਅੱਗ ਵਿਚ ਸੜਕੇ
ਫੜ ਬੰਦੂਕ ਡਰਾਉਣ ਲੱਗਾ ਨਾਲ ਗੋਲੀਆਂ ਭਰਕੇ, ਡਾਂਗਾ ਫੜਕੇ

[ਸ਼ੇਰ ਸਿੰਘ ਨਾਇਬ ਤਸੀਲਦਾਰ ਮਰਹਾਣਾ ਨੇ ਅਕਾਲੀਆਂ ਨੂੰ ਆਖਣਾ ਪਿਛੇ ਹਟ ਜਾਓ]

ਜਥਾ ਜੋ ਅਕਾਲੀਆਂ ਦਾ ਖੜਾ ਸੜਕੇ, ਸ਼ੇਰ ਸਿੰਘ ਬੋਲਿਆ ਕੜਕ ਸੜਕੇ
ਜੇਕਰ ਅਕਾਲੀਓ ਅਗਾਹਾਂ ਆਓਗੇ, ਦੇਖਣਾ ਤਮਾਮ ਹੁਣੇ ਮਾਰੇ ਜਾਓਗੇ
ਹਟਿਓ ਪਛਾੜੀ ਨ ਅਗਾੜੀ ਆਵਣਾ, ਮਾਰਾਂਗਾ ਮੈਂ ਸਾਰਿਆਂ ਨੂੰ ਮੁੜ ਜਾਵਣਾ
ਗਾਲਾਂ ਕੱਢ ਬੋਲਦਾ ਬੁਰੀ ਕਲਾਮ ਜੀ, ਜਥਾ ਬੋਲੇ ਵਾਹਿਗੁਰੂ ਸਤਿਨਾਮ ਜੀ

[ਜਵਾਬ ਜਥੇਦਾਰ]

ਸ਼ੇਰ ਸਿੰਘ ਕੈਰ ਤੋਂ ਨ ਰਤਾ ਡੋਲਿਆ, ਅੱਗੋਂ ਸ਼ੇਰ ਦਿਲ ਜਥੇਦਾਰ ਬੋਲਿਆ
ਗੁਰੂ ਬਾਗ ਜਾਣ ਤੋਂ ਨ ਅਸਾਂ ਰੁਕਣਾ, ਸ਼ੇਰ ਵਾਂਗ ਵਿਚ ਹੈ ਮਦਾਨ ਬੁੱਕਣਾ
ਅੰਗ ਅੰਗ ਭਾਵੇਂ ਸਾਡੇ ਕੱਟੇ ਜਾਣ ਜੀ, ਤਾਂ ਵੀ ਨ ਰੁਕਾਂਗੇ ਤੁਸੀਂ ਵੇਖੋ ਆਣ ਜੀ
ਹੱਥ ਨ ਉਠਾਵਣਾ ਤੇ ਮਰ ਜਾਵਣਾ, ਅਸਾਂ ਗੁਰੂ ਬਾਗ ਨੂੰ ਜਰੂਰ ਜਾਵਣਾ
ਪਿਛੇ ਸਿੰਘਾਂ ਤਾਈਂ ਜਦੋਂ ਦੁਖਪਿਆ ਸੀ, ਅੱਸੀ ਅੱਸੀ ਸਿਰਾਂ ਦਾ ਜਾਂ ਮੁੱਲ ਪਿਆ ਸੀ
ਕੱਖ ਕੱਖ ਵੈਰੀ ਓਦੋਂ ਬਣ ਗਿਆ ਸੀ, ਓਦੋਂ ਸਿੰਘਾਂ ਜਿੱਤ ਏ ਮਦਾਨ ਲਿਆ ਸੀ
ਗੁਰੂ ਦੇ ਦੁਆਰਿਆਂ ਤੋਂ ਸਿੰਘ ਵੀਰ ਜੀ, ਓਦੋਂ ਵੀ ਨ ਰੁਕੇ ਜਦੋਂ ਪਈ ਭੀੜ ਸੀ
ਹੁਣ ਅਸਾਂ ਪਿਛਾਂ ਨਾਹੀ ਪੈਰ ਪਾਂਵਣਾ, ਅਸਾਂ ਗੁਰੂ ਬਾਗ ਨੂੰ ਜਰੂਰ ਜਾਵਣਾ
ਸਾਡੇ ਗੁਰਾਂ ਜੇਹੜੀਆਂ ਨੇ ਥਾਵਾਂ ਮੱਲੀਆਂ, ਓਥੇ ਇਹ ਸੰਗਤਾਂ ਤਮਾਮ ਚੱਲੀਆਂ
ਸਿਦਕ ਨ ਜਾਵੇ ਸਿਰ ਜਾਵੇ ਪਜਾਰਿਆ, ਸਾਡੇ ਗੁਰਾਂ ਸੱਚਿਆਂ ਏਹੋ ਉਚਾਰਿਆ
ਬਾਹੋਂ ਫੜ ਹਿੰਦ ਨੂੰ ਸੀ ਆਪ ਤਾਰਿਆ, ਦੇਸ ਕੌਮ ਉਤੋਂ ਇਹ ਸਿਰ ਵਾਰਿਆ
ਅਸੀਂ ਪੁਤ ਓਨਾਂ ਦੇ ਨ ਭੈ ਖਾਵਣਾ, ਅਸਾਂ ਗੁਰੂ ਬਾਗ ਨੂੰ ਜਰੂਰ ਜਾਵਣਾ

[ਮਰਹਾਣੇ ਦੇ ਦੈਂਤ ਤੇ ਦੇਵਤੇ ਦਾ ਸ਼ਾਤਮਈ ਜੰਗ]

ਈਕੂੰ ਜਥੇਦਾਰ ਸ਼ੇਰ ਦਿਲ ਬੋਲਿਆ, ਸ਼ੇਰ ਸਿੰਘ ਕੈਰ ਤੋਂ ਨ ਰਤਾ ਡੋਲਿਆ
ਓਸੇ ਵੇਲੇ ਸ਼ੇਰ ਸਿੰਘ ਗੁੱਸਾ ਖਾਂਵਦਾ, ਤੇਈਆਂ ਪਠਾਣਾਂ ਤਾਈਂ ਹੈ ਬੁਲਾਂਵਦਾ

ਦੋ ਕੁ ਨਾਲ ਗੋਰਖਿਆਂ ਤਾਈਂ ਸੱਦਿਆ, ਦੇਵਣ ਹੁਕਮ ਅੱਗੇ ਨਾਲ ਵੱਦਿਆ
ਦੇਂਵਦਾ ਹੁਕਮ ਹੈ ਭੰਬੂਕਾ ਅੱਗ ਦਾ, ਤੇਰਾ ਭਾਣਾ ਵਾਹਿਗੁਰੂ ਮਿੱਠਾ ਲੱਗਦਾ
ਮਾਰੋ ਓਇ ਬਹਾਦਰੋ ਦਲੇਰ ਹੋਇਕੇ, ਖੜਨ ਏਥੋਂ ਮੋਇਆਂ ਨੂੰ ਅੱਜ ਢੋਇਕੇ
ਬੇਸ਼ਕ ਅਕਾਲੀਏ ਇਹ ਸਾਰੇ ਮਾਰਦੋ, ਲੋਥਾਂ ਉਤੇ ਲੋਥਾਂ ਮਾਰ ਕਰ ਚਾੜਦੋ
ਹੁਕਮ ਹੈ ਮੇਰਾ ਮੈਂ ਤਸੀਲਦਾਰ ਹਾਂ, ਹਾਕਮ ਇਲਾਕੇ ਦਾ ਮੈਂ ਐਸਵਾਰ ਹਾਂ
ਜਬਾਨੀਕਹੱਯਾਇਨ੍ਹਾਂਤਾਂਈਂ ਨਹੀਂ ਲਗਦਾ, ਤੇਰਾਭਾਣਾ ਵਾਹਿਗੁਰੂ ਮਿੱਠਾ ਲੱਗਦਾ
ਏਸ ਗਲ ਕਹਿਣਦੀਹੋਈ ਹੀਢਿੱਲ ਜੀ, ਪੁਲਸੀਆਂਨੇ ਦੇਰਨਾਹੀਲਾਈ ਤਿੱਲ ਸੀ
ਫੜ ਲਈਆਂ ਡਾਗਾਂ ਇਕੋ ਵਾਰ ਉਠਕੇ, ਆ ਪਏ ਅਕਾਲੀਆਂ ਤੇ ਸਾਰੇ ਟੁਟਕੇ
ਡਾਂਗਾ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਕੀ ਮੈਂ ਸੁਣਾਵਾਂ ਜੋਈ ਸਿਰ ਬੀਤਿਆਂ
ਦੇਖੋ ਇਹ ਹਾਲ ਅੰਗ੍ਰੇਜ਼ ਠੱਗਦਾ, ਤੇਰਾ ਭਾਣਾ ਵਾਹਿਗੁਰੂ ਮਿੱਠਾ ਲੱਗਦਾ
ਮੀਂਹ ਵਾਂਗ ਡਾਂਗਾਂ ਨੇ ਵਰਾਈਆਂ ਆਣਕੇ, ਮਾਰਸੁੱਟੇ ਸਿੰਘ ਨੇ ਅਕਾਲੀ ਜਾਣਕੇ
ਛੱਲੀਆਂ ਦੇ ਵਾਂਗ ਸਿੰਘਾਂ ਤਾਈ ਕੁੱਟਿਆ, ਬਕਰੀ ਨਿਮਾਣੀ ਤੇ ਕਸਾਈ ਟੁੱਟਿਆ
ਜ਼ਾਲਮਾਂ ਦਾ ਜਥਾ ਇਕੋ ਵਾਰ ਉਠਿਆ, ਮਾਰ ਮਾਰ ਖਾਲਸਾ ਨੂੰ ਮਾਰ ਸੁਟਿਆ
ਪਿੰਜਰੇ ਦੇ ਵਿਚੋਂ ਬਘਿਆੜ ਛੁੱਟਿਆ, ਗਜਬ ਗੁਜ਼ਾਰਨ ਨੂੰ ਆਣ ਜੁੱਟਿਆ
ਕੌਣ ਹੈ ਗਰੀਬ ਦਾ ਕੀ ਹਾਲ ਜੱਗਦਾ, ਤੇਰਾ ਭਾਣਾ ਵਾਹਿਗੁਰੂ ਮਿਠਾ ਲੱਗਦਾ
ਗੁਪਤ ਅੰਗਾਂ ਉਤੇ ਹੁੱਝਾਂ ਬਹੁਤ ਮਾਰੀਆਂ, ਸਤਿਨਾਮ ਸੰਗਤਾਂ ਕਹਿਣ ਸਾਰੀਆਂ
ਗਜਬ ਗੁਜਾਰਿਆ ਪੁਲਸ ਵਾਲਿਆਂ, ਲੱਭਣਾ ਨ ਜ਼ੁਲਮ ਜਹਾਂਨ ਭਾਲਿਆਂ
ਵਾਹਿਗੁਰੂ ਵਾਹਿਗੁਰੂ ਸਿੰਘ ਗਾਂਵਦੇ, ਪੁਲਸ ਵਾਲੇ ਸਾਰੇ ਉਤੋਂ ਮਾਰੀ ਜਾਂਵਦੇ
ਸਾਰੇ ਹੈ ਸਰੀਰ ਵਿਚੋਂ ਲਹੂ ਵੱਗਦਾ, ਤੇਰਾ ਭਾਣਾ ਵਾਹਿਗੁਰੂ ਮਿਠਾ ਲੱਗਦਾ
ਜਦੋਂ ਮਾਰ ਚੁੱਕੇ ਬਹੁਤ ਮਾਰ ਮਾਰਕੇ, ਜਮ ਵਾਲਾ ਰੂਪ ਤੇ ਸ਼ਕਲ ਧਾਰਕੇ
ਹੋਰ ਹੁਣ ਜ਼ੁਲਮ ਲੱਗੇ ਕਮਾਵਣੇ, ਦੇਸ ਰੱਖ ਵਾਲੇ ਨਾਮ ਨੇ ਕਹਾਂਵਣੇ
ਸਿੰਘਾਂ ਨੂੰ ਘਸੀਟਣਾਂ ਹੈ ਸ਼ੁਰੂ ਕਰਿਆ, ਬਾਹਾਂ ਲਤਾਂ ਕੇਸਾਂ ਤੇ ਪੁਲਸ ਫੜਿਆ
ਖਾਲਸਾ ਬੇਹੋਸ਼ ਹੈ ਨ ਸੁੱਧਾਂ ਆਈਆਂ, ਇੱਕ ਹੋਰ ਜ਼ੁਲਮ ਕੀਆ ਕਸਾਈਆਂ
ਲਾਹ ਲਾਹ ਪੱਗਾਂ ਨੇ ਸਿਰੋਂ ਉਡਾਈਆਂ, ਦੇਖ ਲੈ ਹਾਲ ਕੀ ਪੰਜਾਬ ਸਾਂਈਆਂ
ਹੋਯਾ ਕੈਸਾ ਹਾਲ ਕ੍ਰਿਪਾਨ ਪੱਗਦਾ, ਤੇਰਾ ਭਾਣਾ ਵਾਹਿਗੁਰੂ ਮਿੱਠਾ ਲਗਦਾ

{ ਸਿੰਘਾਂ ਨੇ ਹੋਸ਼ ਸੰਭਾਲ ਕੇ ਗੁਰੂ ਕੇ ਬਾਗ ਵੱਲ ਜਾਣ ਵਾਸਤੇ ਉਠਣਾ ਤੇ ਸ੍ਰਕਾਰੀ ਕਰਮਚਾਰੀਆਂ ਨੇ ਮੋਇਆਂ ਨੂੰ ਮਾਰਨਾ }

ਜ਼ੁਲਮ ਗੁਜਾਰਕੇ ਨ ਅਜੇ ਰੱਜਿਆ, ਖਾਲਸੇ ਨੂੰ ਹੋਸ਼ ਆਈ ਉੱਠ ਗੱਜਿਆ
ਸਤ ਸ੍ਰੀ ਅਕਾਲ ਮੁੱਖੋਂ ਆਣ ਗੱਜਿਆ, ਥੋੜੇ ਜਹੇ ਜਥੇ ਦਾ ਜੈਕਾਰਾ ਵੱਜਿਆ
ਜਾਬਰਾਂ ਨੇ ਫੇਰ ਇਸੇ ਗੱਲ ਕਰਕੇ, ਕੁੱਟਣਾਂ ਹੈ ਸ਼ੁਰੂ ਕੀਤਾ ਡਾਂਗਾ ਫੜਕੇ
ਦੇਖਦੇ ਨੇ ਮਾਰ ਲੋਕ ਖੜੇ ਕੋਲ ਦੇ, ਵਾਹਿਗੁਰੂ ਸਤਿਨਾਮ ਸਿੰਘ ਬੋਲਦੇ

[ਬਿਹੋਸ਼ ਸਿੰਘਾਂ ਨੂੰ ਕੇਸ਼ਾਂ ਤੋਂ ਫੜਕੇ ਧੂਹਿਆ ਗਿਆ]

ਜਦੋਂ ਸਿੰਘ ਬਹੁਤ ਬਿਹੋਸ਼ ਹੋ ਗਏ, ਸਿਰ ਤੇ ਕਰਮਚਾਰੀ ਆ ਖਲੋ ਗਏ
ਕੇਸਾਂ ਤਾਂਈਂ ਪਕੜ ਬੁਰਾ ਘਸੀਟਿਆ, ਜ਼ੁਲਮ ਗੁਜਾਰਕੇ ਜੋ ਹੈ ਘਸੀਟਿਆ
ਜਿੰਨਾਂ ਕੇਸਾਂ ਤਾਈਂ ਤੁਸਾਂ ਆਪ ਪਾਲਿਆ, ਦੇਖਲੈ ਜ਼ੁਲਮ ਅੱਜ ਕਲਗੀ ਵਾਲਿਆ
ਓਨਾਂ ਤਾਈਂ ਪਕੜ ਫਰੰਗੀ ਰੋਲਦੇ, ਵਾਹਿਗੁਰੂ ਸਤਿਨਾਮ ਸਿੰਘ ਬੋਲਦੇ

[ਸਿੰਘਾਂ ਨੂੰ ਗਾਰ ਵਾਲੀ ਛਪੜੀ ਵਿਚ ਹੇਠ ਉਤੇ ਸੁਟਿਆ ਗਿਆ]

ਇੱਕ ਛੋਟੀ ਜੇਹੀ ਗਾਰ ਵਾਲੀ ਛੱਪੜੀ, ਮੀਂਹ ਨਾਲ ਭਰੀ ਹੋਈ ਸੀਗੀ ਬੱਪੜੀ
ਬਾਰਾਂ ਸਿੰਘਾਂ ਤਾਈਂ ਜੋ ਘਸੀਟ ਕਰਕੇ, ਛੱਪੜੀ ਦੇ ਵਿਚ ਪਾਯਾ ਕੇਸੋਂ ਫੜਕੇ
ਇੱਕ ਦੂਸਰੇ ਦੇ ਉਤੇ ਸਿੰਘ ਸੁੱਟਿਆ, ਪਹਿਲਾਂ ਫੜ ੨ ਸਿੰਘਾਂ ਤਾਈਂ ਕੁਟਿਆ
ਕਰਦੇ ਇਨਸਾਫ ਹਾਂ ਕੁਫਰ ਤੋਲਦੇ, ਵਾਹਿਗੁਰੂ ਸਤਿਨਾਮ ਸਿੰਘ ਬੋਲਦੇ
ਜਾਬਰਾਂ ਨੇ ਖਾਲਸੇ ਨੂੰ ਬੁਰਾ ਮਾਰਿਆ, ਕਿਸੇ ਵੀ ਨ ਕੀਤੀ ਅੱਗੋਂ ਹਾਲ ਪਾਰ੍ਹਿਆ
ਵਾਹਿਗੁਰੂ ਵਾਹਿਗੁਰੂ ਸੀ ਉਚਾਰਿਆ, ਸਤਿਨਾਮ ਸਤਿਨਾਮ ਗਾਯਾ ਪਜਾਰਿਆ
ਫੜ ਫੜ ਸਿੰਘਾਂ ਨੂੰ ਬੁਰਾ ਘਸੀਟਿਆ, ਤੂੰ ਵੀ ਲੇਖਾ ਦੇਵੇਂ ਆਣ ਅਖੀਂ ਮੀਟਿਆ
ਖਾਲਸੇ ਬਿਹੋਸ਼ ਨਾਲ ਕੀਤਾ ਹਾਲ ਤੂੰ, ਲਊ ਤੇਰੀ ਖਬਰ ਕਰੀਂ ਖਿਆਲ ਤੂੰ
ਸੜਕੋਂ ਘਸੀਟ ਆਸ ਪਾਸ ਸੁੱਟਿਆ, ਲਾਹ ਲਏ ਕਪੜੇ ਤੇ ਮਾਲ ਲੁੱਟਿਆ
ਖਾਲਸੇ ਬਿਹੋਸ਼ ਪਏ ਹੋਏ ਆਣਕੇ, ਗੋਰਖੇ ਪਠਾਣ ਜੋ ਸ਼ੈਤਾਨ ਜਾਣਕੇ
ਹਰ ਇੱਕ ਕੋਲ ਜਾਕੇ ਖੀਸੇ ਫੋਲਦੇ, ਵਾਹਿਗੁਰੂ ਸਤਿਨਾਮ ਸਿੰਘ ਬੋਲਦੇ

[ਕਵਿਰਾਜ ਬਿਲਾਸ]

ਪੁਛਦੇ ਨਾਇਬ ਜੋ ਤਸੀਲਦਾਰ ਤੋਂ, ਪੁੱਛਿਆ ਜਵਾਬ ਗਿਆ ਗੁਰੂ ਮਾਰ ਤੋਂ
ਕਿਸਦੇ ਹੁਕਮ ਨਾਲ ਏ ਸਿਪਾਹੀਆਂ, ਕੁੱਟਿਆ ਹੈ ਖਾਲਸੇ ਨੂੰ ਜਯੋਂ ਕਸਾਈਆਂ
ਤਸੀਲਦਾਰ ਅੱਗੋਂ ਬੋਲਕੇ ਸੁਣਾਂਵਦਾ, ਏਥੇ ਅਫਸਰ ਸੱਭੋ ਹੀ ਕਰਾਂਵਦਾ

ਇਨ੍ਹਾਂ ਕਰਮਚਾਰੀਆਂ ਦੇ ਪੋਲ ਖੋਲਦੇ, ਵਾਹਿਗੁਰੂ ਸਤਿਨਾਮ ਸਿੰਘ ਬੋਲਦੇ

[ਸ਼ੇਰ ਸਿਘ ਨਾਇਬ ਤਸੀਲਦਾਰ ਦੀ ਪੁਰਾਣੀ ਖਾਨਦਾਨੀ]

ਭੇਉੜ–ਛਡਕੇ ਹਾਲ ਅਕਾਲੀ ਦਲ ਦਾ ਏਥੇ ਮੇਰੇ ਪਜਾਰੇ, ਮੈਂ ਬਲਿਹਾਰੇ
ਸ਼ੇਰ ਸਿੰਘ ਦਾ ਹਾਲ ਸੁਣਾਵਾਂ ਸੁਣ ਲੋ ਆਕੇ ਸਾਰੇ, ਜਾਵਾਂ ਵਾਰੇ
ਪਿਓ ਪੁੱਤਾਂ ਨੇ ਸਿੱਖ ਕਹਾਕੇ ਜੀਕੂੰ ਗਜਬ ਗੁਜਾਰੇ, ਵੱਡੇ ਭਾਰੇ
ਝੋਲੀ ਚੁੱਕ ਕਹਾਇ ਪੂਰੇ ਦੋਵੇਂ ਭਾਰੇ ਮਾਰੇ, ਜੰਗਦੇ ਤਾਰੇ

—o—

ਜੇਲਦਾਰ ਕਪੂਰ ਸਿੰਘ ਹੈ ਅੰਮ੍ਰਿਤਸਰ ਮਰਹਾਣਾ, ਪਿੰਡ ਪੁਰਾਣਾ
ਸ਼ੇਰ ਸਿੰਘ ਹੈ ਪੁਤ੍ਰ ਇਸਦਾ ਦਾਰ ਤਸੀਲੂ ਠਾਣਾ, ਪਿਓ ਦਾ ਦਾਣਾ
ਜੈਲਦਾਰ ਕਪੂਰ ਸਿੰਘ ਨੂੰ ਜਾਣਤ ਸੱਭੇ ਸੁਜਾਣਾ, ਸਿਖ ਘਰਾਣਾ
ਬਿਸ਼ਨ ਸਿੰਘ ਸੁਣ ਪੰਥ ਪਿਆਰੇ ਵਿਗੜਿਆ ਪੇਟਾਤਾਣਾ, ਮੁੱਢ ਦਾਕਾਣਾ

—o—

ਜੈਲਦਾਰ ਕਪੂਰ ਸਿੰਘ ਨੇ ਵੱਡੇ ਜ਼ੁਲਮ ਕਮਾਏ, ਕਹੇ ਨਾ ਜਾਏ
ਪਿੰਡ ਮਰਹਾਣਾ ਸਾਰਾ ਇਸਨੇ ਦਿੱਤਾ ਉਜਾੜਾ ਆਏ, ਹੱਥ ਦਿਖਾਏ
ਇਸੇ ਬੇਦੌਲਤ ਬਹੁਤੇ ਸਾਰੇ ਸਿਖ ਜੇਲ੍ਹਾਂ ਵਿਚ ਆਏ, ਏਨ ਫੜਾਏ
ਦੇਸ ਭਗਤ ਕਈ ਸਿੰਘ ਅਕਾਲੀ ਅੱਠਅੱਠ ਸਾਲ ਸਜਾਏ, ਜੇਲ੍ਹੀਂ ਪਾਏ

—o—

ਖਾਸ ਪਿੰਡ ਮਰਹਾਣੇ ਅੰਦੇ ਇਸਨੇ ਸਿੱਖ ਉਜਾੜੇ, ਬਹੁਤੇ ਸਾਰੇ
ਵਧ ਤੋਂ ਵਧ ਦੂਆ ਸਜਾਵਾਂ ਇਸਨੇ ਜ਼ੁਲਮ ਗੁਜਾਰੇ, ਵੱਡੇ ਭਾਰੇ
ਜਰਮਾਨੇ ਕਰਵਾ ਕਰ ਇਸਨੇ ਕੀਤੇ ਕੰਮ ਨਕਾਰੇ, ਅਪਰ ਅਪਾਰੇ
ਘਰ ਸਿੱਖਾਂ ਦੇ ਕੁਰਕ ਕਰਾਕੇ ਭੁੱਖੇ ਵੀ ਸਿਖ ਮਾਰੇ, ਗਰੀਬ ਵਿਚਾਰੇ

—o—

ਜੋ ਜੋ ਇਸਨੇ ਜ਼ੁਲਮ ਗੁਜ਼ਾਰੇ ਮੈਨੂੰ ਕਹਿਣੇ ਔਂਦੇ, ਮੁੱਖ ਨ ਭੌਂਦੇ
ਜੋ ਜੋ ਇਸਨੇ ਸਿਖ ਪਕੜਾਏ ਜੇਲ੍ਹੀਂ ਗੁਰ ਨੂੰ ਗੌਂਦੇ, ਖੁਸ਼ੀ ਮਨੌਂਦੇ
ਜੇਲ੍ਹ ਮਿੰਟਗੁਮਰੀ ਵਿਚ ਰਹਿੰਦੇ ਹੁਣ ਤਕ ਦੁਖ ਉਠੌਂਦੇ, ਨਹੀਂ ਜਤੌਂਦੇ
ਦੁਖਾਂ ਦੇ ਵਿਚ ਬਿਸ਼ਨ ਸਿੰਘਾ ਖਾਲਸੇ ਸੁਖ ਬਤੌਂਦੇ, ਸ਼ੇਰ ਕਹੌਂਦੇ

—o—

ਸਾਰਿਆਂ ਪਿੰਡਾਂ ਵਾਲਿਆਂ ਕੋਲੋਂ ਪੁੱਛੋਂ ਮੇਰੇ ਭਾਈ, ਗੱਲ ਸਫਾਈ
ਇਤਨੀਆਂਲੰਮੀਆਂਸਜਾਵਾਂਮਿਲੀਆਂਕਿਸਨੂੰਦਿਓਦਿਖਾਈ,ਨਾਲਦਨਾਈ
ਜੈਲਦਾਰ ਕਪੂਰ ਸਿੰਘ ਤੋਂ ਵਧਕੇ ਕੌਣ ਕਸਾਈ, ਇੱਜ਼ਤ ਪਾਈ
ਅਜੇ ਤਾਕ ਵੀ ਪਿਆ ਸੁਣੇਂਦਾ ਪਾਕੇ ਹਾਲ ਦੁਹਾਈ, ਸਿੰਘਾਂ ਤਾਂਈ

—o—

ਥੋੜੇ ਜ਼ੁਲਮ ਪਛਾੜੀ ਕੀਤੇ ਵੱਜ ਵਜਾਕੇ ਕਹਿੰਦਾ, ਬਾਜ ਨ ਰਹਿੰਦਾ
ਜੋ ਸਿਖ ਮੈਂ ਹੈ ਜੇਲ੍ਹੀਂ ਪਾਯਾ ਦੁਖ ਬੜਾ ਉਹ ਸਹਿੰਦਾ, ਸੁੱਖ ਨ ਲਇੰਦਾ
ਬਾਹਰਨਿਕਲਨਕੋਈਨਾਂਦੇਵਾਂ ਕਹਿੰਦਾਉਠਦਾ ਬਹਿੰਦਾ,ਬੋਲਣਡਹਿੰਦਾ
ਜੋ ਜੋ ਪਾਪੀ ਨਾਲ ਫਕੀਰਾਂ ਵਾਂਗ ਖਿੰਗਰਾਂ ਖਹਿੰਦਾ, ਹੈ ਡਿਗ ਪਇੰਦਾ

—o—

ਜੈਲਦਾਰ ਖਰਾਬ ਇੱਕੋ ਹੀ ਲੋਕਾਂ ਕੀਆ ਖਿਆਲਾ,ਦਿਲਦੇ ਨਾਲਾ
ਪਰ ਇਸ ਜ਼ੁਲਮ ਪੁੱਤ੍ਰ ਤੋਂ ਸੁੱਝਦਾ ਪਿਓ ਪੁੱਤ੍ਰ ਨੇ ਚਾਲਾ, ਏਕ ਸੰਭਾਲਾ
ਪਿਓ ਤੋਂ ਘੱਟ ਨ ਕਿੱਸੇ ਗੱਲੋਂ ਪੁੱਤ੍ਰ ਵੀ ਸਸਿ ਕਾਲਾ, ਪਿਓ ਦਾ ਬਾਲਾ
ਕੌਣ ਘਟ ਤੇ ਕੌਣ ਵਧ ਹੈ ਹਾਲ ਸੁ ਇਹ ਨਿਰਾਲਾ, ਫੈਸਲੇ ਵਾਲਾ

[ਕਵਿਰਾਜ ਬਿਲਾਸ]

ਪਿਛਲੇ ਇਕ ਜਮਾਨੇ ਅੰਦਰ ਮੈਂ ਪ੍ਰਸੰਗ ਵਿਚਾਰਾ, ਕਰਾਂ ਉਚਾਰਾ
ਕੋਲ ਤੁਰਕਾਂ ਦੇ ਨੌਕਰ ਹੋਯਾ ਸਿੱਖ ਗੁਰੂ ਦਾ ਭਾਰਾ, ਪਰਮ ਉਦਾਰਾ
ਨਾਮ ਸ਼ਹੀਦ ਸੁਬੇਗ ਸਿੰਘ ਸੀ ਸਿੱਖੀ ਅਜਬ ਨਜ਼ਾਰਾ, ਪੰਥ ਮਝਾਰਾ
ਉਸ ਸ਼ਹੀਦ ਸੁਬੇਗ ਸਿੰਘ ਨੂੰ ਪੰਥ ਜਾਣਦਾ ਸਾਰਾ, ਗੁਰੂ ਪਿਆਰਾ

ਸ਼ਹੀਦ ਸੁਬੇਗ ਜੀ ਸਿੰਘ ਜੰਬਰ

ਜੰਬਰ ਪਿੰਡ ਲਾਹੌਰ ਨਿਵਾਸੀ ਸਿੰਘ ਸਬੇਗ ਕਹਾਂਦਾ, ਗੁਰ ਨੂੰ ਭਾਂਦਾ
ਪੂਰਾ ਸਿਖ ਸਿੱਖੀ ਵਿਚ ਪੱਕਾ ਧਰਮ ਕਿਰਤ ਕਰ ਖਾਂਦਾ, ਭਲਾ ਕਮਾਂਦਾ
ਨਾਲ ਸਿੱਖਾਂ ਦੇ ਪਿਆਰ ਘਨੇਰਾ ਸਿੱਖੀ ਦਰਦ ਰਖਾਂਦਾ, ਗੁਰਦਾ ਬਾਂਦਾ
ਸੁੱਧ ਸੁਭਾਵ ਤੇ ਪੜ੍ਹਿਆ ਲਿਖਿਆ ਗੁਰ ਮਾਰਗ ਤੇ ਜਾਂਦਾ, ਬਾਣੀ ਗਾਂਦਾ

—o—

ਜਦ ਜਦ ਕੰਮ ਕੋਈ ਤੁਰਕਾਂ ਸੰਦਾ ਪੰਥ ਗੋਚਰਾ ਆਵੇ, ਏਹੋ ਜਾਵੇ
ਪੰਥ ਖਾਲਸੇ ਦੇ ਵਿਚ ਜਾਕੇ ਪਹਿਲੇ ਭੁਲ ਬਖਸ਼ਾਵੇ, ਡੰਡ ਲੁਵਾਵੇ

ਜਾਣ ਪੰਥ ਨੂੰ ਰੂਪ ਗੁਰੂ ਦਾ ਆਪਨਾ ਸਿਰ ਨਿਵਾਵੇ, ਤੇ ਗੁਣ ਗਾਵੇ
ਏਸੇ ਕਰਕੇ ਸਭ ਸਿੰਘਾਂ ਨੂੰ ਸਿੰਘ ਸਬੇਗ ਜੀ ਭਾਵੇ, ਵੀਰ ਕਹਾਵੇ

--o--

ਸਿਖ ਕੈਦੀ ਕੋਈ ਫੜਿਆ ਹੋਯਾ ਵਿਚ ਲਾਹੌਰ ਜਾਵੇ, ਕੋਲ ਬਹਾਵੇ
ਅਪਣੇ ਵੱਲੋਂ ਇਹ ਪ੍ਰਸ਼ਾਦਾ ਨਾਲ ਪ੍ਰੇਮ ਛਕਾਵੇ, ਸੁਖੀ ਸਵਾਵੇ
ਨਾਲ ਪ੍ਰੇਮ ਦੇ ਕੋਲ ਬਹਾਕੇ ਸਾਖੀ ਸੁਣੇ ਸੁਣਾਵੇ, ਬਾਣੀ ਗਾਵੇ
ਹੰਨੇ ਹੰਨੇ ਰਾਜ ਅਸਾਡਾ ਹੋਣਾ ਹੁਣੇ ਬਤਾਵੇ, ਧੀਰ ਦਵਾਵੇ

--o--

ਅੱਖੀਂ ਅੱਗੇ ਸਿੱਖ ਰੋਜ਼ਦੇ ਕਈ ਜਾਂਵਦੇ ਮਾਰੇ, ਦੁਖ ਸਹਾਰੇ
ਚੜ੍ਹ ਚਰਖੀ ਤੇ ਸਿੱਖ ਹਜ਼ਾਰਾਂ ਹੋਣ ਸ਼ਹੀਦ ਵਿਚਾਰੇ, ਮਨ ਵਿਚਾਰੇ
ਕਿਸੇ ਦਿਨ ਨੂੰ ਭਾਗ ਹੋਣਗੇ ਚੰਗੇ ਆਣ ਹਮਾਰੇ, ਬਹੁਤੇ ਸਾਰੇ
ਇਸ ਚਰਖੀ ਤੇ ਆਣ ਚੜ੍ਹਾਂਗੇ ਪਿਓ ਪੁਤ ਦੋਵੇਂ ਪਜ਼ਾਰੇ, ਸਿਦਕੀ ਭਾਰੇ

[ਲਾਰੀਆਂ ਵਿਚ ਪਾਕੇ ਪਰ ਫਟੜ ਅਕਾਲੀਆਂ ਨੂੰ ਅਕਾਲੀਆਂ ਦੇ ਬਾਗ ਵਿਚ ਲਿਆਉਣਾ]

"ਬੱਕਰੀ ਕਸਾਈ ਦਾ ਹੈ ਜੰਗ ਜੁੱਟਿਆ"

ਸੱਟਾਂ ਜਦੋਂ ਲੱਗੀਆਂ ਨੇ ਬਹੁਤ ਸਾਰੀਆਂ, ਹੋਈਆਂ ਬਿਹੋਸ਼ ਸੰਗਤਾਂ ਨੇ ਭਾਰੀਆਂ
ਸੀ ਬਵਿੰਜਾ ਬਹੁਤ ਬਿਹੋਸ਼ ਹੋ ਪਏ, ਦੇਖਣ ਜੋ ਵਾਲੇ ਸੀ ਤਮਾਮ ਰੋ ਪਏ
ਲੱਦੇ ਨੇ ਬਵਿੰਜਾ ਚੁੱਕ ਵਿੱਚ ਲਾਰੀਆਂ, ਬਾਗ ਵਿਚ ਰੱਖੀਆਂ ਆ ਲੋਥਾਂ ਸਾਰੀਆਂ
ਬਦੋ ਬਦੀ ਅੱਖਾਂ ਵਿਚੋਂ ਨੀਰ ਛੁੱਟਿਆ, ਬਕਰੀ ਕਸਾਈ ਦਾ ਹੈ ਜੰਗ ਜੁੱਟਿਆ

{ਹੋਸ਼ ਸੰਭਾਲਕੇ ੪੮ ਅਕਾਲੀਆਂ ਨੇ ਜਥੇਦਾਰ ਸਮੇਤ ਗੁਰੂ ਕੇ ਬਾਗ ਵੱਲ ਜਾਣ ਦਾ ਕਮਰਕੱਸਾ ਕਰਨਾ}

ਬਾਕੀ ਅਠਤਾਲੀ ਸਿੰਘ ਪਏ ਹੋਏ ਸੀ, ਕੁਝ ਸੜਕ ਉਤੇ ਕੁਝ ਵਿਚ ਟੋਏ ਸੀ
ਕੁਝ ਚਿਰ ਪਿੱਛੋਂ ਜਦੋਂ ਹੋਸ਼ ਆ ਗਈ, ਖਾਲਸੇ ਨੇ ਉਠਕੇ ਫਤੇ ਗਜਾ ਲਈ
ਸ਼ੇਰ ਜਥੇਦਾਰ ਉਠ ਕਰ ਗੱਜਿਆ, ਗੁਰੂ ਬਾਗ ਜਾਣ ਵੱਲ ਉੱਠ ਭੱਜਿਆ
ਭਾਵੇਂ ਅੰਗ ਅੰਗ ਸਾਰਾ ਸੀਗਾ ਟੁੱਟਿਆ, ਬੱਕਰੀ ਕਸਾਈ ਦਾ ਹੈ ਜੰਗ ਜੁੱਟਿਆ
ਜ਼ਾਲਮਾਂ ਕਸਾਈਆਂ ਤੋਂ ਨਹੀਂ ਡੋਲਿਆ, ਜੱਥੇਦਾਰ ਉਠ ਲਲਕਾਰ ਬੋਲਿਆ
ਉਠੋ ਓ ਸ਼ਹੀਦਾਂ ਦੇਉ ਬੀਰ ਬੱਚਿਓ, ਗੁਰੂ ਬਾਗ ਚੱਲੀਏ ਅਕਾਲੀ ਸੱਚਿਓ
ਜਿੰਨਾਂ ਚਿਰ ਹੋਸ਼ ਹੈ ਨ ਅਸਾਂ ਟੱਲਣਾ, ਗੁਰੂ ਬਾਗ ਵੱਲ ਹੈ ਜ਼ਰੂਰ ਚੱਲਣਾ

ਭਾਵੇਂ ਸਾਡੇ ਨਿਕਲ ਪ੍ਰਾਨ ਜਾਣ ਜੀ, ਪਿਛਾਂ ਨਾਹੀ ਹੱਟਣਾ ਕਰੋ ਧਿਆਨ ਜ
ਸੁਣਕੇ ਅਕਾਲੀਆਂ ਦਾ ਟੋਲਾ ਉਠਿਆ, ਝੱਕਰੀ ਕਸਾਈ ਦਾ ਹੈ ਜੰਗ ਜੁੱਟਿਆ
ਜਥੇਦਾਰ ਆਖਦਾ ਸੁਣੋ ਪਿਆਰਿਓ, ਜੇੜ੍ਹਾ ਚੱਲ ਸੱਕਦਾ ਹੈ ਸੋ ਤਿਆਰਿ ਹੋ
ਜਿਸ ਮੇਰੇ ਨਾਲ ਹੈ ਅਗਾਹਾਂ ਚੱਲਣਾ, ਗੁਰੂ ਜੀ ਦੇ ਬਾਗ ਡੇਰਾ ਚੱਲ ਮੱਲਣਾ
ਓਹ ਮੇਰੇ ਨਾਲ ਤੁਰ ਪਉ ਪਜਾਰਿਓ, ਬਾਗ ਵਿਚ ਜਾਣਾਂ ਜਾਂ ਮਰਾਂਗੇ ਸਾਰਿਓ
ਅੱਜ ਹੈ ਸ਼ਹੀਦੀਆਂ ਦਾ ਮਜ਼ਾ ਲੁੱਟਿਆ, ਬੱਕਰੀ ਕਸਾਈ ਦਾ ਹੈ ਜੰਗ ਜੁੱਟਿਆ

ਅਕਾਲੀਆਂ ਨੇ ਗੁਰੂ ਕੇ ਬਾਗ ਵੱਲ ਤੁਰਨਾ ਅੰਗ੍ਰੇਜ ਅਫਸਰ ਨੇ ਢੋਲ ਵਜਾਕੇ ਆਉਣਾ ਤੇ
ਪੰਡਤ ਮਦਨ ਮੋਹਨ ਮਾਲਵੀ ਦੀ ਸੇਵਾ

ਸਿੰਘ ਅਠਤਾਲੀ ਜਥਾ ਤੁਰ ਪਿਆ ਹੈ, ਇਕ ਅੰਗ੍ਰੇਜ਼ ਝੱਟ ਆਇ ਗਿਆ ਹੈ
ਨਾਲ ਲੈ ਪੁਲਸ ਢੋਲ ਢੱਕਾ ਛੇੜਿਆ, ਜਥੇ ਨੂੰ ਸੜਕ ਉਤੇ ਆਣ ਘੇਰਿਆ
ਮਾਰਦਾ ਹੁਕਮ ਲੱਗਾ ਦੇਣ ਮੋੜਿਆ, ਮਾਲਵੀ ਪੰਡਤ ਓਸੇ ਵੇਲੇ ਰੋਕਿਆ
ਕੇੜ੍ਹੇ ਤੂੰ ਕਨੂੰਨ ਨਾਲ ਲੱਗਾ ਮਾਰਨੇ, ਬੁੱਧ ਮਾਰ ਲਈ ਤੇਰੀ ਰਾਜ ਭਾਰਨੇ
ਕਰ ਗ੍ਰਿਫਤਾਰ ਜਾਂ ਹਟਾਇ ਪਰਾਂ ਓ, ਮਾਰੇਂਗਾ ਜੇ ਤੂੰ ਮੈਂ ਸ਼ਕੈਤ ਕਰਾਂ ਓ
ਏਨਾਂ ਸਿੰਘਾਂ ਕੀ ਹੈ ਵਿਗਾੜ ਸੁੱਟਿਆ, ਬੱਕਰੀ ਕਸਾਈ ਦਾ ਹੈ ਜੰਗ ਜੁੱਟਿਆ
ਮੰਨੀ ਅੰਗ੍ਰੇਜ਼ ਨਾਹੀਂ ਇਕ ਗੱਲ ਜੀ, ਮਾਰਨੇ ਨੂੰ ਤੁਰ ਪਿਆ ਸਿੰਘਾਂ ਵੱਲ ਜੀ
ਮਾਰਨੇ ਦਾ ਹੁਕਮ ਏ ਚਾਹੁੰਦਾ ਝੋਕਿਆ, ਮਾਲਵੀ ਪੰਡਤ ਓਸੇ ਵੇਲੇ ਰੋਕਿਆ
ਸ਼ੁਰੂ ਕਰ ਦਿਤੀ ਜੇ ਕੁਟਾਈ ਮਾਰ ਤੂੰ, ਰੋਕਾਂਗਾ ਮੈਂ ਮਾਰਨੋ ਕਰੀਂ ਹੰਕਾਰ ਤੂੰ
ਮੇਰੀ ਵੀ ਹੈਸੀਅਤ ਹੈ ਸ਼ਹਿਰੀ ਹੋਣ ਦੀ, ਦੁਖੇ ਹੋਏ ਦੁੱਖੀਆਂ ਦੇ ਨੈਣ ਧੋਣ ਦੀ
ਜ਼ੁਲਮ ਦਾ ਝੰਡਾ ਅੱਜ ਜਾਣਾਂ ਪੁੱਟਿਆ, ਬੱਕਰੀ ਕਸਾਈ ਦਾ ਹੈ ਜੰਗ ਜੁੱਟਿਆ

[ਪੰਡਤ ਮਦਨ ਮੋਹਨ ਮਾਲਵਾ ਜੀ ਨੇ ਅਕਾਲੀਆਂ ਨੂੰ ਮਾਰ ਤੋਂ ਬਚਾਕੇ ਸ਼ਹਿਰ ਨੂੰ ਆਉਣਾ]

ਸੁਣ ਅੰਗ੍ਰੇਜ਼ ਨੂੰ ਅਕਲ ਆਈ ਹੈ, ਬੰਦ ਕਰ ਦਿੱਤੀ ਮਾਰ ਤੇ ਕੁਟਾਈ ਹੈ
ਪੁਲਸੀਆਂ ਸਿਪਾਹੀਆਂ ਨੂੰ ਰੋਕ ਲਿਆ ਹੈ, ਆਪ ਵਿਚ ਮੋਟਰ ਦੇ ਬੈਠ ਗਿਆ ਹੈ
ਆਯਾ ਕੋਲ ਡਿਪਟੀ ਸਲਾਹ ਲੈਣ ਨੂੰ, ਪੰਡਤ ਦੀ ਗੱਲ ਬਾਤ ਸਾਰੀ ਕਹਿਣ ਨੂੰ
ਸਿੰਘਾਂ ਕੋਲ ਪਿੱਛੇ ਬੈਠੇ ਰਹੇ ਮਾਲਵੀ, ਸੇਵਾ ਕੀਤੀ ਖਾਲਸੇ ਦੀ ਹੈ ਕਮਾਲਵੀ
ਲੇਖ ਏਸ ਭਾਰਤ ਦਾ ਅੱਜ ਫੁੱਟਿਆ, ਬੱਕਰੀ ਕਸਾਈ ਦਾ ਹੈ ਜੰਗ ਜੁੱਟਿਆ
ਨੌ ਕੁ ਵੱਜੇ ਰਾਤ ਦੇ ਪਿਛੋਂ ਪਿਆਰਿਆ, ਮੁਸਲਮਾਨ ਅਫੀਸਰ ਨੇ ਉਚਾਰਿਆ
ਪੰਡਤ ਜੀ ਸ਼ਹਿਰ ਨੂੰ ਜਾਣਾ ਕੀਜੀਏ, ਮੇਰੇ ਜੋ ਬਚਨ ਤਾਈਂ ਮਾਨ ਲੀਜੀਏ

ਆਪ ਨੂੰ ਭਰੋਸਾ ਪੂਰਾ ਮੈਂ ਹਾਂ ਦੇਂਵਦਾ, ਕਿਉਂਕੇ ਜੱਗ ਸਾਰਾ ਆਪ ਤਾਈਂ ਸੇਂਵਦਾ
ਕਰ ਅਕਾਲੀਆਂ ਨੇ ਕਰ ਤਿਆਰੀਆਂ, ਅਗ੍ਹਾਂ ਜਾਣ ਵਾਸਤੇ ਨ ਛਾਲਾਂ ਮਾਰੀਆਂ
ਤਾਤੇ ਫਿਰ ਮਾਰ ਨ ਕੁਟਾਈ ਹੋਵੇਗੀ, ਅੱਜ ਰਾਤ ਦੁਨੀਆਂ ਅਰਾਮ ਸੋਵੇਗੀ
ਇਹ ਇਕਰਾਰ ਪੂਰਾ ਪੱਕਾ ਕਰਕੇ, ਪੰਡਤ ਜੀ ਸ਼ਹਿਰ ਆਇ ਗੱਡੀ ਚੜ੍ਹਕੇ
ਦੈਂਤ ਨੇ ਹੈ ਦੇਵਤੇ ਦਾ ਗਲ ਘੁੱਟਿਆ, ਬੱਕਰੀ ਕਸਾਈ ਦਾ ਹੈ ਜੰਗ ਜੁੱਟਿਆ

[ਜਖਮੀਆਂ ਅਕਾਲੀਆਂ ਨੂੰ ਫੇਰ ਡਾਂਗਾਂ ਨਾਲ ਮਾਰਨਾ]

ਓਹੋ ਅੰਗ੍ਰੇਜ਼ ਫੇਰ ਮੁੜ ਆ ਗਿਆ, ਡਿਪਟੀ ਨੇ ਖਬਰ ਹੈ ਕੀ ਸਿਖਾ ਲਿਆ
ਮਾਲਵੀ ਹੈ ਗਿਆ ਓਨੂੰ ਪਤਾ ਲੱਗਿਆ, ਆਣਕੇ ਕ੍ਰੋਧ ਹੈ ਚੰਡਾਲ ਜੱਗਿਆ
ਹੁਕਮ ਪੁਲਸ ਨੂੰ ਸੁਣਾਯਾ ਬੋਲਕੇ, ਮਾਰੋ ਖਾਂ ਅਕਾਲੀਆਂ ਨੂੰ ਦਿਲ ਖੋਲਕੇ
ਸੁਣਕੇ ਹੁਕਮ ਬਘਜਾੜ ਛੁੱਟਿਆ, ਬੱਕਰੀ ਕਸਾਈ ਦਾ ਹੈ ਜੰਗ ਜੁੱਟਿਆ
ਡਾਂਗਾਂ ਮਾਰ ਮਾਰ ਸਿੰਘਾਂ ਤਾਈਂ ਕੁਟਿਆ, ਕਰਕੇ ਬੇਹੋਸ਼ ਸਭ ਤਾਂਈ ਸੁਟਿਆ
ਐਨੀ ਮਾਰ ਮਾਰੀ ਨ ਸ਼ੁਮਾਰ ਕੋਈ ਹੈ, ਸਭ ਦਿਨਾਂ ਨਾਲੋਂ ਮਾਰ ਵਧ ਹੋਈ ਹੈ
ਮਾਰ ਮਾਰ ਸਿੰਘਾਂ ਨੂੰ ਬਿਹੋਸ਼ ਪਾਦੀਆ, ਸੜਕ ਦੇ ਉਤੇ ਭੁੰਜੇ ਹੈ ਸੁਲਾਦੀਆ
ਰੂੰ ਵਾਂਗ ਖਾਲਸਾ ਹੈ ਗਿਆ ਪਿੰਜਿਆ, ਛਾਨਣੀ ਸਰੀਰ ਲਹੂ ਆਣ ਸਿੰਜਿਆ
ਛੱਲੀਆਂ ਦੇ ਵਾਂਗ ਪੰਥ ਗਿਆ ਕੁੱਟਿਆ, ਬੱਕਰੀ ਕਸਾਈ ਦਾ ਹੈ ਜੰਗ ਜੁੱਟਿਆ

[ਜ਼ਾਲਮਾਂ ਨੇ ਬਿਹੋਸ਼ ਪਏ ਸਿੰਘਾਂ ਤੇ ਸ਼ਿਕਾਰੀ ਕੁੱਤਾ ਛੱਡਣਾ]

ਦੇਖਕੇ ਜ਼ੁਲਮ ਆਸਮਾਨ ਕੰਬਿਆ, ਖਾਲਸਾ ਕਪਾਹ ਵਾਂਗ ਗਿਆ ਝੰਬਿਆ
ਏਥੇ ਹੀ ਨ ਬੱਸ ਲੈ ਜ਼ੁਲਮ ਹੋਰ ਲੈ, ਜੋਰਾਵਰ ਨਾਲ ਕੀ ਗਰੀਬ ਜੋਰ ਹੈ
ਮਾਰ ਨਾਲ ਸਿੰਘ ਨੇ ਬਿਹੋਸ਼ ਹੋ ਗਏ, ਖੁੱਲੇ ਹੋਏ ਕੇਸ ਘੱਟੇ ਵਿੱਚ ਸੋ ਗਏ
ਸਿੰਘਾਂ ਉਤੇ ਕੁੱਤਾ ਹੈ ਸ਼ਿਕਾਰੀ ਛੱਡਿਆ, ਓਸਨੇ ਬਿਹੋਸ਼ ਪਿਆਂ ਤਾਂਈ ਵੱਢਿਆ
ਵੱਢ ਵੱਢ ਸਿੰਘਾਂ ਨੂੰ ਜਾਂ ਰੱਜ ਗਿਆ ਹੈ, ਓਸ ਅੰਗ੍ਰੇਜ਼ ਵੱਲ ਭੱਜ ਗਿਆ ਹੈ
ਲੋਕ ਹੈ ਅਕਾਸ਼ ਵਿਚੋਂ ਤਾਰਾ ਟੁੱਟਿਆ। ਬੱਕਰੀ ਕਸਾਈ ਦਾ ਹੈ ਜੰਗ ਜੁੱਟਿਆ

[ਰਾਤ ਦੇ ੧੨ ਵਜੇ ਤੋਂ ਪਿਛੋਂ ਜ਼ਖਮੀ ਅਕਾਲੀਆਂ ਨੂੰ ਲਾਰੀਆਂ ਵਿਚ ਲੱਦਕੇ ਸ਼ਹਿਰ ਵੱਲ ਲਿਆਉਣਾ]

"ਜ਼ਿਮੀਂ ਅਸਮਾਨ ਸਾਰਾ ਅੱਜ ਰੋ ਪਿਆ"

ਬਾਰਾਂ ਵਜੇ ਰਾਤ ਦੇ ਜਾਂ ਵਧ ਹੋ ਗਏ, ਥਾਓਂ ਥਾਂਈਂ ਲੋਕ ਨੇ ਤਮਾਮ ਸੋ ਗਏ
ਖਾਲਸੇ ਦੀ ਸਾਰ ਕੌਣ ਲਵੇ ਵਾਲੀਆ, ਭੁੰਜੇ ਹੋ ਬਿਹੋਸ਼ ਪਿਆ ਹੈ ਅਕਾਲੀਆ
ਗੁਰੂ ਧਾਮਾਂ ਲਈ ਇਹ ਦੁੱਖ ਝੱਲਿਆ, ਖਾਲਸਾ ਸ਼ਹੀਦ ਅੱਜ ਹੋ ਚੱਲਿਆ

ਮੇਰੇ ਦਿਲ ਵਿਚ ਆਣ ਬੁਰਾ ਖੋਪਿਆ, ਜ਼ਿਮੀ ਆਸ਼ਮਾਨ ਸਾਰਾ ਅੱਜ ਰੋ ਪਿਆ
ਸੇਵਾਦਾਰਾਂ ਲਾਰੀਆਂ ਨੂੰ ਆਣ ਸੱਦਿਆ, ਫਟੜਾਂ ਨੂੰ ਚੁੱਕ ਚੁੱਕ ਵਿੱਚ ਲੱਦਿਆ
ਲੋਥਾਂ ਦੀਆਂ ਲੋਥਾਂ ਏ ਸਮਾਨ ਚੁੱਕੀਆਂ, ਮਰਨ ਨਜ਼ੀਕ ਸਭ ਆਣ ਢੁੱਕੀਆਂ
ਦੋ ਦੋ ਸਿੰਘ ਮੋਟਰ ਵਿਚ ਰੱਖ ਲਜਾਂਵਦੇ, ਬਾਗ਼ ਆ ਅਕਾਲੀ ਵਿਚ ਲੰਮੇ ਪਾਂਵਦੇ
ਅੱਥਰੂ ਦੇ ਨਾਲ ਲੋਕ ਮੁੱਖ ਧੋ ਪਿਆ, ਜ਼ਿਮੀਂ ਆਸ਼ਮਾਨ ਸਾਰਾ ਅੱਜ ਰੋ ਪਿਆ
ਵਾਰੋ ਵਾਰੀ ਦੇਖ ਸਿੰਘ ਲੱਦੇ ਆਂਵਦੇ, ਫੇਰ ਮੁੜ ਮੋਟਰਾਂ ਨੂੰ ਲਈ ਜਾਂਵਦੇ
ਰਾਤ ਦੇ ਵਕਤ ਬਣੀ ਬੁਰੀ ਆਣਕੇ, ਪਹਿਲੋਂ ਛੇੜ ਛੇੜੀ ਹੈ ਫਰੰਗੀ ਜਾਣਕੇ
ਪਾਟੇ ਹੋਏ ਕਪੜੇ ਅਕਾਲੀ ਆਮ ਜੀ, ਘੱਟੇ ਮਿਟੀ ਨਾਲ ਲਿੱਬੜੇ ਤਮਾਮ ਜੀ
ਅੰਗ ਅੰਗ ਵਿਚੋਂ ਲਹੂ ਆਣ ਚੋ ਪਿਆ, ਜ਼ਿਮੀਂ ਆਸ਼ਮਾਨ ਸਾਰਾ ਅੱਜ ਰੋ ਪਿਆ
ਖੁੱਲੇ ਹੋਏ ਕੇਸ ਜੂੜਾ ਨਹੀਂ ਬੰਨ੍ਹਿਆ, ਮਾਰਿਆ ਬਰੈਮੀ ਨਾਲ ਲੋਕਾਂ ਮੰਨਿਆ
ਲਤਾਂ ਪੈਰ ਦੇਖ ਲੈ ਪਛਾਹਾਂ ਲੰਮਕੇ, ਐਡਾ ਪਾਪ ਦੇਖਿਆ ਨ ਅਸਾਂ ਜੰਮਕੇ
ਕੰਘੇ ਡਿੱਗ ਪਏ ਕਿਰਪਾਨਾਂ ਟੁੱਟੀਆਂ, ਕੇਸ ਅਤੇ ਦਾੜ੍ਹੀਆਂ ਵੀ ਹੈਨ ਪੁੱਟੀਆਂ
ਭਾਰਤ ਗੁਲਾਮ ਗਾੜ੍ਹੀ ਨੀਂਦ ਸੋਪਿਆ, ਜ਼ਿਮੀਂ ਆਸ਼ਮਾਨ ਸਾਰਾ ਅੱਜ ਰੋ ਪਿਆ

ਡਾਕਟਰਾਂ ਅਤੇ ਸੇਵਾਦਾਰਾਂ ਦੀ ਸੇਵਾ

ਡਾਕਟਰਾਂ ਸੇਵਾਦਾਰਾਂ ਸੇਵਾ ਨਾਲ ਜੀ, ਕਰਕੇ ਦਿਖਾਈ ਸੇਵਾ ਹੈ ਕਮਾਲ ਜੀ
ਸਾਰੀ ਰਾਤ ਰਤਾ ਨ ਅਰਾਮ ਪਾ ਲਿਆ, ਫੱਟੜਾਂ ਦੀ ਸੇਵਾ ਦਿਨ ਹੈ ਚੜ੍ਹਾ ਲਿਆ
ਲਾਰੀਆਂ ਦੇ ਵਿਚੋਂ ਜਦੋਂ ਭੁੰਜੇ ਲਾਂਹਵਦੇ, ਕਰਕੇ ਕਮਾਲ ਸੇਵਾ ਨੇ ਵਿਖਾਂਵਦੇ
ਫਟੜਾਂ ਨੂੰ ਚੁੱਕਕੇ ਥੱਲੇ ਉਤਾਰਨਾ, ਸਹਿਜ ਨਾਲ ਪੀੜ ਨ ਹੋਵੇ ਵਿਚਾਰਨਾ
ਦੇਖਿਆ ਮੈਂ ਹਾਲ ਸਾਰਾ ਜਿੱਥੋਂ ਤੀਕ ਸੀ, ਕੱਲ ਨਾਲੋਂ ਅੱਜ ਪ੍ਰਬੰਧ ਠੀਕ ਸੀ
ਦੇਖ ਹਾਲ ਦਿਲ ਕੰਬ ਹੈ ਖੜੋ ਪਿਆ, ਜ਼ਿਮੀਂ ਆਸ਼ਮਾਨ ਸਾਰਾ ਅੱਜ ਰੋ ਪਿਆ
ਮੋਰਚੇ ਦੀ ਗੱਲ ਮੈਂ ਸੁਣਾਈ ਸਭ ਹੀ, ਫਟੜਾਂ ਦੀ ਹਾਲਤ ਬਤਾਵਾਂ ਅਬ ਹੀ
ਜੋ ਜੋ ਅਸਾਂ ਅੱਖਾਂ ਨਾਲ ਆਪ ਵੇਖਿਆ, ਪੁੱਛ ਪੁੱਛ ਫਟੜਾਂ ਤੋਂ ਸਭ ਲੇਖਿਆ
ਦਰਦਨਾਕ ਹਾਲ ਸੀ ਨਾ ਜਾਂਦਾ ਦੇਖਿਆ, ਘੁੱਟ ਕਰ ਦਿਲ ਨੂੰ ਨਿਸੰਗ ਪੇਖਿਆ
ਬਾਠ੍ਹ ਵੱਡੇ ਫਟੜ ਜੋ ਸੀ ਅਕਾਲੀਏ, ਠੀਕ ਠੀਕ ਦਸਾਂ ਸਭ ਦੇ ਹਵਾਲੀਏ
ਬਦੋ ਬਦੀ ਪਾਣੀ ਅੱਖੀਂ ਆ ਖਲੋ ਪਿਆ, ਜ਼ਿਮੀਂ ਆਸਮਾਨ ਸਾਰਾ ਅੱਜ ਰੋਪਿਆ

"ਦੁਧ ਪੀਕੇ ਸੱਪ ਸੰਤ ਤਾਈਂ ਡੰਗਿਆ"

ਪੈਨਕੇ ਬਿਦੇਸ਼ੀ ਪੈਸਾ ਹੈ ਨਿਖੁੱਟਿਆ, ਭਾਰਤ ਵਿਚਾਰਾ ਗਿਆ ਸਾਰਾ ਲੁਟਿਆ
ਰਾਜ ਭਾਗ ਸਾਰਾ ਅਸਾਂ ਖੂਹ ਸੁੱਟਿਆ, ਸੋਟਿਆਂ ਦੇ ਨਾਲ ਏਨ੍ਹਾਂ ਸਾਨੂੰ ਕੁੱਟਿਆ
ਬਣਨਾ ਗੁਲਾਮ ਅਸਾਂ ਮੁੱਖੋਂ ਭਾਖਿਆ, ਜਾਂਗਲੀ ਤੇ ਪਾਗਲ ਸੀ ਅਗੋਂ ਆਖਿਆ
ਕਰਨਾ ਸੁਧਾਰ ਗੁਰੂ ਦ੍ਵਾਰ ਮੰਗਿਆ, ਦੁਧ ਪੀਕੇ ਸੱਪ ਸੰਤ ਤਾਈਂ ਡੰਗਿਆ

"ਇਕ ਸਖਤ ਜ਼ਖਮੀ ਸਿੰਘ ਨੇ ਆਪਣਾ ਬੀਤਿਆ ਹਾਲ ਦੱਸਣਾ"

ਗੁੱਟ ਮੱਥਾ ਨਲਾਂ ਉਤੇ ਸਟਾਂ ਵੱਡੀਆਂ, ਲੱਗੀਆਂ ਸਖਤ ਟੁੱਟ ਗਈਆਂ ਹੱਡੀਆਂ
ਜੋ ਜੋ ਬੀਤਿਆ ਸੀ ਏਸ ਸਿੰਘ ਨਾਲ ਜੀ, ਖੋਲ ਕੇ ਬਤੌਂਦਾ ਆਪਣਾ ਹੈ ਹਾਲ ਜੀ
ਇਕ ਅੰਗ੍ਰੇਜ ਮੇਰੀ ਫੜੀ ਗਿੱਚੀਏ, ਕੇਸਾਂ ਉਤੇ ਬੂਟ ਰੱਖ ਉਤਾਂ ਖਿੱਚੀਏ
ਤੁਸੀਂ ਕਹਿੰਦੇ ਸਾਓ ਖਾਲਸਾ ਹੈ ਗੱਜਦਾ, ਝੋਲੀ ਚੁੱਕ ਜਾਂਵਦਾ ਹੈ ਓਹ ਭੱਜਦਾ
ਦਸੋਂ ਹੁਣ ਕੌਣ ਹੈ ਮਦਾਨ ਗੱਜਦਾ, ਕਿਦੇ ਸਿਰ ਉਤੇ ਡੰਡਾ ਪਿਆ ਵੱਜਦਾ
ਏਸ ਤਰਾਂ ਬੋਲਿਆ ਨ ਰਤਾ ਸੰਗਿਆ, ਦੁਧ ਪੀਕੇ ਸੱਪ ਸੰਤ ਤਾਈਂ ਡੰਗਿਆ
ਆਖਦਾ ਹੰਕਾਰੀ ਕੈਸਾ ਮਜ਼ਾ ਚੱਖਿਆ, ਕੇਸਾਂ ਉਤੇ ਬੂਟ ਨਾਲੇ ਫੇਰ ਰੱਖਿਆ
ਕਿੱਥੇ ਹੈ ਗੋਬਿੰਦ ਸਿੰਘ ਓ ਅਕਾਲੀਆ, ਮੋਹਰ ਓਦੀ ਕਿੱਥੇ ਤੈਨੇ ਹੈ ਸੰਭਾਲੀਆ
ਰੁਲਦੇ ਨੇ ਕੇਸ ਪੈਰਾਂ ਹੇਠ ਵਾਲੀਆ, ਹੇਠਾਂ ਪਿਆ ਹੋਯਾ ਅੱਜ ਤੂੰ ੮ ਕਾਲੀਆ
ਬੜਾ ਮਾੜਾ ਕੰਮ ਕੀਤਾ ਤੂੰ ਫਰੰਗਿਆ, ਦੁੱਧ ਪੀਕੇ ਸੱਪ ਸੰਤ ਤਾਈਂ ਡੰਗਿਆ
ਡਾਂਗਾ ਮਾਰ ਫੇਰ ਬੋਲਿਆ ਕਸਾਈਏ, ਜਾਓ ਓ ਅਕਾਲੀ ਏਥੋਂ ਭੱਜ ਜਾਈਏ
ਮੈਨੇ ਬੋਲਿਆ ! ਨ ਮੈਨੇ ਏਥੋਂ ਭੱਜਣਾ, ਸਾਡਾ ਕੰਮ ਸ਼ੇਰਾਂ ਦਾ ਮਦਾਨ ਗੱਜਣਾ
ਮੈਂ ਹਾਂ ਓਨ੍ਹਾਂ ਗੁਰੂਆਂ ਦੇ ਦਰ ਚੱਲਿਆ, ਜਿੰਨਾਂ ਨੇ ਅਨੇਕ ਤਰਾਂ ਦੁਖ ਝੱਲਿਆ
ਤੱਤੀਆਂ ਪਵਾਈਆਂ ਰੇਤਾਂ ਵਿਚ ਸਿਰਦੇ, ਪਰਉਪਕਾਰ ਵੱਲੋਂ ਨਹੀਂ ਫਿਰਦੇ
ਇੱਕ ਵਾਰੀ ਸੜ ਮਰਨਾ ਪਤੰਗਿਆ, ਦੁਧ ਪੀਕੇ ਸੱਪ ਸੰਤ ਤਾਈਂ ਡੰਗਿਆ
ਅਸਾਂ ਓਨ੍ਹਾਂ ਗੁਰੂਆਂ ਦੇ ਦਰ ਜਾਵਣਾ, ਜਿੰਨਾਂ ਸੀਸ ਦਿੱਲੀ ਵਿਚ ਦੇ ਕੇ ਆਵਣਾ
ਸੁਣ ਅੰਗ੍ਰੇਜ ਅਗੋਂ ਓਹ ਬੋਲਿਆ, ਮਨ ਦਾ ਗੁਬਾਰ ਸਾਰਾ ਅੱਗੋਂ ਖੋਲਿਆ
ਏਸੇ ਤਰਾਂ ਗੁਰੂ ਦਿੱਲੀ ਗਿਆ ਹੋਣਾ ਹੈ, ਜਿਸ ਤਰਾਂ ਏਥੇ ਪਿਆ ਤੈਨੂੰ ਰੋਣਾ ਹੈ
ਗੁਰੂ ਬਾਗ ਵੱਲ ਤੁਸੀ ਭੱਜੇ ਜਾਂਵਦੇ, ਸਾਡੇ ਕੋਲੋਂ ਪਏ ਤੁਸੀਂ ਡਾਂਗਾ ਖਾਂਵਦੇ
ਹੱਦ ਏ ਕਨੂੰਨ ਦੀ ਫਰੰਗਾ ਲੰਘਿਆ, ਦੁਧ ਪੀਕੇ ਸੱਪ ਸੰਤ ਤਾਈਂ ਡੰਗਿਆ

(ਸਖਤ ਦਰਦ ਨਾਲ ਤੜਫਨ ਵਾਲਿ ਦੀ ਹਾਲਤ)

ਅੱਗੇ ਇਕ ਹੋਰ ਪਾਸ ਗਏ ਪੇਖਿਆ, ਅੱਖੀਂ ਅਸਾਂ ਖੁਦ ਫੇਰ ਕੀ ਵੇਖਿਆ
ਤੜਫੇ ਸਖਤ ਪਿਆ ਪੀੜ ਨਾਲ ਹੈ, ਸਖਤ ਸਟਾਂ ਦੇ ਨਾਲ ਬੁਰਾ ਹਾਲ ਹੇ
ਵੱਖੀ ਵਿਚ ਡਾਂਗਾ ਦੇ ਬੜੇ ਨਿਸ਼ਾਨ ਸੀ, ਨਿਕਲ ਜਾਣੇ ਪਲ ਨੂੰ ਹੁਣੇ ਪਰਾਨ ਸੀ
ਦਮ ਨਹੀਂ ਸੀ ਔਂਦਾ ਨਾਹੀਂ ਜਾਂਦਾਖੰਗਿਆ, ਦੁਧ ਪੀਕੇ ਸੱਪਸੰਤਤਾਈਂ ਡੰਗਿਆ

[ਭਾਈ ਗੁਰਦਿਤ ਸਿੰਘ ਸਖਤ ਫਟੜ ਦਾ ਪਿਸ਼ਾਬ ਬੰਦ ਡੇ ਖਤਰਨਾਕ ਹਾਲਤ]

ਹੋਰ ਇਕ ਦੇਖਿਆ ਅੱਗੇ ਹਵਾਲੀਆ, ਨਾਮ ਗੁਰਦਿਤ ਸਿੰਘ ਸੀ ਅਕਾਲੀਆ
ਨਲਾਂ ਉਤੇ ਸਖਤ ਸੀ ਸੱਟਾਂ ਲੱਗੀਆਂ, ਸੰਮਾਂ ਵਾਲੀ ਡਾਂਗ ਦੀਆਂ ਹੁੱਝਾਂ ਵੱਗੀਆ
ਬਰਫ ਟਕੋਰ ਕਰਦੇ ਗੁਰੂ ਨੰਦ ਸੀ, ਦੋ ਘੰਟੇ ਹੋ ਗਏ ਜੋ ਪਿਸ਼ਾਬ ਬੰਦ ਸੀ
ਫੈਦਾ ਤੈਨੂੰ ਮਿਲਿਆ ਅਕਾਲੀ ਚੰਗਿਆ, ਦੁੱਧ ਪੀਕੇ ਸੱਪ ਸੰਤ ਤਾਈਂ ਡੰਗਿਆ

ਇਕ ਅਕਾਲੀ ਦੇ ਚਿੱਤੜ ਕੱਟ ਕੁੱਟ ਕੇ ਸੁਜਾਏ ਹੋਏ ਸੀ, ਇੱਕ ਦੀ ਕੰਡ ਡਾਂਗਾਂ ਦੀ ਮਾਰ ਨਾਲ ਉਭਰੀ ਹੋਈ, ਇਕ ਦੀਆਂ ਪਸਲੀਆਂ ਤੇ ਢਿੱਡ ਕੁਟਿਆਂ ਹੋਇਆ ਸੀ

ਇੱਕ ਦੇ ਸੁਜਾਏ ਸੀ ਚਿੱਤੜ ਕੁੱਟਕੇ, ਡਾਂਗਾ ਮੀਂਹ ਵਾਂਗ ਪਾਪੀਆਂ ਨੇ ਸੁੱਟਕੇ
ਮਾਰਨ ਨਾਲ ਉੱਭਰੀ ਸੀ ਕੰਡ ਇੱਕ ਦੀ, ਗੱਲ ਕੀ ਸੁਣਾਵਾਂ ਮੈਂ ਬਿਮਾਰ ਦਿੱਕਦੀ
ਇੱਕ ਦੀਆਂ ਪਸਲੀਆਂ ਤੇ ਢਿੱਡ ਕੁੱਟਿਆ, ਜ਼ਾਲਮਾਂ ਬਿਦੋਸ਼ਿਆਂਨੂੰ ਮਾਰ ਸੁੱਟਿਆ
ਤੇਰਾ ਇਤਬਾਰ ਗਿਆ ਹੈ ਦੁਰੰਗਿਆ, ਦੁਧ ਪੀਕੇ ਸੱਪ ਸੰਤ ਤਾਈਂ ਡੰਗਿਆ

[ਬ੍ਰਿਧ ਬਾਬਾ ਖੁਸ਼ਹਾਲ ਸਿੰਘ ਜੀ ਪਿੰਡ ਸੇਰੋਂ ਅਮ੍ਰਿਤ ਦੀ ਹਾਲਤ]

ਬਾਬਾਜੀ ਖੁਸ਼ਾਲ ਸਿੰਘ ਸੇਰੋਂ ਵਾਲੀਏ, ਬੁੱਢੇ ਵਾਰੇ ਆਣ ਏਨਾਂ ਲਈ ਮਾਲੀਏ
ਕੰਡ, ਪੱਟ, ਵੀਣੀ, ਮਾਰ ਨਾਲ ਸੁੱਜੀ ਸੀ, ਹੋਰ ਮਾਰ ਪਈ ਹੋਈ ਬੜੀ ਗੁੱਝੀ ਸੀ
ਮਾਰ ਕੁੱਟ ਕਰ ਅੰਗ੍ਰੇਜ਼ ਬੋਲਿਆ, ਭੱਜ ਜਾਓ ਐਪਰ ਨ ਬਾਬਾ ਡੋਲਿਆ
ਭੱਜੇ ਏਥੋਂ ਕੌਣ ਓ ਫਰੰਗੀ ਦੋਰਿਆ, ਅੱਜ ਹੀ ਤਾਂ ਆਕੇ ਸਾਡਾ ਕੰਮ ਸੌਰਿਆ
ਸਾਨੂੰ ਤਾਂ ਬਿਹੋਸ਼ ਏਥੇ ਪਿਆ ਹੋਯਾਂ ਨੂੰ, ਚੁੱਕਕੇ ਲੈ ਜਾਵੇ ਕੋਈ ਮੋਯਾਂ ਹੋਯਾਂ ਨੂੰ
ਤਾਂਹੀ ਏਥੋਂ ਜਾਵਾਂਗੇ ਫਰੰਗੀ ਭੰਗਿਆ, ਦੁਧ ਪੀਕੇ ਸੱਪ ਸੰਤ ਤਾਈਂ ਡੰਗਿਆ

[ਸ੍ਰ: ਵਰਿਆਮ ਸਿੰਘ (ਵਲਦ ਸ੍ਰ: ਝੰਡਾ ਸਿੰਘ ਵੇਰਕਾ ਅਮ੍ਰਿਤਸਰ) ਦੀ ਸਖਤ ਖਤਰਨਾਕ ਹਾਲਤ]

ਵਰਿਆਮ ਸਿੰਘ ਠੀਕ ਵਰਿਆਮ ਜੀ, ਵੇਰਕਾ ਨਿਵਾਸੀ ਜਾਣਦੇ ਤਮਾਮ ਜੀ
ਮੂੰਹ ਵਿੱਚੋਂ ਟੁੱਟਾ ਹੋਯਾ ਇੱਕ ਦੰਦ ਸੀ, ਉੱਕਾ ਹੀ ਬਿਹੋਸ਼ ਤੇ ਜ਼ੁਬਾਨ ਬੰਦ ਸੀ
ਸਿਰ ਤੇ ਬਰਫ ਬੜੀ ਰੱਖ ਲੀਤੀਆ, ਤਿੰਨ ਘੰਟੇ ਸੇਵਕਾਂ ਟਕੋਰ ਕੀਤੀਆ

ਆਈ ਨ ਸੁਰਤ ਬੁਰੀ ਸਿਰ ਬੀਤੀਆ, ਪਿਆ ਹੋ ਸ਼ਹੀਦ ਹੈ ਸ਼ਹੀਦੀ ਪੀਤੀਆ
ਮਿਲੇਗਾ ਸੁਰਾਜ ਤੈਨੂੰ ਲੈ ਤਲੰਗਿਆ, ਦੁਧ ਪੀਕੇ ਸੱਪ ਸੰਤ ਤਾਈਂ ਡੰਗਿਆ

[ਸ੍ਰ: ਲੱਛਮਣ ਸਿੰਘ ਜੀ ਮਰਹਾਣਾ ਪਿੰਡ ਨਿਵਾਸੀ]

ਲੱਛ ਣ ਸਿੰਘ ਮਰਹਾਣਾ ਬੁੱਕਿਆ, ਲੱਖ ਮਣ ਭਾਰ ਜਿਨਾ ਸਿਰ ਚੁੱਕਿਆ
ਸਖਤ ਲਾਚਾਰ ਸੱਟਾਂ ਨਾਲ ਹੋ ਗਏ, ਦੇਖ ਦੇਖ ਲੋਕ ਹੰਝੂ ਭਰ ਰੋ ਗਏ
ਬੋਲਦੇ ਨ ਮੂੰਹੋਂ ਗਲਾ ਹੋਜਾ ਰੁੱਕਿਆ, ਸੇਵਕਾਂ ਨੇ ਮੰਜਾ ਸਿਰ ਉਤੇ ਚੁੱਕਿਆ
ਲੱਛਮਣ ਸਿੰਘ, ਸਿੰਘ ਵਰਿਆਮ ਜੀ, ਸਿੰਘਾਂ ਦੇ ਸਵਾਰੇ ਜਿਨਾਂ ਬੜੇ ਕਾਮ ਜੀ
ਮਜ਼ਾ ਹੈ ਸ਼ਹੀਦੀਆਂ ਦਾ ਦੋਹਾਂ ਚੱਖਿਆ, ਗੁਰੂ ਕੇ ਲੰਗਰ ਵਿਚ ਆਣ ਰੱਖਿਆ
ਦੇਵੇਂਗਾ ਸੁਰਾਜ ਕਦੋਂ ਭੁੱਖੇ ਨੰਗਿਆ, ਦੁਧ ਪੀਕੇ ਸੱਪ ਸੰਤ ਤਾਂਈ ਡੰਗਿਆ

[ਭੁਜੰਗੀ ਗੁਰਦਿਤ ਸਿੰਘ ਪਿੰਡ ਸੁਲਤਾਨ ਵਿੰਡ ਅਮ੍ਰਿਤਸਰ ਦੀ ਬਹਾਦਰੀ]

"ਗੁਰੂ ਪੰਥ ਵਾਸਤੇ ਮੈਂ ਮਰ ਜਾਵਣਾ"

ਸਿੰਘ ਗੁਰਦਿਤ ਸੁਲਤਾਨ ਵਿੰਡੀਆ, ਅੰਮ੍ਰਿਤਸਰ ਪਾਸ ਸੁਲਤਾਨ ਪਿੰਡੀਆ
ਸੋਲ੍ਹਾਂ ਸਾਲ ਉਮਰ ਨਿਦਾਨ ਰੋ ਪਏ, ਦੇਖਕੇ ਦਲੇਰੀ ਹਾਂ ਹਰਾਨ ਹੋ ਗਏ
ਉਸਨੇ ਲਿਖਾਯਾ ਸਾਰਾ ਆਪ ਹਾਲ ਜੀ, ਜੋ ਜੋ ਹੱਡ ਬੀਤਿਆ ਸੀ ਆਪ ਨਾਲ ਜੀ
ਓਹ ਹਾਲ ਸਾਰਾ ਮੈਂ ਅੱਗੇ ਲਿਖਾਵਣਾ, ਗੁਰੂ ਪੰਥ ਵਾਸਤੇ ਮੈਂ ਮਰ ਜਾਵਣਾ
ਬੀਤ ਚੁੱਕੇ ਪੂਰੇ ਪਿੱਛੇ ਤਿੰਨ ਸਾਲ ਜੀ, ਏਸੇ ਪਾਸੇ ਵੱਲ ਮੇਰਾ ਬੜਾ ਖਯਾਲ ਜੀ
ਜਦੋਂ ਮੈਂ ਸੀ ਸੁਨਦਾ ਕਥਾ ਪੁਰਾਣੀਆਂ, ਪੰਥ ਪ੍ਰਕਾਸ਼ ਵਿਚ ਜੋ ਕਹਾਣੀਆਂ
ਸਿੰਘਾਂ ਜੋ ਪੁਰਾਣਿਆਂ ਨੇ ਕੀਤੇ ਜੰਗ ਸੀ, ਮੇਰੇ ਦਿਲ ਵਿਚ ਉਠਦੀ ਉਮੰਗ ਸੀ
ਕਿਸੇ ਤਰਾਂ ਅਸੀਂ ਓਹੋ ਜਹੇ ਬਣੀਏ, ਓਨਾਂ ਵਾਲੀ ਸਾਡੇ ਵਿਚ ਆਵੇ ਕਣੀਏਂ
ਅਸੀਂ ਸ਼ਾਂਤਮਈ ਵੱਡਾਂ ਜੰਗ ਕਰੀਏ, ਪੰਥ ਵਿਚ ਜ਼ਿੰਦਗੀ ਆ ਫੇਰ ਭਰੀਏ
ਰੋਜ ਰੋਜ ਮੈਨੂੰ ਏਹੋ ਖਯਾਲ ਆਵਣਾ, ਗੁਰੂ ਪੰਥ ਵਾਸਤੇ ਮੈਂ ਮਰ ਜਾਵਣਾ
ਪਿਛਲੇਸਾਲ ਤੋਂ ਹੀ ਮੈਂ ਬਣਜਾਂ ਅਕਾਲੀਆ, ਧਾਰੀਕ੍ਰਿਪਾਨ ਅਤੇਪੱਗਕਾਲੀਆ
ਮੇਰੇ ਘਰ ਵਾਲੇ ਤਾ ਬੜੇ ਨਰਾਜ ਸੀ, ਸੁਖਾ ਸਿੰਘ ਵਾਲਾ ਹਾਲ ਹੋਯਾ ਆਜ ਸੀ
ਦੇਣਗੇ ਨ ਸੌਹਰੇ ਤੈਨੂੰ ਕਦੀ ਸਾਕਜੀ, ਮੇਰੇ ਮਾਪੇ ਆਖਦੇ ਏ ਰੋਜ ਵਾਕ ਜੀ
ਪਰ ਕੁਝ ਹੋਵੇ ਮੈਂ ਹਾਂ ਨਹੀਂ ਝੱਕਦਾ, ਬਣਨੋਂ ਅਕਾਲੀ ਮੈਂ ਨ ਰਹਿ ਸੱਕਦਾ
ਸੁੱਝਦਾ ਨ ਮੈਨੂੰ ਅੱਜ ਪੀਣਾਂ ਖਾਵਣਾ, ਗੁਰੂ ਪੰਥ ਵਾਸਤੇ ਮੈਂ ਮਰ ਜਾਂਵਣਾ
ਪੰਜ ਦਿਨ ਹੋਇ ਅੱਜ ਰੋਟੀ ਖਾਦਿਆਂ, ਰੱਜਕੇ ਨ ਰੋਟੀ ਖਾਧੀ ਮੈਂ ਸੁਣਾਦਿਆਂ

ਜੱਥੇ ਵਾਲਿਆਂ ਨੇ ਮੈਨੂੰ ਬਾਹਰ ਕੱਢਿਆ, ਜੱਥੇ ਵਿਚੋਂ ਵਖਰਾ ਹੈ ਕਰ ਛੱਡਿਆ
ਗੁਰੂ ਬਾਗ ਜਾਣ ਦੀ ਨ ਦੇਣ ਆਗਿਆ, ਮੈਨੂੰ ਸੇਵਾ ਕਰਨ ਦਾ ਪ੍ਰੇਮ ਜਾਗਿਆ
ਮੇਰੇ ਦਿਲ ਵਿਚ ਏਹੋ ਵੱਡੀ ਭਾਵਣਾ, ਗੁਰੂ ਪੰਥ ਵਾਸਤੇ ਮੈਂ ਮਰ ਜਾਵਣਾ
ਅੱਜ ਭੀ ਅਕਾਲ ਬੁੰਗੇ ਸੁਬ੍ਹਾ ਆਣਕੇ, ਪਾਈ ਗਈ ਰੋਕ ਮੈਨੂੰ ਬਹੁਤ ਜਾਣਕੇ
ਮੈਂ ਓਥੇ ਮਿੰਨਤਾਂ ਅਨੇਕ ਕੀਤੀਆਂ, ਗੁਰੂ ਪੰਥ ਖਾਲਸੇ ਨੇ ਮੰਨ ਲੀਤੀਆਂ
ਮੈਂ ਗਿਆ ਚੱਲਿਆ ਸਾਂ ਜੱਥੇ ਨਾਲ ਜੀ, ਅੱਜ ਵਾਲਾ ਸੁਣੋਂ ਮੇਰਾ ਸਾਰਾ ਹਾਲ ਜੀ
ਜਾਂਦਿਆਂ ਹੀ ਪੁਲਸੀਏ ਨੇ ਮੈਨੂੰ ਖਿੱਚ ਜੀ, ਜ਼ੋਰ ਦੀ ਸੀ ਡਾਂਗ ਮਾਰੀ ਧੌਣ ਵਿੱਚ ਜੀ
ਅੱਜ ਮੈਂ ਅਨੰਦ ਹੈ ਬੜਾ ਮਨਾਵਣਾ, ਗੁਰੂ ਪੰਥ ਵਾਸਤੇ ਮੈਂ ਮਰ ਜਾਵਣਾ
ਹੁੱਝਾਂ ਵੀ ਦੋ ਚਾਰ ਓਨ ਸੀ ਆ ਮਾਰੀਆਂ, ਵਾਹਿਗੁਰੂ ਕਰ ਮੈਂ ਸਭੇ ਸਹਾਰੀਆਂ
ਓੜਕ ਬਿਹੋਸ਼ ਜਦੋਂ ਦਾਸ ਹੋ ਗਿਆ, ਪੀੜ ਨਾਲ ਸੁਖ ਵਾਲੀ ਨੀਂਦ ਸੋ ਗਿਆ
ਜਦੋਂ ਫੇਰ ਮੁੜ ਮੈਨੂੰ ਸੁਰਤ ਆਈਏ, ਸਿਰ ਤੇ ਖੜੋਤਾ ਵੇਖਿਆ ਸਪਾਹੀਏ
ਓਨ ਮੈਨੂੰ ਆਖਿਆ ਜਾ ਨੱਸ ਬੱਚਿਆ, ਮੈਂ ਅੱਗੋਂ ਆਖਿਆ ਓ ਚੁਪ ਕੱਚਿਆ
ਸਿੱਖ ਇਤਹਾਸ ਨੂੰ ਨ ਦਾਗ ਲਾਵਣਾਂ, ਗੁਰੂ ਪੰਥ ਵਾਸਤੇ ਮੈਂ ਮਰ ਜਾਵਣਾ
ਸ਼ੇਰਾਂ ਦਾ ਨ ਕੰਮ ਜੰਗ ਵਿਚੋਂ ਨੱਸਣਾ, ਕਰਕੇ ਬਹਾਦਰੀ ਨੂੰ ਹੈ ਜੋ ਦੱਸਣਾਂ
ਆਪਣਾ ਤੂੰ ਲਾ ਲੈ ਜਿੰਨਾ ਤੇਰਾ ਜੋਰ ਹੈ, ਕਸਰ ਨ ਛੱਡੀਂ ਜੇਹੜੀ ਵਿਚ ਹੋਰ ਹੈ
ਖਾਲਸੇ ਦਾ ਕੰਮ ਹੈ ਮਦਾਨ ਗੱਜਣਾ, ਗਿੱਦੜਾਂ ਸਪਾਹੀਆਂ ਦਾ ਕੰਮ ਭੱਜਣਾ
ਸਫਲ ਜਹਾਨ ਵਿਚ ਹੋਵੇ ਆਵਣਾ, ਗੁਰੂ ਪੰਥ ਵਾਸਤੇ ਮੈਂ ਮਰ ਜਾਵਣਾ

{ ਪਿਛਲੇ ਇਤਹਾਸ ਤੋਂ ਸੁਖਾ ਸਿੰਘ ਕੰਬੋ ਮਾੜੀ ਵਾਲਾ "ਜੋ ਸ਼ਹੀਦ ਮਤਾਬ ਸਿੰਘ ਮੀਰਾਂ ਕੋਟੀਏ ਨਾਲ ਮੱਸੇਰੰਗੜ ਨੂੰ ਮਾਰਨ ਆਯਾ ਹੋਯਾ ਸੀ" ਸ਼ੇਰ ਖਾਲਸੇ ਦੇ ੩੨ ਸਫੇ ਤੋਂ ਸੰਛੇਪ ਹਾਲ }

ਇਸ ਪ੍ਰਸੰਗ ਤੇ ਮਿਲਦਾ ਜੁਲਦਾ ਇਕ ਪ੍ਰਸੰਗ ਪੁਰਾਣਾ, ਸੁਣੋ ਸੁਜਾਣਾ
ਸ਼ੇਰ ਖਾਲਸੇ ਦੇ ਵਿਚ ਲਿਖਿਆ ਸੁਖਾ ਸਿੰਘ ਨਿਆਣਾ, ਗੁਰਮਤ ਸਜਾਣਾ
ਜੇ ਕੋਈ ਘਰ ਤੋਂ ਸਿੱਖ ਜਾ ਬਣਦਾ ਤਜਦਾ ਹਿੰਦ ਘਰਾਣਾ, ਪੀਣਾ ਖਾਣਾ
ਨਾਰਿੰਜਣੀਆਂ ਸੁਖਾ ਸਿੰਘ ਤੇ ਲਜਾਯਾ ਤੁਰਕੀ ਠਾਣਾ, ਜਮਦਾ ਬਾਣਾ

—o—

ਦੁਸ਼ਟ ਚੰਡਾਲ ਨਰਿੰਜਣੀਏਂ ਨੇ ਵੱਡਾ ਪਾਪ ਕਮਾਯਾ, ਪਤਾ ਬਤਾਯਾ
ਕੰਬੋ ਮਾੜੀ ਸੁਖਾ ਸਿੰਘ ਦੇ ਘਰ ਨੂੰ ਘੇਰਾ ਪਾਯਾ, ਆਣ ਦਬਾਯਾ

ਸੁਖਾ ਸਿੰਘ ਨ ਲੱਭਾ ਘਰ ਤੋਂ ਬਾਹਰ ਕਿਤੇ ਨੂੰ ਧਾਯਾ, ਸਹਿਜ ਸੁਭਾਯਾ
ਮਾਤ ਪਿਤਾ ਨੇ ਸੁਖਾ ਸਿੰਘ ਨੂੰ ਬਹੁਤਾ ਹੈ ਸਮਝਾਯਾ, ਘਰ ਜਾਂ ਆਯਾ

--o--

ਕਿਸੇ ਦਿਨ ਨੂੰ ਮੌਤ ਅਜ਼ਾਈਂ ਤੂੰ ਮਰਨਾਂ ਈਂ ਆਕੇ, ਦੁਖੜਾ ਪਾਕੇ
ਏਸ ਸਿਖੀ ਨੂੰ ਗਲਤੋਂ ਲਾਹ ਛਡ ਬਹਿਜਾਹ ਜਾਨ ਬਚਾਕੇ,ਸਿਰ ਮੁਨਾਕੇ
ਮੋਨਾ ਸਿੱਖ ਗੁਰੂ ਕਾ ਬਣ ਜਾਹ ਹਿੰਦੂ ਨਾਮ ਕਹਾਕੇ, ਪ੍ਰੇਮ ਵਧਾਕੇ
ਮਹਿੰਗਾ ਪੁਤ ਅਸਾਡਾ ਹੈਂ ਤੂੰ ਬਹੀਂ ਨ ਜਾਨ ਗਵਾਕੇ, ਦਿਆਂ ਸੁਣਾਕੇ

--o--

ਸਿਰ ਮੁਨਾਕੇ ਹਿੰਦੂ ਬਣ ਜਾਹ ਕੀ ਤੂੰ ਗੱਲ ਉਚਾਰੀ, ਏ ਮਹਿਤਾਰੀ
ਮੇਰੀ ਜਿੰਦੜੀ ਪਿਆਰੀ ਤੋਂ ਵੀ ਸਿੱਖੀ ਮੈਨੂੰ ਪਜਾਰੀ, ਮੈਂ ਬਲਿਹਾਰੀ
ਤਾਂ ਵੀ ਸਿਰ ਮੁਨਾਵਾਂ ਮੈਂ ਨਾ ਆਵੇ ਬਿਪਤਾ ਭਾਰੀ, ਬਹੁਤੀ ਸਾਰੀ
ਪੰਥ ਖਾਲਸੇ ਗੁਰੂ ਵਾਸਤੇ ਇਹ ਜਿੰਦੜੀ ਮੈਂ ਵਾਰੀ, ਅਗ ਵਿਚ ਸਾੜੀ

--o--

ਮੈਂ ਦੀਵਾਨ ਵਿਚ ਰੋਜ ਜਾਂਵਦਾ ਪੜ੍ਹਦਾ ਗੁਰਦੀ ਬਾਣੀ, ਮਨ ਨੂੰ ਭਾਣੀ
ਮੈਨੂੰ ਬਹੁਤ ਅਨੰਦ ਆਂਵਦਾ ਗੁਰਦੀ ਸੁਣ ਕਹਾਣੀ, ਬਹੁਤ ਪੁਰਾਣੀ
ਸਤਿਗੁਰ ਕਰੇ ਨ ਮੋਨਾਂ ਹੋਵਾਂ ਹੱਸਣ ਮੇਰੇ ਹਾਣੀ, ਪੀਣ ਨ ਪਾਣੀ
ਜੇਕਰ ਡਿੱਗਾਂ ਸਿੱਖੀ ਤੋਂ ਮੈਂ ਜਾਨ ਮੇਰੀ ਹੈ ਜਾਣੀ, ਮੈਂ ਪਛਾਣੀ

--o--

ਰਾਤੀ ਸੁੱਤਾ ਸੁਖਾ ਸਿੰਘ ਜਾਂ ਮਾਪਿਆਂ ਸਾਗ ਖੁਆਯਾ, ਭੰਗ ਨੂੰ ਪਾਯਾ
ਬਾਲ ਅੰਵਾਨਾ ਸੁਖਾ ਸਿੰਘ ਸੀ ਮਾਪਿਆਂ ਸਿਰ ਮੁਨਾਯਾ, ਪਾਪ ਕਮਾਯਾ
ਸੁਖਾ ਸਿੰਘ ਜਾਂ ਸੁੱਤਾ ਉਠਿਆ ਸਿਰ ਤੇ ਹੱਥ ਹੈ ਲਾਯਾ, ਤੇ ਗਮ ਖਾਯਾ
ਮਾਰੀ ਛਾਲ ਖੂਹੇ ਵਿਚ ਜਾਕੇ ਭਾਣਾ ਏ ਵਰਤਾਯਾ, ਮਰਨਾ ਚਾਹਿਆ

--o--

ਕੱਢਣ ਲੱਗੇ ਲੋਕੀਂ ਆਕੇ ਮੰਜੀ ਹੇਠ ਵਹਾਕੇ, ਲੱਜਾਂ ਪਾਕੇ
ਸੁਖਾ ਸਿੰਘ ਨ ਨਿਕਲੇ ਕਹਿੰਦਾ ਮਰਨਾ ਖੁਸ਼ੀ ਮਨਾਕੇ, ਗੋਤੇ ਖਾਕੇ
ਕੋਈ ਉਤੋਂ ਆਖਣ ਲੱਗਾ ਮਰ ਨਾ ਜਾਨ ਗਵਾਕੇ, ਦੁਖ ਉਠਾਕੇ
ਜੇ ਤੂੰ ਮਰਨਾ ਕਰ ਬਹਾਦਰੀ ਗੁਰੂ ਪੰਥ ਵਿਚ ਜਾਕੇ, ਹਥ ਦਿਖਾਕੇ

ਸਿਰ ਮੁਨਿਆਂ ਕੁਝ ਵਿਗੜ ਨ ਜਾਂਦਾ ਜੇ ਦਿਲ ਸਾਫਬਣਾਯਾ, ਦਾਗਨਲਾਯਾ
ਸੁਖਾ ਸਿੰਘ ਜੀ ਨਿਕਲ ਖੂਹੇ ਤੋਂ ਵਿਚ ਪੰਥ ਦੇ ਆਯਾ, ਸੁਧਾ ਛਕਾਯਾ
ਗੁਰੂ ਪੰਥ ਵਿਚ ਸੁਖਾ ਸਿੰਘ ਜੀ ਜੋਧਾ ਸਿੰਘ ਸਦਾਯਾ, ਮਰਤਬ ਪਾਯਾ
ਧੰਨ ਸਿੱਖ ਤੇ ਧੰਨ ਗੁਰੂ ਜੀ ਜਿਸਨੇ ਪੰਥ ਚਲਾਯਾ, ਬੂਟਾ ਲਾਯਾ

--o--

[ਸ੍ਰਦਾਰ ਭਗਤ ਸਿੰਘ ਜੀ ਸ਼ਹੀਦ ਦੀ ਲੜਕੀ ਦਾ ਬਿਆਨ]

ਕੋਰੜਾ--"ਪਰਜਾ ਨੂੰ ਬਾਦਸ਼ਾਹ ਨੇ ਮਾਰ ਸੁੱਟਿਆ"

ਧਰਮ ਦੇ ਨਾਲ ਸੱਚੋ ਸੱਚ ਆਖਦੀ, ਰਾਈ ਤਿਲ ਜਿੰਨਾ ਝੂਠ ਮੈਂ ਨਾ ਭਾਖਦੀ
ਤੀਸਰੀ ਸਤੰਬਰ ਤੇ ਐਤਵਾਰ ਜੀ, ਵਕਤ ਦੁਪੈਹਰ ਦਾ ਹੋਯਾ ਵਿਚਾਰ ਜੀ
ਮੈਂ ਸਾ ਘਰ ਬੈਠੀ ਰੋਟੀਆਂ ਪਕਾਂਵਦੀ, ਮੌਤ ਦੀ ਖਬਰ ਭੱਜੀ ਭੱਜੀ ਆਂਵਦੀ
ਇੱਕ ਮੁੰਡੇ ਛੇਤੀ ਛੇਤੀ ਆ ਉਚਾਰਿਆ. ਤੇਰੇ ਬਾਪੂ ਤਾਈਂ ਜਾ ਰਿਹਾ ਹੈ ਮਾਰਿਆ
ਸੁਣਕੇ ਹੈਰਾਨ ਪਰੇਸ਼ਾਨ ਹੋ ਗਈ, ਹੋਯਾ ਕੀ ਅਚਾਣਕ ਗਜ਼ਬ ਹੋ ਪਈ
ਹਾਇ ਓ ਗਰੀਬਾਂ ਦਾ ਈ ਝੁੱਗਾ ਲੁੱਟਿਆ, ਪ੍ਰਜਾ ਨੂੰ ਬਾਦਸ਼ਾਹ ਨੇ ਮਾਰ ਸੁੱਟਿਆ
ਓਸੇ ਵੇਲੇ ਮੈਂ ਤੇ ਨਾਲੇ ਮੇਰੀ ਮਾਈ ਜੀ, ਲੱਛਮਣ ਸਿੰਘ ਨਾਲ ਮੇਰਾ ਭਾਈ ਜੀ
ਚਾਚੇ ਦਾ ਪੁਤ੍ਰ ਮੇਰਾ ਭਾਈ ਲੱਗਦਾ, ਮੰਜੀਆਂ ਨੂੰ ਲੈਕੇ ਖੇਤ ਵੱਲ ਵੱਗਦਾ
ਸਾਡਾ ਖੇਤ ਮੱਕੀ ਦਾ ਹੈ ਪਿੰਡੋਂ ਬਾਹਰ ਜੀ, ਵਿੱਥ ਪੰਜਾਂ ਖੇਤਾਂ ਦੀ ਹੈ ਵਿਚਕਾਰ ਜੀ
ਅਸਾਂ ਡਿੱਠਾ ਖੇਤ ਵਿਚ ਤਦੋਂ ਜਾਇਕੇ, ਪਿਆ ਹੈ ਬਿਹੋਸ਼ ਬਾਪੂ ਬੁਰਾ ਆਇਕੇ
ਮੌਤ ਨੇ ਅਚਾਨਕ ਆ ਗਲ਼ਾ ਘੁੱਟਿਆ, ਪ੍ਰਜਾ ਨੂੰ ਬਾਦਸ਼ਾਹ ਨੇ ਮਾਰ ਸੁੱਟਿਆ
ਮੇਰਾ ਬਾਪੂ ਪਿਆ ਹੋਯਾ ਖੇਤ ਵਿੱਚ ਜੀ ਸੁਰਤ ਨ ਕਾਈ ਡਾਢਾ ਪਿਆ ਜਿੱਚਜੀ
ਲੋਥ ਦੇ ਸਮਾਨ ਪਿਆ ਹੋਯਾ ਮੋਯਾ ਸੀ, ਆਸਾ ਸਿੰਘ ਪਾਸ ਓਦੇ ਬੈਠਾ ਹੋਯਾ ਸੀ
ਤਾਰਾ ਸਿੰਘ ਜੋਰ ਨਾਲ ਰੋਂਦਾ ਪਿਆ ਸੀ, ਪੀੜ ਨਾਲ ਹਾਇ ਹਾਇ ਕਰ ਰਿਹਾ ਸੀ
ਰੱਤਾ ਰੱਤਾ ਹੱਡ ਸਾਰਾ ਪਿਆ ਟੁੱਟਿਆ, ਪ੍ਰਜਾ ਨੂੰ ਬਾਦਸ਼ਾਹ ਨੇ ਮਾਰ ਸੁੱਟਿਆ
ਤਾਰਾ ਸਿੰਘ ਸੰਦੇ ਟੁੱਟੇ ਹੋਏ ਦੰਦ ਜੀ, ਲਹੂ ਬੜਾ ਵੱਗਦਾ ਨ ਹੁੰਦਾ ਬੰਦ ਜੀ
ਲਹੂ ਹੈ ਜ਼ਬਾਨ ਵਿਚੋਂ ਪਿਆ ਵੱਗਦਾ, ਕੁੱਟਿਆ ਬਰੈਮੀ ਨਾਲ ਬੁਰਾ ਲੱਗਦਾ
ਸਿਰ ਅਤੇ ਪਿੰਡੇ ਉਤੇ ਚੋਟਾਂ ਲੱਗੀਆਂ, ਦੇਖੀਆਂ ਬਿਅੰਤ ਧਾਰਾਂ ਲਹੂ ਵੱਗੀਆਂ
ਤਾਰਾ ਸਿੰਘ ਹਾਇ ਹਾਇ ਪਿਆ ਕਰਦਾ, ਪੀੜ ਨਾਲ ਹਾਇ ਹਾਇ ਕਰ ਮਰਦਾ
ਬਿਜਲੀ ਅਚਾਨਕ ਜੋ ਆਣ ਪਈ ਹੈ, ਪਿੰਡਾ ਅਤੇ ਧੌਣ ਮੇਰੀ ਤੋੜ ਗਈ ਹੈ

ਗੋਰਖਿਆਂ ਜ਼ਾਲਮਾਂ ਨੇ ਬੁਰਾ ਕੁੱਟਿਆ, ਪੂਜਾ ਨੂੰ ਬਾਦਸ਼ਾਹ ਨੇ ਮਾਰ ਸੁੱਟਿਆ
ਓਸ ਵੇਲੇ ਵੇਖੇ ਅਸਾਂ ਖੇਤ ਵੱਟ ਤੇ, ਕੈਹਰ ਗੁਜਾਰਿਆ ਹੈ ਜਿੰਨਾ ਜੱਟ ਤੇ
ਦੋ ਗੋਰਖਈ ਖੜੇ ਟੋਪੀ ਪਾਇਕੇ, ਅੱਖੀਂ ਅਸਾਂ ਆਪ ਦੇਖੇ ਓਦੋਂ ਜਾਇਕੇ
ਬਾਪ ਤੇ ਭਰਾਵਾਂ ਵੱਲ ਦੇਖ ਕਰ ਮੈਂ, ਉੱਕਾ ਹੀ ਹੈਰਾਨ ਹੋਇ ਗਈ ਮਰ ਮੈਂ
ਰੋਣ ਲੱਗੀ ਮੈਂ ਤਾਂ ਬੁਰਾ ਹੋਯਾ ਭਾਖਿਆ, ਓਸ ਵੇਲੇ ਗੋਰਖਿਆਂ ਮੈਨੂੰ ਆਖਿਆ
ਇਹ ਤੇਰੇ ਕੌਣ ਅਤੇ ਕੀ ਨੇ ਲੱਗਦੇ,ਬੋਲਦੇ ਨੇ ਬੋਲ ਜਿਉਂ ਭੰਬਾਕੇ ਅੱਗਦੇ
ਬੱਧੀ ਹੋਈ ਗਊ ਤੇ ਕਸਾਈ ਛੁੱਟਿਆ, ਪੂਜਾ ਨੂੰ ਬਾਦਸ਼ਾਹ ਨੇ ਮਾਰ ਸੁੱਟਿਆ
ਅੱਗੋਂ ਮੈਂ ਜਵਾਬ ਦਿੱਤਾ ਨਾਲ ਧੀਰ ਏ, ਏਹ ਮੇਰਾ ਬਾਪ ਅਤੇ ਦੋਵੇਂ ਵੀਰ ਏ
ਫੇਰ ਓਹ ਬੋਲਦੇ ਦੋਵੇਂ ਸਪਾਹੀਏ, ਇੰਨਾਂ ਤਾਈਂ ਚੁੱਕ ਪਿੰਡ ਲੈ ਜਾਈਏ
ਇਹ ਦੋਵੇਂ ਹੱਛੇ ਅਜੇ ਰਾਜ਼ੀ ਬਾਜੀ ਨੇ, ਬੋਲਦੇ ਚੰਡਾਲ ਅੱਗੋਂ ਦੋਵੇਂ ਪਾਜ਼ੀ ਨੇ
ਫੇਰ ਅਸਾਂ ਪੁੱਛਿਆ ਦਸੋਂ ਪਿਆਰਿਆ, ਏਨਾਂ ਦੋਹਾਂ ਤਾਈਂ ਕਿਸ ਹੈਗਾ ਮਾਰਿਆ
ਓਨਾਂ ਅਗੋਂ ਆਖਿਆ ਨ ਅਸਾਂ ਮਾਰਿਆ, ਸਾਡੇ ਸਾਥੀਆਂ ਨੇ ਹੈ ਜਰੂਰ ਮਾਰਿਆ
ਮਾਰ ਕਰ ਓਹ ਏਥੋਂ ਚਲੇ ਗਏ ਨੇ, ਇਹ ਕਹਿਕੇ ਇਹ ਵੀ ਦੋਵੇਂ ਰਾਹੇ ਪਏ ਨੇ
ਹਾਥੀਆਂ ਬਗੀਚੇ ਵਿੱਚੋਂ ਬੂਟਾ ਪੁੱਟਿਆ,ਪੂਜਾ ਨੂੰ ਬਾਦਸ਼ਾਹ ਨੇ ਮਾਰ ਸੁੱਟਿਆ
ਮੰਜੀਆਂ ਲੈ ਆਂਦੀਆਂ ਨੇ ਅਸਾਂ ਆਪ ਜੀ,ਪਾਯਾ ਉਤੇ ਭਾਈ ਅਤੇਨਾਲੇਬਾਪ ਜੀ
ਲਛਮਣ ਸਿੰਘ ਤੇ ਜਵੰਦ ਸਿੰਘ ਜੀ, ਹੋਰ ਹੈ ਜਗਤ ਸਿੰਘ ਨੰਦ ਸਿੰਘ ਜੀ
ਫੇਰ ਹੈ ਚਰਨ ਸਿੰਘ ਕੇਹਰ ਸਿੰਘ ਜੀ,ਨਾਮ ਨਹੀਂ ਯਾਦ ਦੋ ਜੁ ਹੋਰ ਸਿੰਘ ਜੀ
ਚੁੱਕ ਲਈਆਂ ਏਨਾਂ ਦੋਵੇਂ ਚਾਰਪਾਈਆਂ, ਦੇਖ ਲੈ ਜੁਲਮ ਹੋਯਾ ਸੱਚੇ ਸਾਈਆਂ
ਚੁੱਕ ਕੇ ਲਿਆਏ ਲੋਥਾਂ ਪਿੰਡ ਵਿਚ ਜੀ, ਪਏ ਨੇ ਬਿਹੋਸ਼ ਦੋਵੇਂ ਬੜੇ ਚਿਰ ਜੀ
ਘਰ ਵਿਚ ਬੈਠਕ ਦੇ ਵਿੱਚ ਪਾਯਾ ਹੈ, ਹੋਯਾ ਹੈ ਜ਼ੁਲਮ ਲੋਕਾਂ ਨੇ ਸੁਣਾਯਾ ਹੈ
ਠੱਗਾਂ ਨੇ ਗਰੀਬ ਦਾ ਹੈ ਝੁੱਗਾ ਲੁੱਟਿਆ, ਪੂਜਾ ਨੂੰ ਬਾਦਸ਼ਾਹ ਨੇ ਮਾਰ ਸੁੱਟਿਆ
ਬੋਲਦੇ ਨ ਪਏ ਦੋਵੇਂ ਚੁਪ ਚਾਪ ਜੀ,ਨਾਹੀ ਕੁਝ ਖਾਂਦੇ ਪੀਂਦੇ ਭਾਈ ਬਾਪ ਜੀ
ਤੱਤਾ ਕਰ ਅਸਾਂ ਥੋੜਾ ਦਿੱਤਾ ਦੁੱਧ ਜੀ,ਆਸਾ ਸਿੰਘ ਤਾਰਾ ਸਿੰਘ ਸੀਗੀ ਸੁੱਧ ਜੀ
ਪੁੱਛਿਆ ਹੈ ਤਾਰਾ ਸਿੰਘ ਪਾਸੋਂ ਅਸਾਂ ਨੇ, ਦੱਸਿਆ ਨ ਹਾਲ ਕੁਝ ਸਾਨੂੰ ਤੁਸਾਂ ਨੇ
ਜ਼ਾਲਮ ਸਪਾਹੀਆਂ ਤੁਹਾਨੂੰ ਮਾਰਿਆ, ਦੱਸੋ ਖਾਂ ਸਬੱਬ ਕਿਉਂ ਹੈ ਮਾਰ ਡਾਰਿਆ
ਤਾਰਾ ਸਿੰਘ ਸਹਿਜ ਦੇ ਨਾਲ ਬੋਲਿਆ, ਪੁਲਸ ਸਪਾਹੀ ਚਾਰ ਸਾਡੇ ਕੋਲ ਆ

ਪੁੱਛਣ ਜੋ ਲਗੇ ਘੂਰ ਕਰ ਪਏ ਨੇ, ਰਸਦ ਦੇ ਦੋਵੇਂ ਗੱਧੇ ਕਿੱਥੇ ਗਏ ਨੇ
ਅਸਾਂ ਸਹਿਜ ਨਾਲ ਦਿੱਤਾ ਹੈ ਜਵਾਬ ਜੀ, ਸਾਨੂੰ ਨ ਮਲੂਮ ਹੈ ਖਬਰ ਖ਼੍ਵਾਬ ਜੀ
ਇਹ ਸੁਣ ਓਨ੍ਹਾਂ ਕੁਝ ਨ ਵਿਚਾਰਿਆ, ਮਾਰ ਨੂੰ ਅਰੰਭ ਕੀਤਾ ਬੁਰਾ ਮਾਰਿਆ
ਸੋਟਿਆਂ ਦੇ ਨਾਲ ਬੁਰਾ ਸਾਨੂੰ ਕੁੱਟਿਆ, ਪੂਜਾ ਨੂੰ ਬਾਦਸ਼ਾਹ ਨੇ ਮਾਰ ਸੁੱਟਿਆ
ਫੇਰ ਦਿਨ ਅੱਗਲੇ ਜੋ ਸੋਮਵਾਰ ਜੀ, ਹੋਏ ਅਜਨਾਲੇ ਵੱਲ ਅਸੀਂ ਤਯਾਰ ਜੀ
ਬਾਪ ਅਤੇ ਤਾਰਾ ਸਿੰਘ ਤਾਈਂ ਆਇਕੇ,ਮੰਜੀਆਂ ਦੇ ਉਤੇ ਅਸਾਂ ਲਿਆ ਪਾਇਕੇ
ਤੁਰੇ ਹਾਂ ਹਸਪਤਾਲ ਵੱਲ ਪਏ ਜੀ, ਮਾਂ ਚਾਚਾ ਜਗਤ ਸਿੰਘ ਨਾਲ ਗਏ ਜੀ
ਚੱਲਕੇ ਹਸਪਤਾਲ ਵਿਚ ਆਏ ਜੀ, ਵਾਸਤੇ ਅਨੇਕ ਅਸਾਂ ਅਗੋਂ ਪਾਇ ਜੀ
ਬਾਬੂ ਸੂਕਾਰੀ ਅੱਗੋਂ ਆਪ ਆਖਿਆ, ਦੇਖਿਆ ਬਿਮਾਰ ਮੈਂ ਨ ਚਾਹੁੰਦਾ ਰਾਖਿਆ
ਤੇਰੇ ਬਾਪ ਕਦੀ ਵੀ ਨ ਰਾਜ਼ੀ ਹੋਂਵਣਾ, ਸਮਝੋ ਏ ਮੋਯਾ ਪਿਆ ਕਰੋ ਰੋਂਵਣਾ
ਹੋਇਕੇ ਨਿਰਾਸ ਅਸੀਂ ਤੁਰ ਪਏ ਹਾਂ, ਅੱਡੇ ਅਜਨਾਲੇ ਉਤੇ ਆਇ ਗਏ ਹਾਂ
ਹੋਰ ਦੁਖ ਪਿਆ ਅਸੀਂ ਦੁਖੀ ਅੱਗੇ ਹਾਂ, ਮੋਟਰ ਜਾਂ ਭਾੜੇ ਅਸੀਂ ਕਰਨ ਲੱਗੇ ਹਾਂ
ਬਾਪ ਦੇ ਮੈਂ ਮੂਖ ਵਿਚ ਪਾਯਾ ਦੁੱਧ ਜੀ, ਓਨੂੰ ਅੱਗੇ ਕੁਝ ਵੀ ਨ ਸੁੱਧ ਬੁਧ ਜੀ
ਓਸੇ ਵੇਲੇ ਅੱਖਾਂ ਦੋਵੇਂ ਫਿਰ ਗਈਆਂ, ਬਾਪ ਨੇ ਚੜ੍ਹਾਈਆਂ ਨੇ ਕਰ ਲਈਆਂ
ਸਾਹ ਗਿਆ ਨਿਕਲ ਤੇ ਮੋਯਾ ਬਾਪ ਜੀ, ਬੈਠ ਅਫਸੋਸ ਅਸਾਂ ਕੀਤਾ ਆਪ ਜੀ
ਫੇਰ ਅਸੀਂ ਤਾਰਾ ਸਿੰਘ ਤਾਈਂ ਮੋੜਕੇ, ਰੱਖਿਆ ਹਸਪਤਾਲ ਹੱਥ ਜੋੜਕੇ
ਅੱਜ ਹੈ ਸਵੇਰੇ ਤਾਰਾ ਸਿੰਘ ਚੜਿਆ,ਬੀਬੀ ਸੰਤੀ ਸਾਰਾ ਏ ਬਿਆਨ ਕਰਿਆ
ਸੱਚਾ ਸੱਚਾ ਸਾਰਾ ਏ ਬਿਆਨ ਜਾਣਨਾ, ਰਾਈ ਜਿੰਨਾ ਝੂਠ ਵੀ ਨ ਵਿੱਚ ਮਾਨਣਾ
ਦੇਖ ਲੈ ਪੰਜਾਬ ਦਾ ਏ ਲੇਖ ਫੁੱਟਿਆ,ਪੂਜਾ ਨੂੰ ਬਾਦਸ਼ਾਹ ਨੇ ਮਾਰ ਸੁੱਟਿਆ

ਤ੍ਰੀਕ ੬ ਸਤੰਬਰ ਨਿਸ਼ਾਨ ਅੰਗੂਠਾ ਬੀਬੀ ਸੰਤੀ

[ਸ਼ਹੀਦ ਭਗਤ ਸਿੰਘ ਜੀ ਦਾ ਸਿਸਕਾਰ ਗੁਰੂ ਕੇ ਬਾਗ ਹੋਣਾ]

ਅੱਡੇ ਤੇ ਭਗਤ ਸਿੰਘ ਜਦੋਂ ਚੜ੍ਹਿਆ, ਗੁਰੂ ਬਾਗ ਵੱਲ ਸਿੰਘਾਂ ਚੁੱਕ ਖੜਿਆ
ਓਥੇ ਸਿੰਘਾਂ ਮਾਨ ਸ਼ਾਨ ਬੜੇ ਨਾਲਜੀ, ਕੀਤਾ ਸਿਸਕਾਰ ਹੈ ਸ਼ਹੀਦ ਲਾਲ ਜੀ

[ਸ੍ਰ: ਤਾਰਾ ਸਿੰਘ ਜੀ ਸ਼ਹੀਦ ਦਾ ਸਿਸਕਾਰ]

ਤਾਰਾ ਸਿੰਘ ਪੁਤ੍ਰ ਭਗਤ ਸਿੰਘ ਦਾ, ਤੇੜੇ ਦਾ ਨਿਵਾਸ ਹੈ ਪਰੇਮੀ ਸਿੰਘ ਦਾ
ਪੈਹਿਲਾਂ ਭਗਤ ਸਿੰਘ ਗਏ ਚੜ੍ਹ ਜੀ, ਮਗਰੋਂ ਚਲਾਣਾ ਏ ਵੀ ਗਏ ਕਰ ਜੀ

ਲਾਸ਼ ਤਾਰਾ ਸਿੰਘ ਦੀ ਸਿੰਘਾਂ ਉਠਾਇਕੇ, ਰੱਖੀ ਹੈ ਅਕਾਲੀਆਂ ਦੇ ਬਾਗ ਆਇਕੇ
ਛੇਵੀਂ ਜੀ ਸਤੰਬਰ ਨੂੰ ਲਾਸ਼ ਆਈ ਹੈ, ਰਾਤ ਬਾਗ ਵਿਚ ਸਿੰਘਾਂ ਨੇ ਟਿਕਾਈ ਹੈ
ਸੱਤਵੀਂ ਸਤੰਬਰ ਦਾ ਦਿਨ ਚੜ੍ਹਿਆ, ਦਸ ਵਜੇ ਸਿੰਘਾਂ ਨੇ ਤਿਆਰਾ ਕਰਿਆ
ਤਾਰਾ ਸਿੰਘ ਜੀ ਦੀ ਅਰਥੀ ਸਿੰਘਾਂ ਕੱਢੀਏ, ਨਾਲ ਸਤਕਾਰ ਮਾਨ ਸ਼ਾਨ ਵੱਢੀਏ
ਹਿੰਦੂ ਤੇ ਮੁਸਲਮਾਨ ਬੜੇ ਨਾਲ ਨੇ, ਅੰਤ ਨ ਸੁਮਾਰ ਜੁੜੇ ਆ ਕਮਾਲ ਨੇ
ਸਿੰਘ ਵੀ ਅਕਾਲੀਏ ਨ ਅੰਤ ਕੋਈ ਹੈ, ਭੀੜ ਆ ਬਜ਼ਾਰਾਂ ਵਿਚ ਬੜੀ ਹੋਈ ਹੈ
ਤੁਰੇ ਨੇ ਬਜ਼ਾਰ ਵਿਚ ਬੰਨ੍ਹ ਪਾਲ ਜੀ, ਫੁੱਲਾਂ ਸੰਦੀ ਬ੍ਰਖਾ ਹੁੰਦੀ ਨਾਲ ਨਾਲ ਜੀ
ਨਾਲ ਨੇ ਗੁਲਾਬ ਛਿਣਕਾਈ ਜਾਂਵਦੇ, ਵਾਹਿਗੁਰੂ ਸਤਿਨਾਮ ਗਾਈ ਆਂਵਦੇ
ਸੰਗਤਾਂ ਸ਼ਬਦ ਪ੍ਰੇਮ ਨਾਲ ਪੜ੍ਹਦੀਆਂ, ਸਤ ਸ੍ਰੀ ਅਕਾਲ ਨੇ ਜੈਕਾਰ ਕਰਦੀਆ
ਬੜੀ ਘਨਘੋਰ ਆਣ ਮੱਚੀ ਹੋਈ ਜੀ, ਏਸ ਸ਼ਾਨ ਮਾਨ ਦਾ ਨ ਅੰਤ ਕੋਈ ਜੀ
ਜਿੱਥੋਂ ਜਿੱਥੋਂ ਏਹ ਪ੍ਰੋਸ਼ੈਸ਼ਨ ਜਾਂਵਦਾ, ਸਾਰਾ ਹੀ ਬਜ਼ਾਰ ਖੜਾ ਹੋਏ ਜਾਂਵਦਾ
ਸਭਨਾਂ ਦੇ ਮੂੰਹੋਂ ਜੋਰੋ ਜੋਰ ਕਾਰ ਜੀ, ਨਿਕਲਦੀ ਬੜੀ ਆਣ ਹਾਹਾ ਕਾਰ ਜੀ
ਜਾਲਮਾਂ ਦੇ ਜ਼ੁਲਮ ਨੇ ਲੋਕ ਗਾਂਵਦੇ, ਲਾਨਤਾਂ ਮਹਾਨ ਜਾਲਮਾਂ ਨੂੰ ਪਾਂਵਦੇ
ਅਰਥੀ ਮਸਾਨ ਭੂਮ ਆਣ ਧਰੀਏ, ਮਾਨ ਸ਼ਾਨ ਨਾਲ ਸਿਸਕਾਰ ਕਰੀਏ
ਧੰਨ ਧੰਨ ਜੈ ਜੈ ਕਾਰ ਆਣ ਹੋ ਪਿਆ, ਤਾਰਾ ਸਿੰਘ ਨਾਮ ਹੈ ਸ਼ਹੀਦ ਹੋ ਗਿਆ

[ਸ਼ਹੀਦ ਭਗਤ ਸਿੰਘ ਤਾਰਾ ਸਿੰਘ ਜੀ ਦਾ ੧੬ ਅਕਤੂਬਰ ਦਾ ਮੁਕਦਮਾਂ]
[“ਪਹਿਲੀ ਗਵਾਹੀ ਵੰਝਣ ਚੂਹੜੇ ਦੀ” ਬੈਠਿਆਂ ਬਿਦੋਸ਼ਿਆਂ ਨੂੰ ਐਵੇਂ ਮਾਰਿਆ]

ਅਸੀਂ ਪਏ ਗੋਡਦੇ ਸਾਂ ਮੱਕੀ ਖੇਤ ਜੀ, ਚਾਰ ਜੋ ਸਪਾਹੀ ਆਏ ਰੱਬ ਨੇਤ ਜੀ
ਆਂਵਦੇ ਏ ਸਾਨੂੰ ਪੁੱਛਣ ਲਗ ਪਏ ਜੇ, ਰਸਦ ਦੇ ਖੋਤੇ ਦੱਸੋ ਕਿੱਥੇ ਗਏ ਜੇ
ਤਾਰਾ ਸਿੰਘ ਬੋਲ ਮੁਖੋਂ ਇਹ ਉਚਰਿਆ, ਮਾਰਨਾ ਸਿਪਾਹੀਆਂ ਨੇ ਸ਼ੁਰੂ ਕਰਿਆ
ਪਰੇ ਸੀ ਭਗਤ ਸਿੰਘ ਮਾਲ ਚਾਰਦਾ, ਵੇਖ ਏਹੋ ਹਾਲ ਆਯਾ ਛਾਲਾਂ ਮਾਰਦਾ
ਸਾਨੂੰ ਨ ਮਲੂਮ ਕਿਹਾ ਹੱਥ ਜੋੜਕੇ, ਜਾਓ ਖਾਂ ਗਰੀਬਾਂ ਤਾਈਂ ਜੀਊਂਦੇ ਛੋੜਕੇ
ਗੁਸੇ ਤਾਂ ਸਪਾਹੀਆਂ ਨੂੰ ਆਇ ਗਏ ਨੇ, ਏਸ ਨੂੰ ਵੀ ਮਾਰਨ ਤਾਂ ਲੱਗ ਪਏ ਨੇ
ਮੈਂ ਤਾਂ ਗਿਆ ਦੌੜ ਡਰਕੇ ਪਿਆਰਿਆ, ਬੈਠਿਆਂ ਬਿਦੋਸ਼ਿਆਂ ਨੂੰ ਐਵੇਂ ਮਾਰਿਆ

[ਦੂਸਰੀ ਫਜੂ ਅਤੇ ਮਹੰਦੇ ਅਰਾਈਂ ਦੀ ਗਵਾਹੀ]

ਖੂਹ ਆਪਣੇ ਤੇ ਅਸੀਂ ਬੈਠੇ ਹੋਏ ਸੀ, ਮੱਕੀ ਵੱਲ ਰੌਲਾ ਸੁਣਕੇ ਖਲੋਇ ਸੀ

ਭੱਜੇ ਭੱਜੇ ਆਇ ਵੇਖਿਆ ਕੀ ਆਣਕੇ, ਮਾਰਦੇ ਸਪਾਹੀ ਇੰਨ੍ਹਾਂ ਤਾਈਂ ਗਾਣਕੇ
ਤਾਰਾ ਸਿੰਘ ਭਗਤ ਸਿੰਘ ਦੇਖਕੇ ਹੈਰਾਨਹੋਪਏ, ਦੋਵੇਂ ਪਿਓ ਪੁਤ ਏ ਬਿਹੋਸ਼ ਹੋ ਪਏ
ਆਸਾ ਸਿੰਘ ਸੀਗਾ ਕੁਝ ਹੋਸ਼ ਵਿੱਚ ਜੀ, ਦੇਖਕੇ ਏ ਹਾਲ ਅਸੀਂ ਹੋਇ ਜਿੱਚਜੀ
ਚਲੇ ਗਏ ਸਪਾਹੀ ਸਾਨੂੰ ਤਰਸ ਆਯਾਹੈ, ਏਨਾਂ ਸੰਦੇ ਮੂੰਹ ਵਿਚ ਪਾਣੀ ਪਾਯਾ ਹੈ
ਕੁਝ ਚਿਰ ਮਗਰੋਂ ਹਨੇਰ ਛਾ ਪਏ, ਅਫਸਰ ਸਮੇਤ ਜੇ ਸਪਾਹੀ ਆ ਗਏ
ਅਫਸਰਨੇ ਸਪਾਹੀਆਂ ਨੂੰ ਕੀਤੀ ਸੈਨ ਜੀ, ਮਾਰੋ ਖਾਂ ਬੇਸ਼ੱਕ ਏ ਜੋ ਤਿੰਨੇ ਹੈਨ ਜੀ
ਮਾਰਨ ਸਪਾਹੀ ਲਗ ਪਏ ਫੇਰ ਜੀ, ਮੌਯਾਂ ਨੂੰ ਕਿਉਂ ਮਾਰਦੇ ਹੋਯਾ ਹਨੇਰ ਜੀ
ਅੱਗੋਂ ਬੋਲ ਆਖਿਆ ਮਹੰਦੇ ਅਰਾਈਂ ਨੇ, ਤਾਰਾ ਸਿੰਘ ਹੈਗੀ ਤਾਂ ਫੌਜੀ ਸਪਾਹੀ ਨੇ
ਨੌਕਰੀ ਏ ਕਰ ਆਯਾ ਸਰਕਾਰ ਦੇ, ਕੋਲ ਏਸ ਤਾਈਂ ਤੁਸੀ ਕਾਹਨੂੰ ਮਾਰਦੇ
ਐਪਰ ਸਪਾਹੀ ਅੱਗੋਂ ਬਾਜ ਆਇ ਨਾ, ਹੋ ਗਏ ਬਿਹੋਸ਼ ਤਾਂ ਵੀ ਖੌਫ ਖਾਇ ਨਾ
ਹੋ ਗਏ ਬਿਹੋਸ਼ ਜਦੋਂ ਬੜੇ ਆਣਕੇ, ਚਲੇ ਗਏ ਛੱਡ ਥੋੜੇ ਸਾਸ ਜਾਣਕੇ
ਅਸਾਂ ਦਿਲ ਵਿਚ ਬੈਠਕੇ ਵਿਚਾਰਿਆ, ਬੈਠਿਆਂ ਬਿਦੋਸ਼ਿਆਂ ਨੂੰ ਐਵੇਂ ਮਾਰਿਆ

"ਤੀਸਰੀ ਜਗਤ ਸਿੰਘ ਦੀ ਗਵਾਹੀ"

ਤੀਜੀ ਜੀ ਜਗਤ ਸਿੰਘ ਦੀ ਗਵਾਹੀ ਏ, ਸਕਾ ਜੀ ਭਗਤ ਸਿੰਘ ਮੇਰਾ ਭਾਈਏ
ਤਾਰਾ ਸਿੰਘ ਮੇਰਾ ਹੈ ਭਤੀਜਾ ਲਗਦਾ, ਬੜਾ ਹੀ ਪਿਆਰਾ ਹੈ ਏ ਸਾਕ ਜੱਗਦਾ
ਏਹ ਮਾਰ ਵੀਹ ਭਾਂਦੋਂ ਨੂੰ ਪਈ ਹੈ, ਭਾਵੀ ਹੋਣ ਹਾਰ ਵੱਡੀ ਵਰਤ ਗਈ ਹੈ
ਆਯਾ ਸਾਂ ਮੈਂ ਪੈਲੀ ਵਿਚੋਂ ਹਲ ਵਾਹਿਕੇ, ਇੱਕ ਮੁੰਡੇ ਦੱਸਿਆ ਹੈ ਮੈਨੂੰ ਆਇਕੇ
ਭਗਤ ਸਿੰਘ ਤਾਰਾ ਸਿੰਘ ਤਾਈਂ ਕੁੱਟਕੇ, ਪੁਲਸ ਵਾਲੇ ਚਲੇ ਗਏ ਮਾਰ ਸੁੱਟਕੇ
ਦੌੜਕੇ ਮੈਂ ਬਾਰੂ ਵੱਲ ਜਾਣਾ ਕਰਿਆ, ਦੇਖਿਆ ਮੈਂ ਸਾਹਿਬ ਘੋੜੇ ਉਤੇ ਚੜ੍ਹਿਆ
ਸੀ ਸਪਾਹੀ ਵੀਹ ਪੰਝੀ ਸਰਕਾਰ ਦੇ, ਦੋਹਾਂ ਤਾਈਂ ਹੁੱਜਾਂ ਮੁੱਕੇ ਬੁਰੇ ਮਾਰਦੇ
ਪਰ ਓ ਬਿਹੋਸ਼ ਦੋਵੇਂ ਪਏ ਹੋਇ ਸੀ, ਜੀਉਂਦੇ ਆਕੇ ਮੋਏ ਨਹੀਂ ਸੁੱਧ ਕੋਇ ਸੀ
ਹੱਥ ਜੋੜ ਅਸੀਂ ਬੇਨਤੀ ਗੁਜਾਰਦੇ, ਕਿਉਂ ਤੁਸੀਂ ਏਨ੍ਹਾਂ ਤਾਈਂ ਐਵੇਂ ਮਾਰਦੇ
ਪਰ ਸਾਹਬ ਹੋਰਾਂ ਸਾਨੂੰ ਹੈ ਡਰਾਯਾ ਜੀ, ਸਗੋਂ ਅੱਗੋਂ ਮਾਰ ਦੱਬ ਧਮਕਾਯਾ ਜੀ
ਪਿੰਡ ਨੂੰ ਲੈ ਜਾਓ ਸਾਹਬ ਆਪ ਆਖਿਆ, ਚੁੱਕ ਦੋਹਾਂ ਤਾਈਂ ਅਸਾਂ ਘਰ ਰਾਖਿਆ
ਦਿਨੇ ਅਸੀ ਲੈ ਗਏਅਜਨਾਲੇ ਵੱਲ ਜੀ, ਸੁਣੋਂ ਹਸਪਤਾਲ ਵਾਲੀ ਸਾਰੀ ਗੱਲ ਜੀ
ਡਾਕਟਰ ਹੋਰਾਂ ਨੂੰ ਬਿਨੇਂ ਉਚਾਰੀਆਂ, ਏਨ੍ਹਾਂ ਦੀਆਂ ਸੱਟਾਂ ਤੁਸੀਂ ਲਿਖੋ ਸਾਰੀਆਂ

ਓਨ੍ਹਾਂ ਅਗੋਂ ਕਰ ਦਿੱਤਾ ਇਨਕਾਰ ਜੀ, ਮਾਮਲਾ ਏ ਗੌਰਮਿੰਟ ਸਰਕਾਰ ਜੀ
ਮੈਂ ਵੀ ਹੋਯਾ ਨੌਕਰ ਜੋ ਗੌਰਮਿੰਟ ਦਾ, ਹੁਕਮ ਦਾ ਬੱਧਾ ਘੜੀ ਪਲ ਮਿੰਟ ਦਾ
ਮੈਂ ਵੀ ਹਾਂ ਲਿਹਾਜ਼ ਦਿਲ ਵਿਚ ਤੱਕਦਾ, ਇਸ ਲਈ ਸੱਟਾਂ ਮੈਂ ਨ ਲਿਖ ਸੱਕਦਾ
ਇਕ ਦੋਇ ਦਿਨ ਜੇ ਦਵਾਈ ਹੋਵੇ ਤਾਂ, ਬੇਸ਼ੱਕ ਕਰਾਵੇ ਜੇ ਕਰਾਨੀ ਹੋਵੇ ਤਾਂ
ਪਰ ਅਸਾਂ ਓਥੋਂ ਸੁਧਾਸਰ ਔਣ ਨੂੰ, ਮੋਟਰ ਕਰਾਇ ਕੀਤੀ ਪਿੱਛਾਂ ਭੌਂਣ ਨੂੰ
ਮੋਟਰ ਕਰਾਇ ਅਸਾਂ ਕੀਤੀ ਜਦ ਹੀ, ਕਰ ਗਏ ਚਲਾਣਾ ਭਗਤ ਸਿੰਘ ਤਦ ਹੀ
ਮੋਟ੍ਰ ਵਾਲਾ ਕਰ ਇਨਕਾਰ ਝੱਕਦ, ਲਾਸ਼ ਮੈਂ ਨਾ ਸ਼ਹਿਰ ਵਲ ਖੜ ਸੱਕਦਾ
ਅਸੀਂ ਫੇਰ ਪਿੰਡ ਆਪਣੇ ਨੂੰ ਆ ਗਏ, ਆਦਮੀ ਬਰਾਦਰੀ ਦੇ ਨੇ ਬੁਲਾ ਲਏ
ਕੀਤੀ ਹੈ ਸਲਾਹ ਅਸਾਂ ਪਿੰਡ ਨਾਲ ਜੀ, ਅਸੀਂ ਹੁਣ ਕਰੀਏ ਕੀ ਦੱਸੋ ਲਾਲ ਜੀ
ਸਾਰਿਆਂ ਹੀ ਸੱਜਣਾਂ ਦਿੱਤੀ ਸਲਾਹਿ ਜੀ, ਸਾਹਬ ਤਾਈਂ ਦੱਸੋਂ ਗੁਰੂ ਬਾਗ ਜਾਇ ਜੀ
ਗੁਰੂ ਬਾਗ ਜਾਇ ਅਸਾਂ ਜਦੋਂ ਆਖਿਆ, ਸਾਹਬ ਅੱਗੋਂ ਬੋਲਿਆ ਹੈ ਲੋਹ ਲਾਖਿਆ
ਝਿੜਕਿਆ ਹੈ ਸਾਨੂੰ ਅੱਗੋਂ ਤਾੜ ਲਾਲੀਆਂ, ਅਸੀਂ ਤਾਂ ਸ਼ਰਨ ਲੀਤੀ ਜਾ ਅਕਾਲੀਆਂ
ਦੱਸਿਆ ਅਕਾਲੀਆਂ ਨੂੰ ਸਾਰਾ ਹਾਲ ਏ, ਜੋ ਜੋ ਸਾਡੇ ਬੀਤਿਆ ਹੈ ਅੱਜ ਨਾਲ ਏ
ਓਨਾਂ ਅਗੋਂ ਆਖਿਆ ਹੈ ਵੀਰ ਸੁਣ ਜੀ, ਆਂਵਦੀ ਹੈ ਮੋਟਰ ਕੋਈ ਸ਼ੈਹਰੋਂ ਹੁਣ ਜੀ
ਲੈ ਚਲਾਂਗੇ ਅਸੀਂ ਹੁਣੇ ਸ਼ੈਹਰ ਵੱਲ ਜੀ, ਆਈ ਸਾਨੂੰ ਧੀਰਜ ਏ ਸੁਣੀ ਗੱਲ ਜੀ
ਪਰ ਮੋਟਰਾਂ ਨ ਅੱਗੇ ਔਣਾਂ ਪਾਂਦੀਆਂ, ਰਾਹਦੇ ਹੀ ਵਿੱਚ ਅੱਗੋਂ ਰੁਕ ਜਾਂਦੀਆਂ
ਮੋਟਰ ਨ ਆਈ ਕੋਈ ਦਿਨ ਦੋਇ ਜੀ, ਹੋਰ ਵੀ ਸਵਾਰੀ ਨਾਹੀ ਮਿਲੀ ਕੋਇ ਜੀ
ਭਗਤ ਭਗਤ ਸਿੰਘ ਸਰਦਾਰ ਜੀ, ਗੁਰੂ ਬਾਗ ਵਿਚ ਕੀਤਾ ਸਿਸਕਾਰ ਜੀ
ਫੇਰ ਪਿਛੋਂ ਪਤਾ ਪਿੰਡ ਵੱਲੋਂ ਆਗਿਆ, ਤਾਰਾ ਸਿੰਘ ਜੀ ਵੀ ਗੁਰਪੁਰੀ ਧਾਗਿਆ
ਅਸੀਂ ਪਿੰਡ ਆਇ ਥਾਣੇ ਵੱਲ ਗਏ ਜੀ, ਦੇਣ ਇਤਲਾਹ ਘਰੋਂ ਚੱਲ ਪਏ ਜੀ
ਥਾਣੇ ਵਾਲਿਆਂ ਨੇ ਅੱਗੋ ਕਿਹਾ ਰਾਮ ਜੀ, ਕਿਸੇ ਜੱਟ ਸੰਦਾ ਜੋ ਲਿਖਾਓ ਨਾਮ ਜੀ
ਲਿਖਾਂਗੇ ਰਪੋਟ ਅਸੀ ਤਾਂ ਸਾਰੀ ਏ, ਠਾਣੇ ਵਾਲਿਆਂ ਨੇ ਗੱਲ ਜੋ ਉਚਾਰੀਏ
ਪੁਲਸ ਦੇ ਨਾਮ ਦੀ ਰਪੋਟ ਝੱਕਦੇ, ਕਦੀ ਵੀ ਨ ਆਪ ਅਸੀ ਲਿਖ ਸੱਕਦੇ
ਪਿੰਡ ਵੱਲ ਆਏ ਅਸੀ ਹੋ ਨਿਰਾਸ ਜੀ, ਹੋ ਗਏ ਬਿਸ਼ਨ ਸਿੰਘ ਗੁਰੂ ਦਾਸ ਜੀ

[ਸਿਰੋਮਣੀ ਕਮੇਟੀ ਦਾ ਨੰਃ ੬੬ ਐਲਾਨ]

ਐਸੋਸੀਏਟਿਡ ਪ੍ਰੈਸ ਦੀ ਤਾਰ ਤੋਂ ਪਤਾ ਲਗਦਾ ਹੈ ਕਿ ਅਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਆਪਣੀ ਰਪੋਟ ਵਿਚ ਲਿਖਦਾ ਹੈ ਕਿ ਤੇੜਾ ਪਿੰਡ ਦੇ ਸਿੰਘਾਂ ਦਾ ਚਲਾਣਾ ਕਰ ਜਾਣਾ ਦੋ ਗੋਰਖਿਆਂ ਦੇ ਫਟੜ ਹੋਣ ਨਾਲ ਸੰਬੰਧ ਰਖਦਾ ਹੈ।

[ਇਹ ਝੂਠ ਹੈ]

ਇਸ ਮਾਮਲੇ ਦਾ ਗੋਰਖਿਆਂ ਦੇ ਫਟੜ ਹੋਣ ਨਾਲ ਕੋਈ ਸੰਬੰਧ ਨਹੀ ਹੈ ਦੋਹਾਂ ਗੋਰਖਿਆਂ ਨੂੰ ਆਪਸ ਵਿਚ ਲੜਨ ਤੋਂ ਜਾਂ ਕਿਸੇ ਪਾਸੋਂ ਜਿਹੜਾ ਅਕਾਲੀ ਜਥੇ ਨਾਲ ਸੰਬੰਧ ਨਹੀ ਰਖਦਾ ਗੁਰੂ ਕੇ ਬਾਗ ਤੋਂ ਕਿਤੇ ਬਾਹਰੋਂ ਪੰਜ ਤੇ ਛੇ ਤ੍ਰੀਕ ਦੀ ਵਿਚਕਾਰਲੀ ਰਾਤ ਸਟਾਂ ਵੱਜੀਆਂ ਅਤੇ ਸਾਰਿਆਂ ਕੋਲੋਂ ਪਹਿਲਾਂ ਮਰਹਮ ਪੱਟੀ ਓਨਾਂ ਨੂੰ ਸਾਡੇ ਡਾਕਟਰਾਂ ਕੀਤੀ ਅਤੇ ਓਨਾਂ ਨੂੰ ੬ ਡਠੀਕ ਦੁਪਹਿਰ ਨੂੰ ਅਮ੍ਰਿਤਸਰ ਦੇ ਹਸਪਤਾਲ ਵਿਚ ਲੈ ਆਂਦਾ ਗਿਆ।

[ਹੇਠ ਲਿਖੀ ਕਵਿਤਾ ਮੇਰੇ ਵਿਦਆਰਥੀ ਸ੍ਵਰਨ ਸਿੰਘ ਖਾਲਸਾ ਕਾਲਜ ਅਮ੍ਰਿਤਸਰ ਦੀ ਹੈ]

ਸੋਮਵਾਰ ੪ ਸਤੰਬਰ ੧੯੨੨ ਨੂੰ ਗੁਰਦਾਸ ਪੁਰ ਦਾ ਅਕਾਲੀ ਜਥਾ

ਚੜ੍ਹਿਆ ਰੋਜ ਸਤੰਬਰੇ ਚਾਰ ਵੇਖੋ ਨੌਂ ਬਜਕੇ ਮਿੰਟ ਹੋ ਵੀਹ ਗਏ ਸੀ
੧੦੧ ਅਕਾਲੀ ਬਹਾਦਰਾਂ ਦੇ ਦਿਲ ਮੈਦਿਆਂ ਵਾਂਗਰਾਂ ਪੀਹ ਗਏ ਸੀ
ਜ਼ਿਲਾ ਓਹਨਾਂ ਦਾ ਨਾਮ ਗੁਰਦਾਸ ਪੁਰ ਜੋ ਖੜਗ ਸਿੰਘ ਦੀ ਹੇਠ ਤਸੀਹ ਗਏ ਸੀ
ਮੱਥਾ ਟੇਕਕੇ ਤਖਤ ਅਕਾਲ ਸਾਰੇ ਸੂਲੀ "ਸ੍ਵਰਨ" ਦੀ ਚੜ੍ਹਨ ਮਸੀਹ ਗਏ ਸੀ

—o—

[ਲੋਕਾਂ ਦੇ ਦਰਦ ਤੇ ਮੂੰਹ ਦੀਆਂ ਗਲਾਂ]

ਜੱਥਾ ਚਲਿਆ ਮੌਤ ਦੇ ਗੀਤ ਗਾਂਉਂਦਾ ਲੋਕੀਂ ਵੇਖ ਮੂੰਹ ਉਂਗਲਾਂ ਪਾਉਣ ਲਗੇ
ਆਖਣ ਚਲੀ ਜਨੇਤ ਇਹ ਖੜਗ ਸਿੰਘ ਦੀ ਉਹਨੂੰ ਮੌਤ ਦੇ ਨਾਲ ਵਿਆਉਣ ਲਗੇ
ਕਹਿੰਦੇ ਮੌਤ ਨੂੰ ਇਸਤ੍ਰੀ ਰੂਪ ਕਰਕੇ ਓਹਨੂੰ ਗ੍ਰਸਤ ਦਾ ਢੰਗ ਸਖਾਉਣ ਲਗੇ
ਕਈ ਆਖਦੇ ਖੂਨ ਦਾ ਪਾ ਪੋਚਾ "ਸਵਰਨ" ਚੂਨੀ ਦਾ ਰੰਗ ਚਮਕਾਉਣ ਲਗੇ

—o—

[ਜੰਦ ਪੁੱਲ ਤੇ ਪਹੁੰਚਨੀ ਤੇ ਮੌਤ ਦਾ ਟਾਕਰਾ]

ਜੰਦ ਪਹੁੰਚ ਗਈ ਨੌਂ ਵਜੇ ਪਾਸ ਪੁੱਲਦੇ ਮੌਤ ਹਾਰ ਸ਼ਿੰਗਾਰ ਲਗਾਉਣ ਲਗੀ
ਬਾਹੋਂ ਪਕੜਕੇ ਓਥੇ ਬਹਾਲਿਓ ਸੂ ਵੇਖੋ ਗਿੱਦੜੀ ਸ਼ੇਰ ਧਮਕਾਉਣ ਲਗੀ
ਆਂਹਦੀ ਤੁਸੀਂ ਤੇ ਬੈਠ ਕੇ ਧੁੱਪ ਸੇਕੋ ਮੈਂ ਹੁਣ ਲੋਕਾਂ ਦਾ ਤੁਖਮ ਉਡਾਉਣ ਲਗੀ
ਇੰਨੀ ਆਖਕੇ ਗੱਲ ਸਵਰਨ ਸਿੰਘਾ ਸਾਰੇ ਲੋਕਾਂ ਨੂੰ ਮੂੰਹ ਵਿੱਚ ਪਾਉਣ ਲਗੀ

—o—

{ ਸਾਡੇ ਮਾਨ ਯੋਗ ਸੰਤ ਹੈਡ ਮਾਸਟਰ ਤਾਰਾ ਸਿੰਘ ਜੀ ਖਾਲਸਾ ਕਾਲਜ ਅਮ੍ਰਿਤਸਰ ਨਾਲ ਨੌਕਰ ਸ਼ਾਹੀ ਵੱਲੋਂ ਭੈੜਾ ਸਲੂਕ }

ਕਬਿੱਤ

ਖਾਲਸਾ ਕਾਲਿੱਜੀਏਟ ਅਮ੍ਰਿਤਸਰ ਜੀ ਦੇ ਹੈਡ ਮਾਸਟਰ ਤਾਰਾ ਸਿੰਘ ਰੂਪ ਸੰਤ ਜੀ
ਗੁਰੂ ਬਾਗ ਜਾਂਦਿਆਂ ਦੇ ਮਗਰ ਦੁੜਾਏ ਘੋੜੇ ਝੋਨੇ ਵਿੱਚ ਭੱਜੇ ਫਿਰੇ ਜੁਲਮ ਬਿਅੰਤ ਜੀ
ਐਨਕਾਂ ਉਤਾਰ ਲਈਆਂ ਦਿੱਤੀਆਂ ਨ ਅਜੇ ਤੀਕ ਕੀਤੀ ਹੈ ਬਿਅੱਦਬੀ ਏ ਪੁਲਸ ਅਨੰਤ ਜੀ
ਨੌਕਰ ਸਾਹੀ ਕੋਲੋਂ ਦੁਖੇ ਵੇਖ ਲੈ ਬਿਸ਼ਨ ਸਿੰਘਾ ਮਾਫ਼ਟੇਟ ਸ਼ਾਂਤਿ ਦਿਲ ਕਲ ਜੀਆ ਜੰਤ ਜੀ

[ਹੋਰ ਪਤਵੰਤਿਆਂ ਦੀ ਬਿਅਦਬੀ]

ਫਤੇ ਚੰਦ ਮਾਸਟਰ ਖਾਲਸਾ ਸਕੂਲ ਜੀ ਦੇ, ਜੇੜ੍ਹੇ ਵੱਡੇ ਸਾਂਈ ਲੋਕ ਮਿੱਤਰ ਹਮਾਰੇ ਜੀ
ਨੌਕਰ ਸ਼ਾਹੀ ਚਾਟੜਿਆਂ ਜੁਲਮ ਬਿਅੰਤ ਕੀਤਾ ਫਟਨ ਜੋ ਮੋਨੇ ਸੰਦੇ ਏਨਾਂ ਦੇ ਉਤਾਰੇ ਜੀ
ਰਾਮ ਗੜ੍ਹ ਵਲੇ ਰਾਮਗੜ੍ਹੀਏ ਸੁੰਦਰ ਸਿੰਘ ਜੇੜ੍ਹੇ ਭਲੇ ਲੋਕ ਅਤੇ ਗੁਰ ਦੇ ਪਿਆਰੇ ਜੀ
ਵੈਦ ਤੇ ਸੁੰਦਰ ਸਿੰਘ ਧੂਪੀਆ, ਹਜੂਰਾ ਸਿੰਘ ਸਭਨਾ ਨੂੰ ਦੁੱਖ ਮਿਲੇ ਅੱਡੋ ਅੱਡ ਭਾਰੇ ਜੀ

[ਪੰਡਤ ਮਦਨ ਮੋਹਨ ਮਾਲਵੀ ਦਾ ਓਥੇ ਪਹੁੰਚਨਾ ਅਰ ਬੀਟੀ ਨੇ ਆਖਣਾ]

ਪੰਡਤ ਮਾਲਵੀ ਮਦਨ ਜੋ ਮੋਹਨ ਭਾਰੇ ਹਾਲੋ ਵੇਖਕੇ ਹਾਲੋ ਬੇਹਾਲ ਹੋ ਗਏ
੨ ਵਜਕੇ ੧੫ ਮਿੰਟ ਸੀਗੇ ਜਦੋਂ ਪੰਡਤ ਜੀ ਵੇਖ ਗੁਲਾਲ ਹੋ ਗਏ
ਬੀਟੀ ਆਖਿਆ ਨਹੀਂ ਹੁਣ ਮਾਰਦਾ ਮੈਂ ਕਾਹਨੂੰ ਵੇਖਕੇ ਆਪ ਬੇਚਾਲ ਹੋ ਗਏ
ਜਾਓ ਗੁਰੂ ਕੇ ਬਾਗ ਸਵਰਨ ਸਿੰਘਾ ਤੁਹਾਡੇ ਸਿੰਘ ਹੁਣ ਗੁਰੂ ਕੇ ਲਾਲ ਹੋ ਗਏ

--o--

[ਪੰਡਤ ਜੀ ਨੇ ਗੁਰੂ ਕੇ ਬਾਗ ਪੁੱਜਣਾ]

ਪੰਡਤ ਮਾਲਵੀ ਸਿੰਘਾਂ ਨੂੰ ਨਾਲ ਲੈਕੇ ਚਲੇ ਗੁਰੂ ਦੇ ਕਰਣ ਹੁਣ ਕੰਮ ਲੋਕੋ
ਤਦੋਂ ਵੇਖ ਲਈ ਸਿੰਘਾਂ ਨੂੰ ਮਾਰ ਪੈਂਦੀ ਸੁੱਕ ਗਏ ਸੀ ਓਹਨਾਂ ਦੇ ਦੰਮ ਲੋਕੋ
ਪੁਲਸ ਮਾਰਦੀ ਨਲਾਂ ਦੇ ਵਿਚ ਹੁੱਜਾਂ ਮਾਰ ਮਾਰਕੇ ਲਾਂਹਵਦੀ ਚੱਮ ਲੋਕੋ
ਮਾਰ ਪੈਂਦੀ ਨੂੰ ਵੇਖ ਸਵਰਨ ਸਿੰਘਾ ਧੌਣ ਹੋ ਗਈ ਸਭ ਦੀ ਖੱਮ ਲੋਕੋ

--o--

[ਪੰਡਤ ਜੀ ਨੇ ਵਾਪਸ ਆਉਣਾ]

ਓਥੋਂ ਵੇਖਕੇ ਜੁਲਮ ਦੇ ਕਾਰ ਨਾਮੇ ਪੰਡਤ ਪਹੁੰਚਿਆ ਪੁੱਲ ਦੀ ਹੱਦ ਉਤੇ
ਬੀਟੀ ਆਖਿਆ ਚਲੇ ਜਾਓ ਮਾਲਵੀ ਜੀ ਰਹਿਮ ਆਗਿਆ ਇਹਨਾਂ ਦੀ ਸੁੱਦ ਉਤੇ
ਵਿੰਗਾ ਇਹਨਾਂ ਦਾ ਕਰਾਂਗਾ ਵਾਲ ਨਾਹੀ ਰਖੋ ਹੌਂਸਲਾ ਮੇਰੀ ਤਰੱਦ ਉਤੇ
ਪੰਡਤ ਆਗਿਆ ਓਥੋਂ ਸਵਰਨ ਸਿੰਘਾ ਪਾਪੀ ਆਗਿਆ ਆਪਣੀ ਜੱਦ ਉਤੇ

--o--

[ਮਾਲਵੀ ਦਾ ਓਥੋਂ ਆਉਣਾ ਅਰ ਬੀਟੀ ਦੀ ਚਲਾਕੀ]

ਜ਼ਾਲਮ ਬੀਟੀ ਜੋ ਧੋਖੇ ਦਾ ਪੁੱਟਿਆ ਜੀ ਝਟ ਸਿੰਘਾਂ ਨੂੰ ਆਪ ਸਮਝਾਉਣ ਲਗਾ
ਸਾਰੇ ਛੱਡ ਗਏ ਸੂਰਿਓ ਤੁਸਾਂ ਤਾਈਂ ਇੱਥੋਂ ਨਫਾ ਕੀ ਤੁਸਾਂ ਨੂੰ ਆਉਣ ਲੱਗਾ
ਜਾਓ ਮੁੜ ਜਾਓ ਝਟ ਪਿਛਾਂ ਇਥੋਂ ਪੰਥ ਤੁਸਾਂ ਦਾ ਘਾਣ ਕਰਾਉਣ ਲਗਾ
ਮੱਦਦਗਾਰ ਨਹੀਂ ਕੋਈ ਸੂਰਨ ਸਿੰਘਾ ਪਾਪੀ ਮੋਮ ਬਨ ਦਿੱਲ ਭਰਮਾਉਣ ਲਗਾ

—o—

[ਜਵਾਬ ਸਿੰਘਾਂ ਦਾ]

ਸਿੰਘਾਂ ਆਖਿਆ ਬੀਟੀਆ ਜ਼ਾਲਮਾਂ ਓਇ ਕਾਹਨੂੰ ਬੋਲਕੇ ਸਾਨੂੰ ਸੁਣਾਂਵਦਾ ਏਂ
ਅਸਾਂ ਧਰਮ ਤੋਂ ਜਾਨ ਕੁਰਬਾਨ ਕਰਨੀ ਸਾਨੂੰ ਲੋਰੀਆਂ ਨਾਲ ਭਰਮਾਂਵਨਾ ਏਂ
ਜਾ ਦੂਰ ਹੋ ਸਾਡੀਆਂ ਅਖੀਆਂ ਤੋਂ ਸਾਡੇ ਧਰਮ ਨੂੰ ਦਾਗ ਲਗਾਂਵਨਾ ਏਂ
ਆ ਕਹਿਰ ਤੋਂ ਬਾਜ ਸੂਰਨ ਸਿੰਘਾ ਕਾਹਨੂੰ ਸੁੱਤੀਆਂ ਕਲਾਂ ਜਗਾਂਵਨਾ ਏਂ

—o—

[ਸਿੰਘਾਂ ਨੂੰ ਮੋਟਰਾਂ ਤੇ ਲੱਦਣਾ ਅਰ ਓਹਨਾਂ ਛਾਲਾਂ ਮਾਰਨੀਆਂ]

ਬੀਟੀ ਜ਼ੁਲਮ ਦੀ ਹਦ ਬੇਹੱਦ ਕੀਤੀ ਇਕ ਵੱਖਰੀ ਕਾਰ ਕਮਾਉਣ ਲਗਾ
ਜੋਰੋ ਜਬਰੀ ਲੱਦਕੇ ਮੋਟਰਾਂ ਤੇ ਸਾਰੇ ਸਿੰਘਾਂ ਨੂੰ ਪਿੱਛਾਂ ਪਹੁੰਚਾਉਣ ਲਗਾ
ਸਿੰਘਾਂ ਮਾਰੀਆਂ ਛਾਲਾਂ ਫਿਰ ਮੋਟਰਾਂ ਤੋਂ ਕਢ ਲਾਲੀਆਂ ਬੀਟੀ ਦਖਾਉਣ ਲਗਾ
ਸਿੰਘਾਂ ਆਖਿਆ ਫੇਰ ਸੂਰਨ ਸਿੰਘਾ ਕਾਹਨੂੰ ਜ਼ਾਲਮਾਂ ਕਹਿਰ ਕਮਾਉਣ ਲਗਾ

—o—

[ਇੱਕ ਬਾਬੇ ਬੁਢੜੇ ਦੀ ਦਲੇਰੀ]

ਇਕ ਬਾਬੇ ਨੂੰ ਪਕੜ ਕੇ ਪੁਲਸੀਆਂ ਨੇ ਝੱਟ ਮੰਜੀ ਤੇ ਹੈ ਲਿੱਟਾ ਦਿੱਤਾ
ਛੇਤੀ ਚੁਕਕੇ ਮੰਜੀ ਸਪਾਹੀ ਨੱਠੇ ਬਾਬੇ ਬੁੱਢੜੇ ਹੱਥ ਵੱਖਾ ਦਿੱਤਾ
ਛਾਲ ਮਾਰ ਕੇ ਮੰਜੀਓਂ ਠਾਂਹ ਆਇਆ ਬੜਾ ਬੀਟੀ ਦਾ ਦਿਲ ਦੁੱਖਾ ਦਿੱਤਾ
ਬੀਟੀ ਕੌਰ ਨੇ ਫੇਰ ਸੂਰਨ ਸਿੰਘਾ ਓਹਨੂੰ ਵਾਂਗ ਕਪਾਹ ਝੱਬਾ ਦਿੱਤਾ

ਦੋਹਿਰਾ—ਮਾਰ ਪਈ ਜਦ ਬਹੁਤ ਹੁਣ ਰੁਚੀ ਰਾਮ ਕਹੇ ਬੋਲ
ਸੁਣ ਬੀਟੀ ਹੰਕਾਰੀਆ ਹੁਣ ਤੇ ਪੂਰਾ ਤੋਲ
ਪੰਡਤ ਨਾਲ ਇਕਰਾਰ ਸੀ ਮਾਰਾਂਗਾ ਨਹੀਂ ਮੂਲ
ਹੁਣ ਕਿਉਂ ਤੇਰੇ ਜ਼ਾਲਮਾ ਪਿਆ ਕਲੇਜੇ ਸੂਲ

[ਕਬਿੱਤ]

ਏਨੀ ਗੱਲ ਸੁਣਕੇ ਪੁਕਾਰੇ ਬੀਟੀ ਜ਼ਾਲਮ ਜੋ ਫੜ ਲੌ ਸਪਾਹੀਓ ਇਸ ਪਾੜ੍ਹੇ ਤਾਂਈ ਮਾਰੋ ਓਇ
ਬਕ ਬਕ ਕਰੇ ਵਾਂਗ ਕੁਤਿਆਂ ਦੇ ਭੌਂਕਦਾ ਹੈ ਮਾਰ ਮਾਰ ਖਲ ਤੁਸੀਂ ਏਸਦੀ ਉਤਾਰੋ ਓਇ

ਦੋਹਿਰਾ—ਵੇਖੀ ਗੱਲ ਜਦ ਗਿਆਨ ਚੰਦ ਆਇਆ ਉਸਨੂੰ ਜੋਸ਼
ਆਖੇ ਜ਼ਾਲਮ ਮਾਰ ਨੂੰਣ ਕਰਨਾਂ ਕਿਉਂ ਬੇਹੋਸ਼

[ਕਬਿੱਤ]

ਸੁਣੀ ਜਦੋਂ ਗੱਲ ਏ ਗਿਆਨ ਚੰਦ ਵਾਲੀ ਬੀਟੀ ਸੁਣਕੇ ਤੇ ਅਪਾਰ ਗੁੱਸਾ ਮਨ ਵਿਚ ਆਯਾ ਜੇ
ਡਾਂਗ ਫੜ ਹੁੱਝ ਇੱਕ ਮਾਰੀ ਸੁ ਕਲੇਜੇ ਵਿੱਚ ਆਖਦਾ ਹਰਾਮੀ ਇਸ ਕੇਹਾ ਜੀ ਸਤਾਇਯਾ ਜੇ
ਮੂੰਹ ਪਾੜ ਬੋਲਦੇ ਪੰਜਾਬੀ ਅਜ ਅਸਾਂ ਅੱਗੇ ਵੇਖ ਲੌ ਹਨੇਰ ਅੱਜ ਕਿੱਧਰ ਦਾ ਆਯਾ ਜੇ
ਕਰ ਖਾਂ "ਸਵਰਨ" ਤੂੰ ਖਿਆਲ ਅਜ ਏਨਾਂ ਵੱਲ ਮੌਤ ਦਾ ਤਾਂ ਡਰ ਏਨਾਂ ਦਿੱਲ ਤੋਂ ਭੁਲਾਯਾ ਜੇ

—o—

ਦੋਹਿਰਾ—ਜਿਨਾਂ ਚਿਰ ਰਹੇ ਮਾਲਵੀ ਰਾਜਾ ਸਾਂਸੀ ਸ਼ੈਹਰ
ਓਨਾਂ ਚਿਰ ਤਾਂ ਕੈਰ ਨੇ ਕੀਤਾ ਥੋੜਾ ਕੈਹਰ
ਜਦ ਓਥੋਂ ਆ ਗਏ ਸੀ ਦੰਦ ਲਏ ਉਸ ਟੱਡ
ਮਾਰ ਮਾਰ ਕੇ ਬਹੁਤ ਹੀ ਭੱਨਣ ਲੱਗਾ ਹੱਡ

ਕਬਿੱਤ

ਦਸ ਵਜੇ ਮਾਲਵੀ ਪਿਛਾਂਹ ਜਦ ਮੁੜ ਆਯਾ ਜ਼ਾਲਮ ਨੂੰ ਓਧਰੋਂ ਸੀ ਪਤਾ ਲਾਗ ਜਾਂਵਦਾ,
ਮਾਰ ਮਾਰ ਸਿੰਘਾਂ ਦੇ ਤੁਵਾਹੇ ਹੁਣ ਲਾਹੁਣ ਲੱਗਾ ਜੱਗ ਉਤੇ ਫੇਰ ਧੂੰਦੂ ਕਾਰ ਨੂੰ ਮਚਾਂਵਦਾ,
ਨਚੇ ਟੱਪੇ ਹੱਸੇ ਏਹ ਕਲੋਲ ਕਰੇ ਵੱਡੇ ਮਾਰੇ ਹੱਡੋ ਰੋੜੇ ਵਿੱਚ ਕੁੱਤਾ ਜੱਲੀਆ ਜਿਉਂ ਪਾਂਵਦਾ,
ਲਹੂ ਦਾ ਪਿਆਸਾ, ਅੱਜ ਜ਼ਾਲਮ ਸਵਰਨ ਸਿੰਘਾ ਵੇਖਲੈ ਖਾਂ, ਮੌਤ ਤਾਈ, ਆਪ ਏਹ ਬਲਾਂਵਦਾ,

—o—

ਦੋਹਰਾ—ਮਾਰ ਮਾਰ ਕੇ ਸਿੰਘਾਂ ਤਾਈਂ ਕੀਤਾ ਸੀ ਉਸ ਚੂਰ
ਰਾਤ ਪਈ ਜਦ ਆਣਕੇ ਗਿਆ ਅਖੀਂਓ ਦੂਰ
ਡੂਹੜ ਵੀਹਾਂ ਓਥੇ ਪੁਲਸੀਆ ਗਿਆ ਆਪ ਬਹਾਇ
ਆਖੇ ਜੇਹੜਾ ਹਿਲਸੀ ਓਹਨੂੰ ਦਿਓ ਸਜਾਇ

—o—

[ਕਬਿੱਤ]

ਸਾਰਾ ਦਿਨ ਰੋਟੀਓਂ ਬਗੈਰ ਭੁੱਖਾ ਮਾਰਆ ਸੀ ਜ਼ਾਲਮ ਨੇ ਓਨਾਂ ਉਥੇ ਮਾਰਕੇ ਬਠਾਯਾ ਸੀ
ਸਾਰੇ ਸਿੰਘ ਫੱਟੜ ਤੇ ਹੋਰ ਸੀ ਬੇਹੋਸ ਬਹੁਤੇ ਉਨਾਂ ਤਾਂਈ ਸਿੰਘਾਂ ਆਨ ਰੋਟੀ ਨੂੰ ਖਵਾਯਾ ਸੀ
੧੯ ਸਿੰਘ ਹੋਰ ਭੱਜ ਗਏ ਸੀਗੇ ਬਾਗ ਵੱਲ ਓਨ੍ਹਾਂ ਮਾਰ ਜ਼ਾਲਮ ਨੇ ਭੌਂਇ ਤੇ ਵਛਾਯਾ ਸੀ
ਆਖਰ ਜੋ ਫੱਟੜ ਤਮਾਮ ਸੀ ਸਵਰਨ ਸਿੰਘਾ ਓਨ੍ਹਾਂ ਤਾਂਈ ਲੱਦ ਸਿੰਘਾ ਪਿਛਾਹ ਨੂੰ ਪਹੁੰਚਾਯਾ ਸੀ

੫ ਸਤੰਬਰ ਅਕਾਲੀ ਜਥਾ ਲੈਲਪੁਰ

ਕਬਿਤ

ਬੂੰਗੇ ਵੱਲ ਤੁਰਦਾ ਹੁਕਮ ਸੱਚੇ ਗੁਰਦਾ ਜੋ ਜਥਾ ਲੈਲਪੁਰ ਦਾ ਆ ਸ਼ੇਰ ਵਾਂਗੂ ਗੱਜਿਆ
ਮੌਤ ਨੂੰ ਵਿਔਣਾ ਹੱਸ ਹੱਸ ਅਗੇ ਔਣਾ ਦੇਖੋ ਮਾਰੂ ਰਾਗ ਗੌਣਾ ਜਾਂਵੀ ਨਾਂਗਰ ਹੈ ਸੱਜਿਆ
ਪੰਜਵੀਂ ਸਤੰਬਰ ਨੂੰ ਦੇਖਣਾ ਸੁਅੰਬਰ ਨੂੰ ਲਾਕੇ ਛਾਤੀ ਨੰਬਰ ਨੂੰ ਹਰ ਜੱਥਾ ਭੱਜਿਆ
ਕਰ ਲੈ ਤਿਆਰਾ ਸਾਥ ਗਿਆ ਤਰ ਸਾਰਾ ਦੇਖ ਸੁਨੂ ਦਾ ਨਗਾਰਾ ਹੈ ਅਕਾਲ ਵੱਲੋਂ ਵੱਜਿਆ

ਕਵਿਰਾਜ ਬਿਲਾਸ ਕੋਰੜਾ

ਦਿੱਲੀ ਵੱਲ ਸੱਚਾ ਗੁਰ ਤੁਰ ਚੱਲਿਆ, ਪੁੱਤ੍ਰ ਨੇ ਪਿਤਾ ਤਾਈਂ ਆਪ ਘੱਲਿਆ
ਮਤੀਦਾਸ ਗੁਰਾਂ ਦੇ ਸੀ ਨਾਲ ਪਜਾਰਿਆ, ਦੇਖਕੇ ਤੇ ਆਰਾ ਅੱਗੋਂ ਏ ਉਚਾਰਿਆ
"ਆਰਾ ਪਿਆਰਾ ਲੱਗਦਾ ਕਾਰਾ ਕਰੇ ਬਣਾਇ
ਸੀਸ ਜਾਇ ਤਾਂ ਜਾਣ ਦੇ ਸਿੱਖੀ ਸਿੱਦਕ ਨ ਜਾਇ"
ਮਤੀਦਾਸ ਤਾਈਂ ਆਰੇ ਨਾਲ ਚੀਰਿਆ, ਲੈਲਿਆ ਸ਼ਹੀਦੀ ਮੇਵਾ ਤੈਨੇ ਹੀਰਿਆ
ਨਾਵੇਂ ਗੁਰਾਂ ਕੀਤਾ ਫੇਰ ਸੀਸ ਭੇਟ ਜੀ, ਜ਼ਾਲਮਾਂ ਦੀ ਸਫਾ ਦਿੱਤੀ ਹੈ ਲਪੇਟ ਜੀ

[ਹਰ ਇਕ ਜਥੇ ਨੇ ਆਪੋ ਆਪਣੇ ਦਿਲ ਵਿਚ ਏਹੋ ਆਖਣਾ]

ਜਾਵਣਾ ਜਰੂਰ ਭਾਵੇਂ ਹੋਣਾ ਚੂਰ ਚੂਰ ਸਾਨੂੰ ਏਹੋ ਮਨਜ਼ੂਰ ਹੈ ਸ਼ਹੀਦ ਹੋਇ ਜਾਂਵਣਾ
ਪੈਰ ਪਿੱਛਾਂ ਪਾਵਣਾ ਨ ਗੁਰੂ ਬਾਗ ਜਾਵਣਾ ਹੈ ਹੱਥ ਨ ਉਠਾਵਣਾ ਤੇ ਜੀਉਂਦੇ ਨਹੀਂ ਆਂਵਣਾ
ਭੱਵਣਾ ਪਤੰਗਿਆਂ ਚਰਾਗ ਗੁਰੂ ਬਾਗ ਉਤੇ ਪਿੱਛਲੇ ਸ਼ਹੀਦਾਂ ਤਾਈਂ ਦਾਗ ਨ ਲਗਾਂਵਣਾ
ਧਾਵਣਾ ਹੈ ਬਾਗ ਵੱਲ ਸਾਰਿਆਂ ਤੋਂ ਪੈਲ੍ਹੇ ਅੱਜ ਸੁਝਦਾ ਨ ਸਾਨੂੰ ਕੁਝ ਪੀਵਣਾ ਤੇ ਖਾਂਵਣਾ

ਕਮੇਟੀ ਵਲੋਂ ਲੈਲਪੁਰ ਦੇ ਜਥੇ ਨੂੰ ਆਗਯਾ ਮਿਲਨੀ

ਮਿਲ ਗਈ ਆਗਿਆ ਹੈ ਜਥੇ ਲੈਲਪੁਰ ਤਾਈਂ ਤਖਤ ਅਕਾਲੋਂ ਜਥਾ ਹੋ ਪਿਆ ਤਿਆਰ ਹੈ
ਖਾਲਸਾ ਏ ਕਾਲਜ ਦਾ ਪੜ੍ਹਿਆ ਜਵੰਦ ਸਿੰਘ ਦੂਜਾ ਨਾਮ ਪ੍ਰਿਥੀਪਾਲ ਸਿੰਘ ਬਲਕਾਰ ਹੈ
ਪੁੱਤਰ ਨਿਹਾਲ ਸਿੰਘ ਸੂਬੇਦਾਰ ਸਾਹਿਬ ਜੀ ਦਾ ਲੈਲਪੁਰੀ ਜਥੇ ਦਾ ਜੋ ਵੱਡਾ ਜਥੇਦਾਰ ਹੈ
ਮੀਤ ਜਥੇਦਾਰ ਸਿੰਘ ਨਾਦਰ ਬਹਾਦਰ ਹੈ ਆਪਦਾ ਵੀ ਪਿਤਾ ਈਸ਼ਰ ਸਿੰਘ ਸੂਬੇਦਾਰ ਹੈ

ਤਸਵੀਰ ਤੇ ਕਮਰਕੱਸਾ

ਆਏ ਘੰਟੇ ਘਰ ਮੱਥਾ ਟੇਕ ਦਰਬਾਰ ਵਿੱਚੋਂ ਗੁਰੂ ਦੇ ਦੁਲਾਰੇ ਸਾਰੇ ਮਹਾਂ ਸੂਰਬੀਰ ਜੀ
ਏਸ ਜੱਥੇ ਵਾਲਿਆਂ ਦੀ ਫੋਟੋ ਲੈਣ ਵਾਲਿਆਂ ਨੇ ਤਿੰਨੀ ਜਗ੍ਹਾ ਵੱਖੋ ਵੱਖ ਲਾਹੀ ਤਸਵੀਰ ਜੀ
ਦੇਖ ਘਟਾਂ ਕਾਲੀਆਂ ਅਕਾਸ ਤੋਂ ਅਕਾਲੀਆਂ ਨੂੰ ਮੋਰਾਂ ਨੇ ਬਜਾਰਾਂ ਵਿੱਚ ਕੀਤੀ ਵੱਡੀ ਭੀੜ ਜੀ
ਖੁੱਸੇ ਗੁਰੂ ਦ੍ਵਾਰੇ ਚੀਰ ਗਿਆ ਹੈ ਸਰੀਰ ਸਾਰਾ ਲੱਗਿਆ ਜੋ ਤੀਰ ਸੀਨੇ ਵਿਚ ਕੌਮ ਪੀੜ ਜੀ

ਜਥੇ ਨੇ ਬਜਾਰਾਂ ਵਿੱਚ ਦੀ ਜਾਣਾ

ਤਨ ਮਨ ਵਾਰਾਂ ਪੰਜ ਲੈਣ ਵਿਚਕਾਰਾਂ ਸਿੰਘ ਬੰਨ੍ਹਕੇ ਕਤਾਰਾਂ ਨੇ ਬਜਾਰਾਂ ਵਿਚ ਜਾਂਵਦੇ
ਗਲਾਂ ਵਿੱਚ ਹਾਰ ਸਿਰੀਂ ਸੇਹਰੇ ਅਪਾਰ ਪਏ ਲੱਕ ਤਲਵਾਰ ਵੀਰ ਜਾਂਦੇ ਸੋਭਾ ਪਾਂਵਦੇ

ਹੱਸ ਹੱਸ ਭੌਰ ਜਾਂਦੇ ਨੱਸ ਨੱਸ ਫੁਲ ਵੱਲ ਫੱਸ ਫੱਸ ਜਾਂਦੇ ਮੌਤ ਫੈਣ ਨੋਂ ਆਂਦਦੇ ਸ਼ਬਦ ਅਪਾਰ ਪੜ੍ਹ ਗੱਜ ਕੇ ਜੈਕਾਰਾ ਕਰ ਵਾਹਿਗੁਰੂ ਵਾਹਿਗੁਰੂ ਸਤਿਨਾਮ ਗਾਂਵਦੇ

ਅੱਜ ਕੱਲ ਦੇ ਆਮ ਪ੍ਰਚਲਤ ਪ੍ਰਸਿੱਧ ਸ਼ਬਦ

"ਜੋ ਅਕਾਲੀ ਜਥੇ ਪੜ੍ਹਦੇ ਜਾਂਦੇ ਹਨ ਓਹ ਇਹ ਹਨ"

ਧਾਰਨਾ—ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨ ਜਾਵੇ"

ਚਿਤ ਚਰਨ ਕਵਲ ਕਾ ਆਸਰਾ ਚਿਤ ਚਰਨ ਕਵਲ ਸੰਗ ਜੋੜੀਐ
ਮਨ ਲੋਚੈ ਬੁਰਿਆਈਆਂ ਗੁਰ ਸਬਦੀ ਇਹ ਮਨ ਹੋੜੀਐ
ਬਾਹ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਹ ਨ ਛੋੜੀਐ
ਗੁਰ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਐ

--o--

ਧਾਰਨਾ—ਮਰੋ ਤਾਂ ਹਰਕੇ ਦੁਆਰੇ ਭਾਈ ਮਰੋਂ ਤਾ ਹਰ ਕੇ ਦੁਆਰੇ"

ਕਬੀਰ ਮੁਹਿ ਮਰਨੇ ਕਾ ਚਾਉ ਹੇ ਮਰਉ ਤ ਹਰਿ ਕੇ ਦੁਆਰ
ਮਤ ਹਰਿ ਪੂਛੇ ਕਉਨੁ ਹੈ ਪਰਾ ਹਮਾਰੈ ਬਾਰ
ਜਿਸ ਮਰਨੇ ਤੇ ਜਗ ਡਰੇ ਮੇਰੇ ਮਨ ਅਨੰਦ
ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦ

ਧਾਰਨਾ—ਲੜੇ ਦੀਨ ਕੇ ਹੇਤ ਸੂਰਾ ਸੋਈ ਜੋਲੜੇ ਦੀਨ ਕੇ ਹੇਤ ਸੂਰਾ ਸੋਈ

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ

ਧਾਰਨਾ—ਤੇਰੀ ਆ ਗਈ ਫੌਜ ਅਕਾਲੀ ਤੂੰ ਆ ਜਾ ਪੰਥਦੇ ਵਾਲੀ

ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ
ਹਰਿ ਹਰਿ ਨਾਮ ਚੇਤਾਇ ਗੁਰ ਹਰਿ ਮਾਰਗਿ ਚਾਲੀ
ਮੇਰੈ ਮਨਿ ਤਨ ਨਾਮੁ ਅਧਾਰੁ ਹੈ ਹਉਮੈ ਬਿਖ ਜਾਲੀ
ਜਨ ਨਾਨਕ ਸਤਿਗੁਰ ਮੇਲਿ ਹਰਿ ਹਰਿ ਮਿਲਿਆ ਬਨਵਾਲੀ

--o--

ਕੋਊ ਹਰਿਸਮਾਨ ਨਹੀ ਰਾਜਾ

ਏ ਭੂਪਤਿ ਸਭ ਦਿਵਸ ਚਾਰਿਕੇ ਝੂਠੇ ਕਰਤ ਦਿਵਾਜਾ
ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨ ਭਵਨ ਪਰ ਛਾਜਾ

ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ
ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ
ਕਹਿ ਕਬੀਰ ਸੰਸਾ ਭ੍ਰਮ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ

ਅਕਾਲੀ ਜਥੇਨੇ ਬਜਾਰਾਂ ਵਿਚੋਂ ਦੀ ਸ਼ਬਦ ਪੜ੍ਹਦਿਆਂ ਜਾਣਾ ਅਤੇ ਦਖਣ ਵਾਲਿਆਂ ਲੋਕਾਂ ਦੀਆਂ ਗੱਲਾਂ ਤੇ ਮਹਾਂ ਵਾਕ

ਦੇਖਕੇ ਬਹਾਦਰੀ ਤੇ ਸ਼ਾਨ ਮਾਨ ਜਥੇ ਜੀਦਾ ਲੋਕਾਂ ਮੂੰਹੋ ਐਵੇ ਹੀ ਅਗੰਮ ਵਾਕ ਛੁੱਟ ਦੇ
ਧਰਮ ਦੀ ਜਿੱਤ ਕਰ ਪਾਤਸ਼ਾਹ ਸੱਚਿਆ ਜੀ ਜ਼ਾਲਮਾਂ ਦੇ ਰਾਜ ਦੀਆਂ ਜੜ੍ਹਾਂ ਅੱਜ ਪੁੱਟ ਦੇ
ਜਿੰਨਾਂ ਮਾਰ ਸੁੱਟਿਆ ਬਿਦੋਸ਼ਿਆਂ ਵਿਚਾਰਿਆਂ ਨੂੰ ਬੂਟਾ ਪੁੱਟ ਉਨਾਂ ਦਾ ਸਮੁੰਦਰ ਵਿਚ ਸੁੱਟ ਦੇ
ਡਾਂਗਾਂ ਸੰਮਾਂ ਵਾਲੀਆਂ ਦੇ ਨਾਲ ਗੁਰੂ ਬਾਗ ਵਿਚ ਮੋਯਾਂ ਪਿਆ ਡਿੱਗਿਆਂ ਨੂੰ ਫੇਰ ਮਾਰ ਕੁੱਟ ਦੇ

--o--

ਗਊ ਅਤੇ ਸਾਹਨਦਾ ਕੀ ਘੋਲ ਹੈ ਜਹਾਨ ਵਿਚ ਮਾਵਾਂ ਦੇ ਦੁਲਾਰੇ ਤੁਰੇ ਸ਼ਾਂਤਮਈ ਜੰਗ ਨੂੰ
ਅੰਗ ਅੰਗ ਆਨ ਕੇ ਉਮੰਗ ਚੜ੍ਹੀ ਮੌਤ ਵਾਲੀ ਦੰਗ ਹੁੰਦੇ ਲੋਕ ਦੇਖ ਦੇਖ ਨੂਰ ਰੰਗ ਨੂੰ
ਉਡ ਉਡ ਸੜੀ ਜਾਂਦੇ ਢੇਰਾਂ ਦੇ ਅਨੇਕ ਫੇਰ ਕੌਣ ਮੋੜ ਸੱਕੇ ਅੱਜ ਦੀਵੇ ਤੋਂ ਪਤੰਗ ਨੂੰ
ਹੋਹੁ ਖਾਂ ਤਿਆਰ ਤੂੰ ਵੀ ਲਾੜਿਆ ਬਹਾਦਰਾਓ ਬੰਨ ਉਠ ਗਾਨਾ ਅਤੇ ਲਾਹ ਸੁੱਟ ਸੰਗ ਨੂੰ

ਕੋਰੜਾ

[੨ ਵਜੇ ਜਥੇ ਨੇ ਛੀਨਿਆਂ ਵਾਲੇ ਪੁਲ ਤੇ ਪੁੱਜਣਾ]

ਵਾਹਿਗੁਰੂ ਵਾਹਿਗੁਰੂ ਨਾਮ ਗਾਂਵਦਾ, ਸਤਿਨਾਮ ਸਤਿਨਾਮ ਕਹੀ ਆਂਵਦਾ
ਸ਼ਬਦ ਪ੍ਰੇਮ ਨਾਲ ਜਥਾ ਪੜ੍ਹਦਾ, ਸੁਣਕੇ ਜਹਾਨ ਸਾਰਾ ਜਾਂਦਾ ਤਰਦਾ
ਸੁੱਖ ਨਾਲ ਜਥਾ ਪੁਲ ਛੀਨੇ ਪੁੱਜਿਆ, ਦੇਖਕੇ ਕਮਿਸ਼ਨਰ ਸੜ ਭੁੱਜਿਆ
ਡਨਟ ਨੇ ਜਥਾ ਅਗੋਂ ਆਣ ਰੋਕਿਆ, ਅੱਗੇ ਜਾਣ ਦੇਵਣਾ ਨ ਆਖ ਟੋਕਿਆ

[ਡਿਪਟੀ ਕਿਮਸ਼ਨਰ ਡੰਨਟ ਨੇ ਆਖਣਾ]

ਦੇਖੋ ਓ ਅਕਾਲੀਓ ਨ ਅੱਗੇ ਆਓ ਓਇ, ਪੁੱਠੀਪੈਰੀਂ ਪਿੱਛੇਸਾਰੇਚੱਲੇ ਜਾਓ ਓਇ
ਜੇਕਰ ਨਿਸੰਗ ਤੁਸੀਂ ਅੱਗੇ ਆਓਗੇ, ਰੱਖਣਾ ਜੇ ਯਾਦ ਸਾਥੋਂ ਮਾਰ ਖਾਓਗੇ
ਡੰਡਿਆਂ ਦੇ ਨਾਲ ਅੱਸਾਂ ਮਾਰ ਸੁੱਟਣਾ, ਛੱਲੀਆ ਦੇ ਵਾਂਗੂੰ ਭੁੰਜੇ ਪਾਕੇ ਕੁੱਟਣਾ
ਮਾਰਦਾ ਸੁਆਦ ਤੁਸੀਂ ਨਹੀਂ ਚੱਖਿਆ, ਗੁਰੂ ਬਾਗ ਵਿਚ ਦੱਸੋ ਕੀ ਹੈ ਰੱਖਿਆ

[ਅਕਾਲੀ ਜਥਾ]

ਪਿਛੇ ਭਲਾ ਹੱਟਣਾ ਕੀ ਸਾਡਾ ਕੰਮ ਹੈ, ਜਿੰਨਾ ਚਿਰ ਸਾਡੇ ਵਿਚ ਸਾਸ ਦੰਮ ਹੈ
ਅੱਧਾ ਪੈਰ ਪਿੱਛੇ ਵੀ ਨ ਅਸਾਂ ਹੱਟਣਾ, ਸ਼ੇਰਾਂ ਨੇ ਮਦਾਨ ਵਿਚੋਂ ਜਸ ਖੱਟਣਾ
ਸਾਡਾ ਨਾਮ ਜੱਗ ਤੇ ਹੈ ਸਿੰਘ ਵੱਜਿਆ, ਰੀਤ ਹੈ ਪੁਰਾਣੀ ਸਿੰਘ ਨਹੀਂ ਭੱਜਿਆ
ਅਸਾਂ ਐਥੇ ਘੜੀ ਵੀ ਨ ਹੈ ਖੜੋਵਣਾ, ਗੁਰੂ ਬਾਗ ਚਲਕੇ ਸ਼ਹੀਦ ਹੋਵਣਾ

ਬੇਸ਼ਕ ਨਿਸੰਗ ਸਾਨੂੰ ਮਾਰ ਸੁੱਟ ਖਾਂ, ਡੰਡਿਆਂ ਦੇ ਨਾਲ ਭਾਵੇਂ ਸਾਨੂੰ ਕੁੱਟ ਖਾਂ
ਅਸਾਂ ਗੁਰੂ ਬਾਗ ਨੂੰ ਜਰੂਰ ਜਾਵਣਾ, ਡੰਨਟ ਤੇਰੇ ਆਖਿਆ ਨ ਹੱਟ ਆਵਣਾ

[੨੫ ਸਪਾਹੀਆਂ ਦੇ ਯੂਰਪੀਣਾ ਨੇ ਅਕਾਲੀਆਂ ਨੂੰ ਮਾਰਨਾ]

[ਕਬਿਤ]

ਡੰਨਟ ਨੇ ਹੁਕਮ ਦਿੱਤਾ ਮਾਰੋ ਖਾਂ ਅਕਾਲੀਆਂ ਨੂੰ ਹੱਲਾ ਕਰਆਈ ਹੈ ਸਪਾਹੀਆਂ ਦੀ ਹੇੜ ਜੀ
ਮ ਰ ਮਾਰ ਡਾਂਗਾ ਅਤੇ ਹੰਟਰਾਂ ਤੇ ਛੰਮਕੀਆਂ ਨੂੰ ਸਿੰਘਾਂ ਦੀਆਂ ਦਿੱਤੀਆਂ ਨੇ ਚਮੜੀਆਂ ਉਧੇੜ ਜੀ
ਪੈਲੀ ਮਾਰ ਪੰਦ੍ਰਾਂ ਮਿੰਟ ਪੈਂਦੀ ਰਹੀ ਖਾਲਸੇ ਨੂੰ ਹੋ ਗਏ ਬਿਹੋਸ਼ ਗੁਰੂ ਦਸਵੇ ਦੇ ਸ਼ੇਰ ਜੀ
ਮੁੜ ਮੁੜ ਜਾਂਦੇ ਸਿੰਘ ਉਠ ਉਠ ਅੱਗੇ ਵੱਲ ਡਿੱਗ ਡਿੱਗ ਪੈਂਦੇ ਮਾਰ ਖਾਦੇ ਰਹੇ ਫੇਰ ਜੀ

---o---

ਜਖਮੀ ਸਖਤ ਜੇੜੇ ਹੋ ਗਏ ਬਿਹੋਸ਼ ਭਾਰੇ ਸੇਵਾ ਦਾਰਾਂ ਚੁੱਕ ਕੇ ਲਿਆਂਦੇ ਵਿਚ ਲਾਰੀਆਂ
ਬਾਕੀ ਸਿੰਘ ਤੀਹ ਕੁਝ ਚਿਰ ਪਿੱਛੋਂ ਹੋਸ਼ ਆਈ ਉਠ ਅੱਗੇ ਜਾਣਦੀਆਂ ਕੀਤੀਆਂ ਤਿਆਰੀਆਂ
ਦੂਜੀ ਵਾਰ ਮਾਰ ਤੇ ਕੁਟਾਈ ਫੇਰ ਸ਼ੁਰੂ ਹੋਈ ਗੁੱਸੇ ਨਾਲ ਡਾਂਗਾਂ ਆਣ ਮਾਰੀਆਂ ਨੇ ਭਾਰੀਆਂ
ਹੋਗਏ ਬਿਸੁੱਧ ਸਿੰਘ ਯੁੱਧ ਸ਼ਾਂਤਿਮਈ ਵਿਚ ਲੋਥਾਂ ਨਾਲ ਭਰ ਲਈਆਂ ਲਾਰੀਆਂ ਨੇ ਸਾਰੀਆਂ

--o--

ਦੋਹਰਾ—ਤਿੰਨ ਪੰਦਰਾਂ ਮਿੰਟ ਤੇ ਕੀਤੇ ਸਿੰਘ ਬਿਸੁੱਧ
ਖਤਮ ਹੋ ਗਿਆ ਆਣਕੇ ਸ਼ਾਂਤਮਈ ਦਾ ਯੁੱਧ
ਇਕ ਅਫਸਰ ਅੰਗ੍ਰੇਜ ਨੇ ਜ਼ਖਮੀ ਦੀ ਕਰਪਾਨ
ਹੇਠਾਂ ਰੱਖੀ ਬੂਟ ਦੇ ਕੀਤਾ ਬੁਰਾ ਮਹਾਨ

[ਕਾਂਗ੍ਰਸ ਤੇ ਖਿਲਾਫਤ ਵਾਲਿਆਂ ਦੀ ਸੇਵਾ]

ਕਬਿਤ

ਬਾਗ ਆ ਅਕਾਲੀਆਂ ਦੇ ਵਿਚ ਪਾਈਆਂ ਲੋਥਾਂ ਸਭ ਜਖਮੀਆਂ ਅਕਾਲੀਆਂ ਦਾ ਹੋਯਾ ਬੁਰਾ ਹਾਲਜੀ
ਕਾਂਗ੍ਰਸ ਵਾਲੇ ਤੇ ਖਿਲਾਫਤ ਕਮੇਟੀ ਵਾਲੇ ਧੰਨਵਾਦ ਸੇਵਾ ਕੀਤੀ ਆਪ ਨੇ ਕਮਾਲ ਜੀ
ਸ਼ਹਿਰ ਨਿਵਾਸੀ ਮਾਈ ਭਾਈ ਹੋਰ ਪਿੰਡਾਂ ਵਾਲੇ ਸੇਵਾਦਾਰਾਂ ਕੀਤੀਆਂ ਟਕੋਰਾਂ ਬਰਫ ਨਾਲ ਜੀ
ਕਪੜੇ ਸਰ੍ਹਾਣੇ ਤੇ ਵਿਛਾਈ ਮੰਜੇ ਆਣ ਦਿਤੇ ਦੁਧ ਚੌਲ ਫਲ ਫੁਲ ਹੋਰ ਧਨ ਮਾਲ ਜੀ

ਦੋਹਰਾ—ਖਤਰਨਾਕ ਹਾਲਤ ਵੱਡੀ ਨੌਂ ਜ਼ਖਮੀ ਦੀ ਸ਼ੋਕ
ਗੁਰੂ ਬਾਗ ਵਿਚ ਲੈ ਗਏ ਚੁੱਕ ਮੰਜੀਆਂ ਲੋਕ

[ਜਥੇਦਾਰ ਬਹਾਦਰ ਪ੍ਰਿਥੀਪਾਲ ਸਿੰਘ ਖਾਲਸਾ ਕਾਲਜ ਦਾ ਵਿਦਿਆਰਥੀ]

ਕਬਿਤ

ਜਥੇਦਾਰ ਅਤੇ ਜਥੇਦਾਰ ਦਿਆਂ ਸਾਥੀਆਂ ਨੂ ਵੇਖਣ ਜੋ ਵਾਲੇ ਨੇ ਹਜ਼ਾਰਾਂ ਲੋਕ ਆਂਵਦੇ
ਦੇਖਕੇ ਬਹਾਦਰੀ ਅਕਾਲੀਆਂ ਦੀ ਸ਼ਾਨ ਵਾਲੀ ਮਾਰ ਖਾਣ ਵਸਤੇ ਨੇ ਹੌਸਲੇ ਵਧਾਂਵਦੇ
ਪਰਜਾ ਦਿਆਂ ਲੋਕਾਂ ਜੋ ਬਿਦੇਸ਼ਿਆਂ ਨੂ ਮਾਰਿਆ ਹੈ ਦੇਖ ਦੇਖ ਹਾਲ ਲੋਕ ਫਿਟਕਾਂ ਨੇ ਪਾਂਵਦੇ
ਦਰਦ ਵੰਡਾਉਂਣ ਆਏ ਲੋਕ ਏ ਬਿਸ਼ਨ ਸਿੰਘ ਭੀੜ ਵਡੀ ਹੋਈ ਕਈ ਆਂਵਦੇ ਤੇ ਜਾਂਵਦੇ

ਦਸਾਂ ਉਤੇ ਭਾਰੂ ਸੀ ਘਸੁੰਨਾ ਨਾਲ ਜਥੇਦਾਰ ਦੇਖਕੇ ਸਰੀਰ ਸਾਡਾ ਮੈਨੇ ਬਲ ਤੋਲਿਆ
ਜਿਸ ਜਿਸ ਦੇਖਿਆ ਹੈ ਆਣ ਜਥੇਦਾਰ ਤਾਈਂ ਤ੍ਰਾਹ ਤ੍ਰਾਹ ਕਰਕੇ ਹੈਰਾਨ ਹੋਕੇ ਬੋਲਿਆ
ਗਿੱਦੜਾਂ ਤੋਂ ਮਾਰ ਖਾਧੀ ਲੰਮੇ ਪੇਕੇ ਸ਼ੇਰ ਸਿੰਘ ਸ਼ਾਂਤਿਮਈ ਰਿਹਾ ਫੇਰ ਰਤਾ ਵੀ ਨ ਡੋਲਿਆ
ਮਾਰ ਮਾਰ ਠੁੱਡੇ ਸੀ ਘਸੀਟਿਆ ਸੜਕ ਉਤੇ ਘੱਟੇ ਮਿਟੀ ਵਿਚ ਤਨ ਪੈਰਾਂ ਨਾਲ ਰੋਲਿਆ

—o—

ਚਿੱਤੜ ਦੇ ਪੱਟ ਬਾਹਾਂ ਦੇਖਕੇ ਹੈਰਾਨ ਹੋਏ ਛੱਲੀਆਂ ਦੇ ਵਾਂਗ ਹੈ ਸਰੀਰ ਸਾਰਾ ਕੁੱਟਿਆ,
ਮਾਰ ਮਾਰੀ ਗੁੱਝੀ ਧੌਣ ਹੋਈ ਬੜੀ ਸੁੱਜੀ ਦੇਖੋ ਅੱਡ ਅੱਡ ਹੱਡ ਸਾਰਾ ਭੰਨ ਵੱਢ ਸੁੱਟਿਆ,
ਕੁੱਟ ਕੁੱਟ ਭੰਨ ਦਿਤਾ ਕੀਮਾ ਹੈ ਸਰੀਰ ਕੀਤਾ ਪਈ ਹੋਈ ਲੋਥ ਵੱਡੀ ਅੰਗ ਅੰਗ ਟੁੱਟਿਆ,
ਦੇਖਿਆ ਹੈ ਅੱਖੀਂ ਨਾਲ ਤਨ ਦਾ ਹੈ ਬੁਰਾ ਹਾਲ ਉਭਰ ਸਰੀਰ ਸਾਰਾ ਉਤਾਂ ਵੱਲ ਫੁੱਟਿਆ,

—o—

ਚਿੱਤੜ ਤੇ ਪਿੱਠ ਸਾਰੇ ਹੋਏ ਹੋਏ ਕਾਲੇ ਸਜਾਹ ਚਮੜੀ ਉਧੇੜੀ ਹੋਈ ਮਾਰ ਮਾਰ ਸੋਟੀਆਂ
ਪਿੰਨੀਆਂ ਨੂੰ ਫੇਯਾ ਹੋਯਾ ਡਾਂਗਾਂ ਦੀਆਂ ਮੱਟਾਂ ਨਾਲ ਲਹੂ ਦੀਆਂ ਧਾਰਾਂ ਠੋਡੀ ਵਿੱਚੋਂ ਵਗ ਲੋਟੀਆਂ
ਚਾਰ ਚਾਰ ਵੱਖੋ ਵੱਖ ਜਗ੍ਹਾ ਉਤੇ ਕਈ ਸੱਟਾਂ ਤਨ ਸੁੱਜਾ ਉਤਾਂ ਵੱਲ ਨਜ਼ਰ ਆਉਣ ਬੋਟੀਆਂ
ਦੇਖੋ ਤਸਵੀਰ ਤੇ ਸਰੀਰ ਜੋ ਬਿਸ਼ਨ ਸਿੰਘ ਗੱਲਾਂ ਦੱਸ ਦਿਤੀਆਂ ਨੇ ਛੋਟੀਆਂ ਤੇ ਮੋਟੀਆਂ

—o—

ਮਾਰ ਮਾਰ ਡਾਂਗਾ ਨਾਲ ਕੀਤਾ ਹੈ ਬਿਹੋਸ਼ ਬੁਰਾ ਚਾਰ ਵਾਰ ਜਥੇਦਾਰ ਤਾਈਂ ਝੜ ਮਾਰਿਆ
ਜਦੋਂ ਹੋਸ਼ ਆਈ ਕੀਤੀ ਅੱਗੇ ਵਲ ਧਾਈ ਹੋਈ ਮਾਰ ਤੇ ਕੁਟਾਈ ਸ਼ੇਰ ਫੇਰ ਭਬਕਾਰਿਆ
ਖਾਧੀ ਮਾਰ ਭਾਰੀ ਉਠ ਉਠ ਛੇਇ ਵਾਰੀ ਛਾਲ ਅੱਗੇ ਵੱਲ ਮਾਰੀ ਸਤਿਨਾਮ ਹੈ ਉਚਾਰਿਆ
ਓੜਕ ਨ ਉੱਠ ਸੱਕੇ ਉਕਾ ਹੀ ਬਿਹੋਸ਼ ਹੋਏ ਕੀਤੀ ਬੱਸ ਜ਼ਾਲਮਾਂ ਨੇ ਫੇਰ ਹੈ ਪਿਆਰਿਆ

—o—

[ਬਾਬਾ ਮਈਆ ਸਿੰਘ ਜੀ ਹੌਲਦਾਰ ਪੈਨਸ਼ਨੀਏ ਚਕ ੩੬ ਝੰਗ ਬ੍ਰਾਂਚ ਜ਼ਿਲਾ ਲੈਲ ਪੁਰ ਦਾ ਹਾਲ]

ਬਾਬਾ ਮੱਯਾ ਸਿੰਘ ਪੈਨਸ਼ਨ ਹੋਲਦਾਰ ਚੱਕ ਛੱਤੀ ਝੰਗ ਬ੍ਰਾਂਚ ਜ਼ਿਲਾ ਲੈਲ ਪੁਰ ਵਾਲ ਹੈ
ਏਸ ਸਰਕਾਰ ਵੱਡੀ ਜ਼ਾਲਮ ਤੇ ਬੇਵਫਾ ਨੂੰ ਮੌਤ ਤੋਂ ਬਚਾਯਾ ਸੇਵਾ ਕੀਤੀ ਤੇਈ ਸਾਲ ਹੈ
ਓਸ ਹੁਣ ਨੌਕਰੀ ਦਾ ਝੂਠੀ ਸਰਕਾਰ ਵੱਲੋਂ ਮਿਲਿਆ ਇਨਾਮ ਅੱਜ ਬਾਬੇ ਨੂੰ ਕਮਾਲ ਹੈ
ਡੰਡਿਆਂ ਦੇ ਨਾਲ ਬੁਰਾ ਕੁੱਟਿਆ ਕਪਾਹ ਵਾਂਗੂ ਸੁੱਜੀ ਹੋਈ ਕੰਡ ਸਾਰੀ ਹੋਈ ਹੋਈ ਲਾਲ ਹੈ

—o—

ਦੇਖ ਭਾਲ ਲੱਗ ਭਗ ਡਾਕਟਰ ਦੱਸਿਆ ਹੈ ਚਾਰ ਇੰਚ ਉਤਾਂ ਵੱਲ ਉਭਰੀ ਖਿਆਲ ਹੈ
ਫੇਰ ਵੀ ਹੈਰਾਨੀ ਕਲਾਂ ਚੜ੍ਹਦਿਆਂ ਦੇ ਵਿਚ ਬਾਬਾ ਭਾਵੇਂ ਐਡਾ ਬੁਰਾ ਹਾਲ ਹੋਯਾ ਬਾਬੇ ਨਾਲ ਹੈ
ਬਿਰਧ ਉਮਰ ਮੇਰੀ ਹੋਈ ਹੈ ਸਫਲ ਅੱਜ ਸ਼ੁਕਰ ਸ਼ੁਕਰ ਬਾਬਾ ਆਖਦਾ ਅਕਾਲ ਹੈ
ਦੁਸ਼ਟਾਂ ਤੋਂ ਹੱਥ ਦੇਕੇ ਰਖਦਾ ਬਿਸ਼ਨ ਸਿੰਘਾ ਹੋਣ ਨਹੀਂ ਦੇਂਦਾ ਗੁਰੂ ਵਿੰਗਾ ਸਾਡਾ ਵਾਲ ਹੈ

[ਸਰਦਾਰ ਮੱਲ ਸਿੰਘ ਜੀ ਗਟੀ ਜ਼ਿਲਾ ਲੈਲ ਪੁਰ]

ਸਵੱਯਾ—ਮੱਲ ਮ੍ਰਿਗਿੰਦ ਜਿਲਾ ਪੁਰ ਲੈਲ ਦੇ ਸੱਟਾਂ ਦੇ ਨਾਲ ਬਿਹਾਲ ਬਿਸੁੱਧਾ
ਚੋਟ ਲਗੀ ਇਤਨੀ ਗਿਨਤੀ ਨਹਿ ਲੋਥ ਸਮਾਨ ਸਰੀਰ ਹੈ ਸੁੱਧਾ

ਆਤ ਉਤਾੜ ਵਜੇ ਨਵ ਰਾਤਕੇ ਤੀਕ ਰਹੀ ਪਚੇ ਮੂਲ ਨ ਦੁੱਧਾ
ਮਾਧਵ ਕੇਸਰ ਧੰਨ ਗੁਰੂ ਸਿੱਖ ਜੀਤ ਹੈ ਸ਼ਾਂਤਿਮਈ ਜਿਨ ਜੁੱਧਾ

ਕਬਿਤ

ਦਰਦ ਨਾਕ ਹਾਲ ਸਰਦਾਰ ਕੇਹਰ ਸਿੰਘ ਜੀ ਦਾ ਸਾਰਾ ਪਿੰਡਾ ਹੋਯਾ ਹੋਯਾ ਛਾਨਣੀ ਹੈ ਛਾਨਣੀ
ਕਿਉਂਕਿ ਸਰਦਾਰ ਜੀ ਨੂੰ ਸੁੱਟਿਆ ਸੀ ਕੰਡਿਆਂ ਤੇ ਗੱਲ ਏ ਜ਼ੁਲਮ ਵਾਲੀ ਬਹੁਤ ਵਧ ਮਾਨਣੀ
ਏਸੇ ਤਰਾਂ ਇੱਕ ਦੂਜੇ ਦੂਜੇ ਤੀਜੇ ਸਾਰਿਆਂ ਦੀ ਹਾਲਤ ਦਰਦ ਨਾਕ ਵਧ ਵਧ ਜਾਨਣੀ
ਲਿਖਿਆ ਨ ਜਾਂਦਾ ਹਾਲ ਏਥੇ ਮੈਥੋਂ ਸਾਰਿਆਂ ਦਾ ਸੱਚੀ ਗਲ ਦਾਸ ਕਵਿਰਾਜ ਦੀ ਪਛਾਨਣੀ

--o--

ਡੇਉੜ—ਏਸ ਜਥੇ ਦਾ ਜਥੇਦਾਰ ਜੋ ਸੂਰਬੀਰ ਬਲਕਾਰੀ, ਮੈਂ ਬਲਹਾਰੀ
ਏਸ ਖਾਲਸਾ ਕਾਲਜ ਅੰਦਰ ਇਸਨੇ ਉਮਰ ਗੁਜ਼ਾਰੀ, ਅਪਣੀ ਸਾਰੀ
ਵਿੱਦਯਾ ਪੜ੍ਹਿਆ ਰੱਸਾ ਖਿੱਚਿਆ ਕ੍ਰਿਕਟ ਦਾ ਖੇਡਾਰੀ, ਸੀਗਾ ਭਾਰੀ
ਓੜਕ ਬਾਕੀ ਪੰਥ ਵਾਸਤੇ ਜਿੰਦੜੀ ਅਪਣੀ ਵਾਰੀ, ਕਰੀ ਨ ਪਜਾਰੀ

--o--

ਦੇਖੋ ਹੁਣਦੇ ਪੜ੍ਹਨ ਵਾਲਿਓ ਆਪ ਵੱਲ ਮੈਂ ਆਯਾ, ਖਯਾਲ ਦੁੜਾਯਾ
ਤੁਸੀਂ ਵੀ ਸੇਵਾ ਕਰੀ ਪੰਥ ਦੀ ਹੁਣਕੋਈ ਦਰਦ ਵੰਡਾਯਾ, ਹੱਥ ਵਟਾਯਾ
ਨੌਂ ਨਿਹਾਲਾ ਸਭਨਾ ਉਤੇ ਪੰਥ ਭਰੋਸਾ ਰਖਾਯਾ, ਧਯਾਨ ਲਗਾਯਾ
ਗੁਰੂ ਬਾਗ ਦੀ ਸੇਵਾ ਅੰਦਰ ਕੀ ਜੇ ਹਿਸਾ ਪਾਯਾ, ਭਲਾ ਕਮਾਯਾ

--o--

ਓਹ ਖਾਲਸਾ ਕਾਲਜ ਤੇਰੇ ਉੱਚੇ ਬੜੇ ਮੁਨਾਰੇ, ਹੈਣ ਸਵਾਰੇ
ਤੇਰੇ ਹੀ ਵਿਚ ਪੜ੍ਹਦੇ ਏਥੇ ਪੁਤ ਸਿੱਖਾਂ ਦੇ ਪਜਾਰੇ, ਬਹੁਤੇ ਸਾਰੇ
ਸਿੱਖਨ ਆਏ ਗੁਰਮਤ ਸੰਥਾ ਪ੍ਰੇਮੀ ਗੁਰਦੇ ਭਾਰੇ, ਸਿੱਖ ਦੁਲਾਰੇ
ਓਨਾਂ ਦੇ ਇਹ ਪੁੱਤਰ ਬੀਬੇ ਸਿਰ ਜਿਨ੍ਹਾਂ ਨੇ ਵਾਰੇ, ਪੰਥ ਮਝਾਰੇ

--o--

ਕੀ ਕੰਮ ਵੱਡਾ ਏਥੇ ਵੀਰੋ ਖਾ ਪੀਕੇ ਢਿਡ ਭਰਨਾ, ਲਿਖਣਾ ਪੜ੍ਹਨਾ
ਏਥੇ ਇਹ ਵੀ ਸਿੱਖਣਾ ਹੈ ਜੇ ਪੰਥ ਵਾਸਤੇ ਮਰਨਾ, ਜੱਗ ਤੋਂ ਤਰਨਾ
ਦੇਖ ਔਕੜਾਂ ਗੁਰੂ ਪੰਥ ਤੇ ਸੀਸ ਤਲੀ ਤੇ ਧਰਨਾ, ਮੂਲ ਨ ਡਰਨਾ
ਮੁੱਢ ਤੋਂ ਰੀਤ ਸ਼ਹੀਦਾਂ ਦੀ ਏ ਉੱਪਰ ਸੂਲੀ ਚੜ੍ਹਨਾ, ਨਾਹਿ ਨ ਕਰਨਾ

--o--

ਇੱਕ ਤਾਂ ਏਥੇ ਪੜ੍ਹਕੇ ਦੇਖੇ ਪੰਥ ਵਾਸਤੇ ਮਰਦੇ, ਸੇਵਾ ਕਰਦੇ
ਇਕ ਤਾਂ ਮਾਰਨ ਵੀਰਾ ਤਾਂਈਂ ਬਣ ਗੁਲਾਮੀ ਬਰਦੇ, ਨੀ ਢਿਡ ਭਰਦੇ
ਕੀ ਹੋਯਾ ਇਹ ਫਰਕ ਪੈ ਗਿਆ ਇੱਕੋ ਸੰਥਾ ਪੜ੍ਹਦੇ, ਵਿੱਚ ਨ ਪੜ੍ਹਦੇ
ਪੁਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਆਪੋ ਵਿੱਚ ਨ ਲੜਦੇ, ਇੱਕੋ ਘਰਦੇ

--o--

ਜੋ ਹਰਨਾਕਸ਼ਸਬਕ ਪੜ੍ਹਜਾਪੁਤ੍ਰ ਪ੍ਰਹਲਾਦ ਨ ਪੜ੍ਹਿਆ, ਨਾਹੀਡਰਿਆ
ਕੋਇਲ ਬੱਚਾ ਸਿੱਖਯਾ ਕੁਝ ਨਾ ਜਤਨ ਕਾਵਾਂ ਨੇ ਕਰਿਆ, ਜਿਤ ਨਾ ਸਰਿਆ
ਰਾਵਨ ਦਾ ਸੰਗ ਛਡ ਭਵੀਖਨ ਪੱਲਾ ਰਾਮ ਦਾ ਫੜਿਆ, ਓੜਕ ਤਰਿਆ
ਘਰ ਬੁਰਿਆਂ ਦੇ ਚੰਗੇ ਜੰਮੇ ਬੂਟਾ ਹਰਿਆ ਭਰਿਆ, ਫੁੱਲਾਂ ਜੜ੍ਹਿਆ

--o--

ਇੱਕੋ ਮਾਸਟਰ ਪ੍ਰੋਫੈਸਰ ਨੇ ਰੱਖੇ ਹੋਏ ਤੁਸਾਂ ਭਾਈਂ ਜੋ ਵਿੱਦਯਾ ਪੜ੍ਹਾਉਣ ਵਾਲੇ
ਵਿੱਦਵਾਨ ਗਿਆਨੀ ਵੀ ਹੈਨ ਇੱਕੋ ਧਰਮ ਵਿਦਯਾ ਪੜ੍ਹਾਉਣ ਸਿਖਾਉਣ ਵਾਲੇ
ਇੱਕੋ ਤੁਸੀਂ ਸ਼ਹੀਦਾਂ ਦੇ ਪੁੱਤ ਸਾਰੇ ਦੁੱਖ ਪਿਆਂ ਦੇ ਦੁਖ ਵੰਡਾਉਣ ਵਾਲੇ
ਇੱਕੋ ਖਾਲਸਾ ਕਾਲਜ ਦੇ ਵਿਚ ਪੜ੍ਹਦੇ ਗੋੜਾਂ ਵਿਚ ਹੋ ਜੱਫੀਆਂ ਪੌਣ ਵਾਲੇ
ਇੱਕੋ ਬਾਟੇ ਦੇ ਵਿਚ ਜੋ ਅਮ੍ਰਿਤ ਪੀਤਾ ਦਸਵੇਂ ਗੁਰੂ ਦੇ ਪੁੱਤ੍ਰ ਕਹਾਉਣ ਵਾਲੇ
ਤਜਕੇ ਦ੍ਵੈਤ ਨੂੰ ਇੱਕ ਹੋ ਬਿਸ਼ਨ ਸਿੰਘਾ ਬਾਜਾਂ ਵਾਲੇ ਵੀ ਗੁਰੂ ਜੇ ਆਉਣ ਵਾਲੇ

--o--

੬ ਸਤੰਬਰ ਦੁਆਬਾ ਜੱਥਾ ਜਲੰਧਰ ਬੁੱਧਵਾਰ ੧੯੨੨

ਇਹ ਹੇਠ ਲਿਖੀ ਕਵਿਤਾ ਭਾਈ ਕਰਮ ਸਿੰਘ ਗਿਆਨੀ ਵਿਦਯਾਰਥੀ ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ ਅਮ੍ਰਿਤਸਰ ਦੀ ਹੈ

ਤਖਤ ਅਕਾਲ ਤੋਂ ਹੋਇ ਤਿਆਰ ਜੀ, ਗਲਾਂ ਵਿੱਚ ਪਏ ਨੇ ਫੁੱਲਾਂ ਦੇ ਹਾਰ ਜੀ
ਇੱਕ ਸੌ ਤੇ ਦੋ ਸੀ ਜੱਥਾ ਅਕਾਲੀਆਂ, ਸਾਰਿਆਂ ਦੇ ਮੁੱਖਾਂ ਉੱਤੇ ਹੈਨ ਲਾਲੀਆਂ
ਪਰਤਾਪ ਸਿੰਘ ਵੱਡਾ ਜੱਥੇਦਾਰ ਜੀ, ਗਲਾਂ ਵਿਚ ਪਏ ਨੇ ਫੁੱਲਾਂ ਦੇ ਹਾਰ ਜੀ
ਘਰੋਂ ਸਰਦਾਰ ਸੀ ਖੁਰਦ ਪੁਰਦਾ, ਚੰਗਾ ਭਾਗ ਲਿਖਿਆ ਮੱਥੇ ਤੇ ਧੁਰਦਾ
ਦੂਜਾ ਸੁੰਦਰ ਸਿੰਘ ਮੀਤ ਜੱਥੇਦਾਰ ਜੀ, ਕੀਤੀ ਗੁਰੂ ਕ੍ਰਿਪਾ ਬੜੀ ਅਪਾਰ ਜੀ
ਅੱਗੇ ਜੱਥੇਦਾਰ ਸੀ ਦੋਵੇਂ ਖਲੋ ਗਏ, ਹੋਰ ਸਾਰੇ ਸਿੰਘ ਉਨ੍ਹਾਂ ਪਿੱਛੇ ਹੋ ਗਏ
ਖਿੱਚ ਲਈਆਂ ਛੋਟੀ ਤਸਵੀਰਾਂ ਚਾਰ ਜੀ, ਗਲਾਂ ਵਿਚ ਪਏ ਨੇ ਫੁੱਲਾਂ ਦੇ ਹਾਰ ਜੀ

ਸਾਰੇ ਸ਼ਹਿਰ ਵਿੱਚ ਸੀਗਾ ਸੋਗ ਪੈਗਿਆ, ਘਰਾਂ ਵਿੱਚ ਕੋਈ ਆਦਮੀ ਨਾਂ ਰੈਗਿਆ
ਐਸਾ ਸਮਾਂ ਦੇਖ ਕਈ ਘਬਰਾਂਵਦੇ, ਲੂਈਂ ਕੰਢੇ ਹੁੰਦੇ ਨਾਂ ਅਰਾਮ ਪਾਂਵਦੇ
ਸਤਿ ਜੇ ਸ੍ਰੀ ਅਕਾਲ ਨੂੰ ਬੁਲਾਂਵਦੇ, ਘੰਟੇ ਘਟੋਂ ਅੱਗੇ ਸਿੰਘ ਚਾਲੇ ਪਾਂਵਦੇ
ਬੰਨ੍ਹ ਲਈਆਂ ਚਾਰ ਚਾਰ ਦੀਆਂ ਪਾਲੀਆਂ, ਇੱਕਦੂਜੇ ਅੱਗੇ ਹੋਣ ਮਾਰ ਛਾਲੀਆਂ
ਸਿਰ ਉਤੇ ਰੇਜੇ ਰਖੇ ਸੀ ਪਿਆਰਿਆਂ, ਏਹ ਰੇਜੇ ਰਖੇ ਹੋਏ ਦੇਖੇ ਸਾਰਿਆਂ
ਕਹਿੰਦੇ ਲੋਕ ਕਾਰਨ ਸਾਨੂੰ ਬਤਾਈਏ, ਦਸਕੇ ਇਹ ਕਾਰਣ ਅੱਗੇ ਨੂੰ ਜਾਈਏ
ਤਾਂ ਅੱਗੋਂ ਸਿੰਘ ਨੇ ਪਿਆਰੇ ਬੋਲਦੇ, ਰੇਜਿਆਂ ਜੋ ਵਾਲਾ ਸਾਰਾ ਹਾਲ ਖੋਲਦੇ
ਮਰਨ ਦਾ ਕਰ ਲੀਤਾ ਇੰਤਜਾਮ ਜੀ, ਸਿੰਘ ਗਾਉਂਦੇ ਵਾਹਿਗੁਰੂ ਸਤਿਨਾਮ ਜੀ
ਸੁਣ ਸੁਣ ਲੋਕ ਸਾਰੇ ਗਸ਼ਾਂ ਖਾਂਵਦੇ, ਉੱਗਲਾਂ ਜੋ ਮੂੰਹ ਵਿਚ ਸਾਰੇ ਪਾਂਵਦੇ
ਘੰਟੇ ਘਟੋਂ ਲੰਘਕੇ ਬਜਾਰੀ ਆਂਵਦੇ, ਲੋਕ ਜਥੇ ਉੱਤੇ ਫੁੱਲ ਬਰਸਾਂਵਦੇ
ਅੱਗੇ ਅੱਗੇ ਸਿੰਘ ਪਿੱਛੇ ਲੋਕ ਸ਼ਹਿਰ ਦੇ, ਸਿਰ ਆਯਾ ਦਿਨ ਬਾਰਾਂ ਸੀ ਦੁਪਹਿਰਦੇ
ਅੱਗੇ ਜੱਥੇਦਾਰ ਤੇ ਨਾਲੇ ਨਿਸ਼ਾਨ ਜੀ, ਪਹੁੰਚਦੇ ਨੇ ਹਾਲ ਦਰਵਾਜੇ ਆਨ ਜੀ
ਪਾਸ ਜਾਂ ਕਚੈਹਿਰੀ ਸਾਰੇ ਸਿੰਘ ਆਂਵਦੇ, ਲੋਕ ਆਣ ਸੜਕਾਂ ਤੇ ਮੇਲਾ ਲਾਂਵਦੇ
ਗਾਂਵਦੇ ਸ਼ਬਦ ਸਿੰਘ ਅੱਗੇ ਧਾਂਵਦੇ, ਹਾਲੀ ਛੱਡ ਹਲ ਦਰਸ਼ਨ ਪਾਂਵਦੇ
ਥੋੜੀ ਦੇਰ ਛੀਨੇ ਪੁਲ ਉੱਤੇ ਆਂਵਦੇ, ਮਨ ਵਿਚ ਸਿੰਘ ਨੇ ਖੁਸ਼ੀ ਮਨਾਂਵਦੇ
ਛੇਤੀ ਨਾਲ ਬੀਟੀ ਸੀਟੀ ਤਾਈਂ ਮਾਰਦਾ, ਨਾਲੇ ਕੁਛ ਮੁੱਖ ਤੋਂ ਪਿਆ ਪੁਕਾਰਦਾ

[ਬੀਟੀ]

ਹੁਣ ਜੇ ਅਗਾੜੀ ਸਿੰਘੋ ਤੁਸੀਂ ਜਾਓਗੇ, ਜਾਣ ਲੈਣਾਂ ਠੀਕ ਤੁਸੀਂ ਮਾਰੇ ਜਾਓਗੇ
ਮਾਰ ਮਾਰ ਦੇਊਂ ਚਮੜੀ ਉਤਾਰ ਮੈਂ, ਗਲਾਂ ਵਿਚ ਚੰਗੀ ਤਰਾਂ ਪਾਊਂ ਹਾਰ ਮੈਂ
ਮਾਰ ਮਾਰ ਮੈਂ ਜੋ ਪਾਣੀ ਵਿਚ ਸੁੱਟਣਾਂ, ਐਸੇ ਨਾਲ ਹੈਂਟਰ ਤੁਹਾਨੂੰ ਕੁੱਟਣਾਂ
ਬੱਕਰੇ ਦੇ ਵਾਂਗ ਲਾਵਾਂਗਾ ਮੈਂ ਚਾਮ ਜੀ, ਸਿੰਘ ਗਾਉਂਦੇ ਵਾਹਿਗੁਰੂ ਸਤਿਨਾਮ ਜੀ

[ਜਵਾਬ ਸਿੰਘਾ ਦਾ]

ਅਸਾਂ ਪਿੱਛੇ ਬੀਟੀ ਨਾਹੀਂ ਕਦੀ ਜਾਵਣਾਂ, ਅੱਗੇ ਜਾਇ ਗੁਰੂ ਦਾ ਦਰਸ਼ ਪਾਵਣਾਂ
ਸ਼ੇਰ ਦਾ ਹੈ ਕੰਮ ਅੱਗੇ ਵਲ ਧਾਵਣਾਂ, ਅਸਾਂ ਗੁਰੂ ਬਾਗ ਨੂੰ ਜਰੂਰ ਜਾਵਣਾਂ
ਜਾਂਵਦੇ ਪਤੰਗੇ ਜਿਉਂ ਉੱਤੇ ਚਰਾਗ ਦੇ, ਏਸੇ ਤਰਾਂ ਸਿੰਘਾ ਜਾਣਾਂ ਵਿਚ ਬਾਗ ਦੇ
ਟੋਟੇ ਟੋਟੇ ਹੋਇ ਅਸੀਂ ਏਥੇ ਮਰੀਏ, ਪਿੱਛੇ ਜਾਣ ਲਈ ਨਾਹੀਂ ਮੁਖ ਕਰੀਏ
ਗੁਰੂ ਸੇਵਾ ਵਿੱਚ ਸੀਸ ਹੈ ਲਗਾਂਵਣਾ, ਅਸਾਂ ਗੁਰੂ ਬਾਗ ਨੂੰ ਜਰੂਰ ਜਾਂਵਣਾ

[ਮਾਰ ਕੁਟਾਈ]

ਇਹ ਸੁਣ ਬੀਟੀ ਭੱਖਿਆ ਤੰਦੂਰ ਹੈ, ਤੇਰਾ ਭਾਣਾਂ ਵਾਹਿਗੁਰੂ ਮਨਜ਼ੂਰ ਹੈ
ਗੁੱਸੇ ਨਾਲ ਸਿੰਘਾ ਤਾਈਂ ਲੱਗਾ ਮਾਰਨੇ, ਮਾਰ ਮਾਰ ਲੱਗਾ ਖੱਲ ਜੇ ਉਤਾਰਨੇ
ਡਾਗਾਂ ਦੀਆਂ ਹੁੱਝਾਂ ਛਾਤੀ ਵਿੱਚ ਮਾਰਦਾ, ਮਾਰੇ ਮਾਰੇ ਮਾਰੇ ਮੁੱਖ ਤੋਂ ਪੁਕਾਰਦਾ
ਐਵੇਂ ਸਿੰਘਾ ਮਾਰੇ ਦੇਖੋ ਬੇਕਸੂਰ ਹੈ, ਹਛਾ ਵਾਹਿਗੁਰੂ ਭਾਣਾਂ ਮਨਜ਼ੂਰ ਹੈ
ਹੈਂਟਰਾਂ ਦੇ ਨਾਲ ਚਮੜੀ ਉਤਾਰੀ ਸੀ, ਐਸੀ ਮਾਰ ਡਾਢੀ ਜ਼ਾਲਮਾਂ ਨੇ ਮਾਰੀ ਸੀ
ਕਰ ਦਿੱਤਾ ਮਾਰਕੇ ਬਿਹੋਸ਼ ਸਾਰਿਆਂ, ਫੇਰ ਵੀ ਨਾਂ ਕੁਛ ਕਿਹਾ ਸੀ ਦੁਲਾਰਿਆ
ਜੱਥੇ ਦਾਰ ਤਾਈਂ ਝੂਦ ਬੀਟੀ ਮਾਰਦਾ, ਕਿੱਥੇ ਤੇਰਾ ਗੁਰੂ ਸਿੰਘ ਨੂੰ ਵੰਗਾਰ ਦਾ
ਮਾਰ ਮਾਰ ਹੱਡ ਕਰ ਦਿੱਤੇ ਚੂਰ ਹੈ, ਹੱਛਾ ਵਾਹਿਗੁਰੂ ਭਾਣਾਂ ਮਨਜ਼ੂਰ ਹੈ
ਪੰਜੇ ਜੇ ਸਪਾਈਆਂ ਮਾਰਕੇ ਉਡਾਲਿਆ, ਜਰਾ ਮਨ ਵਿੱਚ ਨਾਂ ਤਰਸ ਖਾਲਿਆ
ਮਾਰਿਆਸੀ ਬਹੁਤਹੀ ਬੇਰਹਿਮੀ ਨਾਲਜੀ, ਨਾਲੇ ਪਾਪੀ ਪੁੱਟਦੇ ਸਿੰਘਾਂਦੇ ਵਾਲਜੀ
ਚਿੱਤੜਾਂ ਤੇ ਮਾਰ ਹੋਰ ਹੱਡ ਭੰਨ ਦੇ, ਕਰਦੇ ਨੇਂ ਓਹੋ ਵਿੱਚ ਔਂਦੀ ਮੰਨ ਦੇ
ਪਾਯਾ ਕਿੱਡਾ ਆਂਣਕੇ ਇਨ੍ਹਾਂ ਫਤੂਰ ਹੈ, ਹੱਛਾ ਵਾਹਿਗੁਰੂ ਭਾਣਾਂ ਮੰਨਜ਼ੂਰ ਹੈ
ਪਿੱਠ ਬਾਹਾਂ ਹੋਰ ਚਿੱਤੜਾਂ ਤੇ ਮਾਰੀਆਂ, ਦਾਸ ਦੀ ਜ਼ੁਬਾਂਨ ਕੀ ਗਣਾਵੇ ਸਾਰੀਆਂ
ਕੁੱਟਿਆ ਬੇਰਹਿਮੀਨਾਲ ਵਾਂਗਛੱਲੀਆਂ, ਸਾਰੀਆਂਮੁਸੀਬਤਾਂਸਿੰਘਾਂਨੇਂ ਝੱਲੀਆਂ
ਪਾਇ ਦਿੱਤੇ ਧਰਤੀ ਤੇ ਲੰਮੇਂ ਪੂਰ ਹੈ, ਹੱਛਾ ਵਾਹਿਗੁਰੂ ਭਾਣਾਂ ਮਨਜ਼ੂਰ ਹੈ
ਨਲਾਂ ਉੱਤੇ ਮਾਰਦੇ ਪਿੱਤਲ ਵਾਲੀਆਂ, ਨਾਲੇ ਮੂਹੋਂ ਦੁਸ਼ਟ ਕੱਢਣ ਗਾਲੀਆਂ
ਡਾਗਾਂ ਉੱਤੇ ਸੰਮ ਸਭਨਾਂ ਚੜ੍ਹਾਇ ਸੀ, ਜਿਨ੍ਹਾਂ ਨਾਲ ਸਿੰਘਾਂ ਵਾਲੇ ਘਾਣਲਾਹਿ ਸੀ
ਹੋਇ ਜੋ ਬਿਹੋਸ ਵਿੱਚ ਪਾਂਣੀ ਸੁੱਟਦੇ, ਮੂੰਹ ਵਿੱਚ ਪਾਣੀਂ ਪਾਇਕਰ ਕੁੱਟਦੇ
ਆਪ ਪਰੇ ਹੋਇਕੇ ਵਜਾਂਉਂਦੇ ਤੂਰ ਹੈ, ਹੱਛਾ ਵਾਹਿਗੁਰੂ ਭਾਣਾਂ ਮਨਜ਼ੂਰ ਹੈ
ਲਤੋਂ ਫੜ ਧੂਹ ਵਿੱਚ ਟੋਇਆਂ ਖੜਦੇ, ਕਿੱਲਾਂ ਵਾਲੇ ਬੂਟ ਉੱਤੇ ਛਾਤੀ ਚੜ੍ਹਦੇ
ਅੱਡ ਅੱਡ ਕੀਤੇ ਖਾਲਸੇ ਦੇ ਬੰਦ ਜੀ, ਕਈਆਂ ਜੇ ਦੁਲਾਰਿਆਂ ਦੇ ਭੱਜੇ ਦੰਦ ਜੀ
ਫੇਰ ਸਿੰਘਾਂ ਕਈਆਂ ਸੁਰਤਾਂ ਸੰਭਾਲੀਆਂ, ਅੱਗੇ ਜਾਂਣ ਲਈ ਮਾਰਦੇ ਨੇ ਛਾਲੀਆਂ
ਕਹਿਦੇ ਜਾਂਣਾਂ ਗੁਰੂ ਬਾਂਗ ਨੂੰ ਜਰੂਰ ਹੈ, ਹੱਛਾ ਵਾਹਿ ਗੁਰੂ ਭਾਣਾਂ ਮਨਜ਼ੂਰ ਹੈ
ਫੇਰ ਜ਼ਾਲਮਾਂ ਨੇ ਗੁੱਸੇ ਤਾਈ ਖਾਲਿਆ, ਮਾਰ ਮਾਰ ਧਰਤੀ ਉਤੇ ਲਿਟਾ ਲਿਆ
ਦੋ ਸਿੰਘ ਵਿੱਚ ਪਾਣੀ ਬੀਟੀ ਸੁੱਟੇਸੀ, ਉਤੋਂ ਹੈਟਰਾਂ ਦੇ ਨਾਲ ਆਪ ਕੁੱਟੇ ਸੀ

ਡਿੱਠਾ ਮਨੀਰਾਮ ਡਾਕਟਰ ਹਾਲ ਜੀ, ਮੋਟਰ ਦੇ ਵਿੱਚੋਂ ਝਟ ਮਾਰੀ ਛਾਲ ਜੀ
ਸਿੰਘਾਂਤਾਈਕੱਢਿਆਸੀਵਿੱਚੋਂ ਪਾਣੀਆਂ,ਲੋਥਾਂ ਵੀਰਾਂਦੀਆਂਛਾਨਣੀਪਛਾਣੀਆਂ
ਦੇਖ ਬੀਟੀ ਡਾਕਟਰ ਰਿਹਾ ਘੂਰ ਹੈ, ਤੇਰਾ ਭਾਣਾਂ ਵਾਹਿਗੁਰੂ ਮਨਜ਼ੂਰ ਹੈ

[ਕਵੀ ਵਾਕ] ਚੌਪਈ

ਜੇਕਰ ਕਰਦੇ ਲੜਨ ਤਿਆਰੀ, ਤਾਂ ਫਿਰ ਕੀਸੀ ਪੁਲਸ ਨਿਕਾਰੀ
ਜੇਕਰ ਅੱਗੋਂ ਹੱਥ ਉਠਾਉਂਦੇ, ਸਭ ਨੂੰ ਓਥੇ ਮਾਰ ਮਕਾਉਂਦੇ
ਚੰਗਾ ਹੁਕਮ ਕਮੇਟੀ ਪਾਲਾ, ਤਨਤੇ ਕਸ਼ਟ ਅਨੇਕਾਂ ਝਾਲਾ
ਫਿਰ ਵੀ ਨਾਹੀਂ ਹੱਥ ਉਠਾਯਾ, ਆਪਣਾਂ ਸੀਸ ਧਰਮ ਤੇ ਲਾਯਾ

[ਡਾਕਟਰ ਨੇ ਫੱਟੜਾਂ ਨੂੰ ਸ੍ਰੀ ਅਮ੍ਰਿਤਸਰ ਜੀ ਪੁਚਾਉਂਣਾਂ]

ਪਿੱਛਲਾ ਜੋ ਰਿਹਾ ਹਾਲ ਹਾਂਸੁਣਾਂਵਦਾ, ਡਾਕਟਰ ਵੀਰਾਂ ਦੀ ਸੇਵਾ ਕਮਾਂਵਦਾ
ਸਿੰਘ ਜਦ ਪਏ ਸੀ ਸਾਰੇ ਬਿਸੁੱਧ ਜੀ, ਡਾਕਟਰ ਸਿੰਘਾਂ ਨੂੰ ਪਿਲਾਉਂਦਾ ਦੁੱਧ ਜੀ
ਚੰਗੀ ਤਰਾਂ ਕਰੇ ਵੀਰਾਂ ਦੀ ਸੰਭਾਲਜੀ, ਇਹਤਾਂ ਕੋਈ ਹੈਗਾ ਗੁਰੂ ਜੀਦਾ ਲਾਲਜੀ
ਰੱਬ ਇਨੂੰ ਕਰੇ ਬੜਾ ਭਰਪੂਰ ਹੈ, ਤੇਰਾ ਭਾਣਾਂ ਵਾਹਿਗੁਰੂ ਮਨਜ਼ੂਰ ਹੈ
ਚੰਗੀ ਤਰਾਂ ਓਥੋਂ ਲੋਥਾਂ ਨੂੰ ਚੁਕਾਂਵਦਾ, ਫੜ ਫੜ ਵਿੱਚ ਲਾਰੀਆਂ ਦੇ ਪਾਂਵਦਾ
ਸੁੱਟ ਵਿਚੱ ਲਾਰੀਆਂ ਦੇ ਲੋਥਾਂ ਸਾਰੀਆਂ, ਨੂਧਾ ਸਰ ਵਲ ਕਰਦਾ ਤਿਆਰੀਆਂ
ਕਈ ਲੱਦੇ ਵਿੱਚ ਕਈ ਰਹੇ ਹੋਰ ਜੀ, ਸ਼ਹਿਰ ਵਲ ਗੱਡੀ ਛੇਤੀ ਦਿੱਤੀ ਤੋਰ ਜੀ
ਹੋ ਗਏ ਸਰੀਰ ਵੀਰਾਂ ਦੇ ਮਨੂਰ ਹੈ, ਤੇਰਾ ਭਾਣਾਂ ਵਾਹਿਗੁਰੂ ਮਨਜੂਰ ਹੈ
ਗਾਰੇ ਨਾਲ ਕੇਸ ਵੀਰਾਂਦੇ ਸੀ ਲਿੱਬੜੇ, ਪਾਟੇ ਹੋਏ ਲੀੜੇ ਵਿੱਚ ਪਾਣੀ ਭਿੱਜੜੇ
ਕਈਆਂਦੀਆਂਲੱਤਾਂਸੀਪਿਛਾਂਡਿੱਗੀਆਂ ਕਈਆਂਦੀਆਂਨਾਲਛਾਤੀਆਂਦੇਲੱਗੀਆਂ
ਦੇਖ ਦੇਖ ਲੋਕ ਮਨ ਰਹੇ ਝੂਰ ਹੈ, ਤੇਰਾ ਭਾਣਾ ਵਾਹਿਗੁਰੂ ਮਨਜੂਰ ਹੈ
ਗੱਡੀ ਖਲਹਾਰ ਸਿੰਘਾ ਨੂੰ ਪੁਛਾਂਵਦੇ, ਦੁੱਧ ਪਾਣੀ ਸਾਰਿਆਂ ਤਾਈਂ ਪਿਲਾਂਵਦੇ
ਹਾਲ ਦੇਖ ਲੋਕ ਸਾਰੇ ਹਾਈਂ ਮਾਰਦੇ, ਕਹਿੰਦੇ ਪਾਪੀ ਵੱਡਾ ਜ਼ੁਲਮ ਗੁਜਾਰਦੇ
ਓਥੋਂ ਤੁਰ ਅਮ੍ਰਿਤਸਰ ਆਂਵਦੇ, ਥੋੜੀ ਦੇਰ ਵਿੱਚ ਘੰਟੇ ਘਰ ਜਾਂਵਦੇ
ਫੜ ਫੜ ਮੰਜੀਆਂ ਦੇ ਉੱਤੇ ਪਾਂਵਦੇ, ਸੇਵਕ ਜੋ ਚੁੱਕ ਬਾਗ ਨੂੰ ਲਿਆਂਵਦੇ
ਕਈ ਵੀਰ ਹਿੰਦੂ ਮੰਜੀਆਂ ਵਿਛਾਂਵਦੇ, ਪਾ ਦਿੱਤੇ ਲੰਮੇ ਦੁੱਧ ਨੂੰ ਛਕਾਂਵਦੇ
ਸਭਨਾਂ ਦਾ ਡਿੱਗੇ ਅੱਖਾਂ ਵਿੱਚੋਂ ਨੂਰ ਹੈ, ਤੇਰਾ ਭਾਣਾ ਵਾਹਿਗੁਰੂ ਮਨਜੂਰ ਹੈ

ਦੋ ਸੀ ਬਿਹੋਸ਼ ਹੋਰ ਖਤਰ ਨਾਕ ਜੀ, ਕੁਛ ਅੱਗੋਂ ਬੋਲਦੇ ਨਾਂ ਮਾਰੀ ਹਾਕ ਜੀ
ਕਈ ਵੀਰ ਫੜ ਮੁੱਠੀਆਂ ਨੂੰ ਭਰਦੇ, ਕਈ ਪੱਖੇ ਵਾਲੀ ਸੇਵਾ ਤਾਈਂ ਕਰਦੇ
ਕੋਈ ਦੇਖ ਮਨ ਵਿੱਚ ਘਭਰਾਂਵਦਾ, ਕੋਈ ਸਿੰਘਾਂ ਤਾਂਈ ਫਲ ਨੂੰ ਖਵਾਂਵਦਾ
ਕਈ ਛੇਤੀ ਜਾਇ ਲਜਾਂਵਦੇ ਅੰਗੂਰ ਹੈ, ਤੇਰਾ ਭਾਣਾਂ ਵਾਹਿਗੁਰੂ ਮਨਜ਼ੂਰ ਹੈ

ਵੀਰਵਾਰ ੭ ਸਤੰਬਰ ੧੯੨੨

ਦੁਆਬਾ ਅਕਾਲੀ ਜਥਾ ਹੁਸਿਆਰ ਪੁਰ

ਦੋਹਰਾ—ਸੱਤ ਸਤੰਬਰ ਤ੍ਰੀਕ ਨੂੰ ਆ ਗਈ ਮੇਰੀ ਵਾਰ
ਦੁਆਬਾ ਜਥਾ ਹੁਸ਼ਜਾਰ ਪੁਰ ਹੋਯਾ ਤੁਰਤ ਤਿਆਰ

ਹਮਨ ਕੁੰਡ ਦੀ ਅੱਗ ਭਿਆਨਕ ਬਲਦੀ ਮਰਨਾ ਸੜਕੇ ਕਿਸਨੇ ਆਨ ਪਹਿਲੇ
ਬਰਫ ਵਾਲਾ ਹਿਮਾ ਚਲ ਡਰਾਂਵਦਾ ਹੈ ਗਲਕੇ ਦੇਣੇ ਨੇ ਕਿਸਨੇ ਪ੍ਰਾਨ ਪਹਿਲੇ
ਜ਼ਾਲਮ ਡਾਂਗਾਂ ਦਾ ਮੀਂਹ ਵਰ੍ਹਾਂਵਦਾ ਹੈ ਸਿਰ ਡਾਹੁਣਾ ਕੇਹੜੇ ਬਲਵਾਨ ਪਹਿਲੇ
ਦੁਆਬਾ ਜਥਾ ਅਕਾਲੀ ਉਠ ਗੱਜਿਆ ਹੈ ਅੱਜ਼ ਮੱਲਣਾ ਅੱਸਾਂ ਮਦਾਨ ਪਹਿਲੇ

[ਕਵਿਰਾਜ ਬਿਲਾਸ ਕਬਿਤ ਸਿੰਘਾਵਿਲੋਕਨ]

ਘਾਲੀ ਹੈ ਮਹਾਨ ਖੜੀ ਤਖਤ ਅਕਾਲ ਅੱਗੇ ਦੁਆਬਾ ਹੁਸ਼ਿਆਰ ਪੁਰ ਜਥਾ ਏ ਅਕਾਲੀ ਹੈ
ਕਾਲੀ ਹੈ ਘਟਾਨ ਮਾਨੋ ਉਛਲ ਉਛਲ ਆਈ ਦੁਸ਼ਟ ਰਾਜ ਰੋੜ੍ਹਨ ਨੂੰ ਦੇਵਤ ਉਛਾਲੀ ਹੈ
ਛਾਲੀ ਹੈ ਬਬਰ ਸ਼ੇਰ ਵਤ ਉਪਮਾਨ ਵਾਲੀ ਹਰਨ ਕੁਦੇਸੀਏ ਦੀ ਹਰਨ ਕੁਚਾਲੀ ਹੈ
ਚਾਲੀ ਹੈ ਸੁ ਸ਼ਾਂਤਿਮਈ ਵਾਲੀਏ ਬਿਸ਼ਨ ਸਿੰਘ ਰਾਖ ਹੈ ਸੁ ਲਾਜ ਪੰਥ ਮਾਲੀ ਪ੍ਰਤਿਪਾਲੀ ਹੈ

ਕਬਿਤ ਰੂਪਕਾਲੰਕਾਰ

ਸ਼ਾਂਤਿਮਈ ਵਾਲਾ ਹੈ ਮੁਕਾਬਲਾ ਮਹਾਨ ਵੱਡਾ ਜਨਕ ਨਰੇਸ਼ ਨੇ ਸੁਅੰਬਰ ਨੂੰ ਰੱਚਿਆ
ਭੂਪਤ ਅਨੇਕ ਝੋਲੀ ਚੁੱਕ ਨੇ ਮਦਾਨ ਆਏ ਚੁੱਕਣਾ ਧਨਖ ਅੱਜ ਸ਼ੇਰ ਬੀਰ ਬੱਚਿਆ
ਰਾਵਨ ਫਰੰਗੜੇ ਨੇ ਉਠਕੇ ਵਿਘਨ ਪਾਯਾ ਸੀਤਾ ਦੇ ਚੁਰਾਵਣ ਨੂੰ ਪਾਗਲ ਹੈ ਨੱਚਿਆ
ਗੁਰੂ ਦਾ ਦੁਆਰਾ ਜੋ ਸੁਧਾਰ ਹੈ ਅਜਾਦ ਸੀਤਾ ਬਿਜੈ ਲੈ ਜਰੂਰ ਸ਼ਾਂਤਿਮਈ ਜੁੱਧ ਮੱਚਿਆ

ਤਥਾ

ਪਰਸ ਰਾਮ ਵਾਂਗ ਨੱਸ ਜਾਵਣਾਂ ਕੁਦੇਸੀਆ ਓ ਵੇਖ ਕਰ ਹੱਥ ਪੰਥ ਰਾਮ ਬਲਵਾਨ ਦੇ
ਮਾਲਵੀ ਵਸ਼ਿਸ਼ਟ ਰਿਖੀ ਵਿਸਵਾ ਮਿਤ੍ਰ ਗਾਂਧੀ ਜੀ ਨੇ ਹੋਵਣਾ ਮੱਦਦਗਾਰ ਪੰਥ ਰਘੁਭਾਨ ਦੇ
ਧੜਕਦੇ ਨੇ ਚਿਤ ਪਏ ਰਾਜਿਆਂ ਤੇ ਰਾਣਿਆਂ ਦੇ ਦੇਖਦੇ ਤਮਾਸ਼ਾ ਆਣ ਲੋਕ ਨੇ ਜਹਾਨ ਦੇ
ਲੱਛਮਣ ਖਾਲਸਾ ਅਕਾਲੀਆਂ ਨੇ ਗੱਜਣਾ ਹੈ ਓੜਕ ਬਿਸ਼ਨ ਸਿੰਘ ਵਿਚ ਆ ਮਦਾਨ ਦੇ

ਕੋਰੜਾ

ਦੁਆਬਾ ਹੈ ਅਕਾਲੀ ਜਥਾ ਹੋਯਾ ਤਜਾਰ ਜੀ, ਜਥੇਦਾਰ ਲਾਭ ਸਿੰਘ ਸ੍ਰਦਾਰ ਜੀ

ਵੱਡੇ ਹੁਸ਼ਿਆਰ ਹੁਸ਼ਿਆਰ ਪੁਰਦੇ, ਸਿੰਘ ਏ ਅਕਾਲੀਏ ਗੁਲਾਮ ਗੁਰਦੇ
ਛਾਲਾਂ ਮਾਰ ਮਾਰ ਮੌਤ ਵੱਲ ਤੁਰਦੇ, ਦੀਵੇ ਤੋਂ ਪਤੰਗੇ ਕਦੀ ਨਹੀਂ ਮੁੜਦੇ
ਛੇਇ ਕੁ ਭੁਜੰਗੀ ਜਥੇ ਵਿਚਕਾਰ ਜੀ. ਅਸਾਂ ਹੈ ਜਰੂਰ ਜਾਣਾ ਹੋਏ ਤਯਾਰ ਜੀ
ਉਮਰ ਹੈ ਬਾਲ ਪੰਦ੍ਹਾਂ ਦਸ ਸਾਲ ਜੀ,ਪੈਗਏ ਖਿਆਲ ਜਾਣਾ ਜੱਥੇ ਨਾਲ ਜੀ

[ਅਕਾਲ ਤਖਤ ਦੇ ਜਥੇਦਾਰ ਸਾਹਿਬ ਜੀ]

ਜਥੇਦਾਰ ਦੇਖ ਅਗੋਂ ਨੇ ਉਚਾਰਦੇ, ਜ਼ਾਲਮ ਬਹੈਮੀ ਨਾਲ ਬੁਰਾ ਮਾਰਦੇ
ਏਹ ਨੇ ਅਜਾਣ ਬਹੁਤ ਛੋਟੇ ਬਾਲ ਜੀ, ਕਦੀ ਵੀ ਨ ਜਾਣ ਇਹ ਜਥੇ ਨਾਲ ਜੀ
ਬਾਲ ਨੇ ਖੜੋਤੇ ਅੱਗੋਂ ਹਠ ਧਾਰਕੇ, ਰੋ ਪਏ ਨੇ ਓਸੇ ਵੇਲੇ ਭੁੱਬਾਂ ਮਾਰਕੇ
ਗੁਰਮਤਾ ਸੋਧਕੇ ਸੰਗਤ ਆਖਿਆ, ਬਾਲਕਾਂ ਦਾ ਹੱਠ ਐਵੇਂ ਅਭਿਲਾਖਿਆ
ਜੇਕਰ ਜ਼ਰੂਰ ਬਿਨਾ ਘੱਲੇ ਜਾਣਗੇ, ਪੰਥ ਦੇ ਨ ਘੱਲੇ ਹੋਇ ਮੰਨੇ ਜਾਣਗੇ
ਬਸ ਫੇਰ ਤਾਂ ਭੁਜੰਗੀ ਚੁੱਪ ਹੋ ਖੜੋ ਗਏ, ਪੰਥ ਦੇ ਗੁਲਾਮ ਆਗਜਾਕਾਰ ਹੋ ਗਏ
ਅਸਾਂ ਨੂੰ ਜ਼ਰੂਰ ਕੋਈ ਸੇਵਾ ਦੀਜੀਏ, ਪੰਥ ਕਿਹਾ ਫੱਟੜਾਂ ਦੀ ਸੇਵਾ ਕੀਜੀਏ
ਫਟੜਾਂ ਦੀ ਸੇਵਾ ਓ ਕਰਨ ਲੱਗੇ ਨੇ, ਧੰਨ ਗੁਰੂ ਸਿੱਖ ਹੁਣ ਹੋਏ ਅੱਗੇ ਨੇ

{ਪ੍ਰਾਚੀਨ ਇਤਹਾਸ ੨੪ ਮਾਘ ੧੭੭੨ ਬਿ: ਸੰਮਤ ਬੰਦੇ ਬਹਾਦਰ ਦੇ ਅਖੀਰਲੇ ਦਿਲੀ ਦੀ ਕਤਲਾਮ ਦੇ ਪ੍ਰਸੰਗ ਦੇ ਨਜ਼ਾਰੇ}

ਕਾਫੀ—ਚੜ੍ਹਿਆ ਬਹੁਤ ਸਖਤ ਇਹ ਸਾਲ, ਸੁਣ ਲੌ ਬੀਰ ਬੰਦੇ ਦਾ ਹਾਲ
ਹੋਈ ਬੁਰੀ ਸਿੰਘਾਂ ਦੇ ਨਾਲ, ਲਭ ਲਭ ਬਹੁਤ ਖਾਲਸਾ ਮਾਰਿਆ
ਸੌ ਸੌ ਦੋ ਦੋ ਸੌ ਅਕਾਲੀ, ਆਵੇ ਫੜਿਆ ਨਿਤ ਕੁਤਵਾਲੀ
ਹੋਵੇ ਚੜ੍ਹੀ ਮੁਖਾਂ ਤੇ ਲਾਲੀ, ਹੋਣੇ ਹੈਰਾਨ ਲੋਕ ਪਿਖ ਪਜ਼ਾਰਿਆ
ਓਸ ਵਕਤ ਦੀ ਬੜੀ ਪੁਰਾਣੀ, ਖਾਫੀ ਖਾਂ ਨੇ ਲਿਖੀ ਕਹਾਣੀ
ਅੱਖੀਂ ਡਿੱਠੀ ਤਾਂ ਸੱਚ ਜਾਣੀ, ਸਿੰਘਾਂ ਸੀਸ ਧਰਮ ਤੋਂ ਵਾਰਿਆ
ਮੰਨਿਆਂ ਕੋਈ ਨ ਓਦੋਂ ਜਵਾਨ, ਹੋਯਾ ਕੋਈ ਨ ਮੁਸਲਮਾਨ
ਭਾਵੇਂ ਵੱਡਾ ਸੀ ਇਮਤਿਹਾਨ, ਸਿੰਘਾਂ ਬਹੁਤਾ ਦੁਖ ਸਹਾਰਿਆ
ਏਨ੍ਹਾਂ ਸਿੰਘਾਂ ਦੇ ਹੀ ਨਾਲ, ਸੀਗਾ ਇਕ ਅਵਾਣਾ ਬਾਲ
ਦਾੜ੍ਹੀ ਮੁੱਛਦਾ ਫੁਟਦਾ ਵਾਲ, ਨਿੱਕਾ ਨਿੱਕਾ ਸੋਹਣਾ ਲਗਦਾ
ਇਸ ਦੀ ਬਹੁਤ ਬੁੱਢੀ ਸੀ ਮਾਈ, ਨੱਸੀ ਨੱਸੀ ਦੂਰੋਂ ਆਈ

ਆਕੇ ਪਾਈ ਹਾਲ ਦੁਹਾਈ, ਪਾਣੀ ਅੱਖਾਂ ਵਿਚੋਂ ਵੱਗਦਾ
ਸਿੰਘਾਂ ਵਿਚ ਪੁਤ੍ਰ ਹੈ ਮੇਰਾ, ਛੱਡਦੇ ਭਲਾ ਹੋਵੇਗਾ ਤੇਰਾ
ਵੱਸਦਾ ਰਹੇ ਹਮੇਸ਼ਾਂ ਡੇਰਾ, ਹੇ ਜਾਹ ਪਾਤਸ਼ਾਹ ਤੂੰ ਜੱਗਦਾ
ਇਸਨੇ ਮੈਂਹਦੀ ਅਜੇ ਨ ਲਾਹੀ, ਮੇਰੀ ਨੂੰਹ ਨਾਲ ਹੈ ਆਈ
ਜੇਹੜੀ ਇਸਨੇ ਹੁਣੇ ਵਿਆਹੀ, ਭਾਂਬੜ ਮੱਠਾ ਕਰਦੇ ਅੱਗ ਦਾ
ਬੁੱਢੀ ਭਿਆਨਕ ਹਾਲ ਦਿਖਾਯਾ, ਹੋਯਾ ਮੋਮ ਕਸਾਈ ਜਾਯਾ
ਦਿਲ ਵਿਚ ਤਰਸ ਬਹੁਤ ਹੈ ਆਯਾ, ਓਸੇ ਵੇਲੇ ਹੁਕਮ ਸੁਣਾਂਵਦਾ
ਛੱਡ ਦਿਓ ਇਸ ਬੁੱਢੀ ਦਾ ਬੱਚਾ, ਇਹ ਨ ਸਿੱਖ ਹੋਰ ਕੋਈ ਕੱਚਾ
ਦੇਖਿਆ ਹਾਲ ਸਾਰਾ ਮੈਂ ਸੱਚਾ, ਐਵੇਂ ਫੜਿਆ ਇਹ ਹੈ ਜਾਂਵਦਾ
ਓਧਰ ਆਈ ਪੁੱਤ੍ਰ ਦੀ ਵਾਰ, ਜ਼ਾਲਮ ਵੱਢਣ ਲਈ ਤਿਆਰ
ਧੂਹੀ ਲਹੂ ਭਰੀ ਤਲਵਾਰ, ਹੈਗਾ ਖੜਾ ਤਾਂ ਕਾਸਦ ਆਂਵਦਾ
ਲਿਖਿਆ ਆਕੇ ਝੱਟ ਦਿਖਾਯਾ, ਰੌਲਾ ਬਹੁਤ ਬੁੱਢੀ ਨੇ ਪਾਯਾ
ਮਰਦਾ ਹੋਯਾ ਪੁਤ੍ਰ ਬਚਾਯਾ, ਦੇਖੋ ਤਰਸ ਕਸਾਈ ਖਾਂਵਦਾ

[ਸ਼ਹੀਦ ਬੱਚੇ ਨੇ ਆਖਿਆ]

ਮੈਂ ਨਹੀਂ ਜਾਣਾ ਕਿਸਦੀ ਮਾਈ, ਅਤੇ ਕਿਸਦੀ ਵਹੁਟੀ ਵਿਆਹੀ
ਖਬਰੇ ਕਿੱਥੋਂ ਇਹ ਹੈ ਆਈ, ਅੱਗੋਂ ਪੁਤ ਸ਼ਹੀਦ ਸੁਣਾਂਵਦੇ
ਦੇਖੋ ਕੀ ਪਏ ਗੱਲਾਂ ਕਰਦੇ, ਮੇਰੇ ਸਾਥੀ ਤੁਰ ਗਏ ਘਰਦੇ
ਮੇਰੇ ਲਈ ਤੇਗ ਨਹੀਂ ਫੜਦੇ, ਜਾਂਦੇ ਐਵੇਂ ਸਮਾਂ ਗਵਾਂਵਦੇ
ਦੇਖੋ ਕਿਤਨੀ ਦੇਰ ਲਗਾਈ, ਮੈਨੂੰ ਹੋ ਗਈ ਹੈ ਦੁਖ ਦਾਈ
ਤੁਰ ਗਏ ਸਾਰੇ ਮੇਰੇ ਭਾਈ, ਮੈਨੂੰ ਕਿਉਂ ਨਹੀਂ ਮਾਰ ਮੁਕਾਂਵਦੇ
ਓੜਕ ਹਾਕਮ ਨੇ ਤਲਵਾਰ, ਮਾਰੀ ਦਿੱਤਾ ਸਿਰ ਉਤਾਰ
ਹੋ ਗਏ ਮੇਰੇ ਬੇੜੇ ਪਾਰ, ਗਏ ਸ਼ਹੀਦ ਗੀਤ ਲੈ ਗਾਂਵਦੇ

[ਤਸਵੀਰ ਤੇ ਕਵਿਰਾਜ ਬਿਲਾਸ]

ਸੋਧ ਕਰ ਅਰਦਾਸ ਤੇ ਟੇਕ ਮੱਥਾ ਘੰਟੇ ਘਰ ਅਕਾਲੀਏ ਆ ਬੈਠੇ
ਇਕ ਸੌ ਇੱਕ ਜਵਾਨ ਬਲਵਾਨ ਭਾਰੇ ਮਰਨ ਵਾਸਤੇ ਖੁਸ਼ੀਆਂ ਮਨਾ ਬੈਠੇ
ਪੰਥ ਵਾਸਤੇ ਮਰਨ ਨੂੰ ਤਿਆਰ ਹੋਏ ਜੋ ਕੁਝ ਖਾਂਵਣਾ ਜੱਗ ਤੋਂ ਖਾ ਬੈਠੇ

ਸਾਡੀ ਤੁਸੀ ਉਡੀਕ ਨ ਰੱਖਣੀ ਜੇ ਲਿਖ ਘਰਾਂ ਨੂੰ ਹਾਲ ਸੁਣਾ ਬੈਠੇ
ਪੱਕਾ ਕਰ ਦਸਮੇਸ ਦਾ ਲੜ ਫੜਿਆ ਕਿੱਸੇ ਜੱਗ ਜੰਜਾਲ ਚੁਕਾ ਬੈਠੇ
ਧਰਮ ਰਾਜ ਨੇ ਉਠਕੇ ਮਾਨ ਕਰਨਾ ਅਗਲੇ ਪਿਛਲੇ ਹਿਸਾਬ ਮੁਕਾ ਬੈਠੇ
ਫੋਟੋ ਵਾਲੇ ਨੇ ਫੋਟੋ ਹੈ ਖਿਚ ਲੀਤੀ ਸ਼ੇਰ ਕਿਆ ਨੇ ਦਿਲ ਵਧਾ ਬੈਠੇ
ਮੋਹ ਤੋੜਕੇ ਕੱਚੇ ਸਰਬੰਧੀਆਂ ਦਾ ਦਸਵੇਂ ਗੁਰੂ ਦੇ ਪੁੱਤ੍ਰ ਕਹਾ ਬੈਠੇ
ਜੇਹੜਾ ਅੰਤ ਨੂੰ ਸਾਗਰੋਂ ਪਾਰ ਕਰਦਾ ਗੁਰੂ ਨਾਨਕ ਦਾ ਨਾਮ ਧਿਆ ਬੈਠੇ
ਦੇਵੀ ਦੇਵ ਦੇ ਆਸਰੇ ਛੱਡ ਕਰਕੇ ਇਕ ਓਟ ਅਕਾਲ ਰਖਾ ਬੈਠੇ
ਗੁਰਦ੍ਵਾਰਿਆਂ ਵਾਸਤੇ ਅਸਾਂ ਮਰਨਾਂ ਜਥੇ ਵਿਚ ਨੇ ਨਾਮ ਲਖਾ ਬੈਠੇ
ਆਏ ਪੰਥ ਦੇ ਕੰਮ ਨ ਬਿਸ਼ਨ ਸਿੰਘਾ ਹੀਰਾ ਜਨਮ ਓਹ ਐਵੇਂ ਗਵਾ ਬੈਠੇ

[ਜਥੇ ਦੀ ਤਿਆਰੀ]

ਘੰਟੇ ਘਰ ਤੋਂ ਪਾਲੀਆਂ ਬੰਨ੍ਹ ਕਰਕੇ ਕਰਦੇ ਉੱਚੀ ਅਕਾਲ ਅਕਾਲ ਤੁਰ ਪਏ
ਲਾੜ੍ਹੇ ਮੌਤ ਨੂੰ ਅੱਜ ਵਿਆਹੁਣ ਚੱਲੇ ਜਾਂਵੀ ਕਈ ਹਜ਼ਾਰ ਨੇ ਨਾਲ ਤੁਰ ਪਏ
ਕਈ ਬ੍ਰਿਧ ਤੇ ਕਈ ਜਵਾਨ ਭਾਰੇ ਕਈ ਬਹੁਤ ਅਵਾਂਨੇ ਹੀ ਬਾਲ ਤੁਰ ਪਏ
ਜੰਗ ਜੁੱਟਿਆ ਦੇਵਤੇ ਰਾਕਸ਼ਾਂ ਦਾ ਸ਼ਾਂਤਮਈ ਦਸਮੇਸ਼ ਦੇ ਲਾਲ·ਤੁਰ ਪਏ

[ਬਜ਼ਾਰਾਂ ਵਿਚ ਤੁਰੇ ਜਾਂਦੇ ਅਕਾਲੀਆਂ ਨੂੰ ਵੇਖਕੇ ਲੋਕਾਂ ਦੀਆਂ ਗੱਲਾਂ]

ਚਾਰ ਚਾਰ ਕਤਾਰ ਵਿਚਕਾਰ ਹੋਕੇ ਲੈ ਬਜ਼ਾਰ ਦੇ ਵਿੱਚ ਬਲਕਾਰ ਚੱਲੇ
ਲੋਕ ਦੇਖਕੇ ਦੰਗ ਮਹਾਨ ਹੋਏ ਕਹਿੰਦੇ ਕੁੱਲਾਂ ਜਹਾਨ ਤੋਂ ਤਾਰ ਚੱਲੇ
ਵਾਹ ਅਕਾਲੀਏ ਠੀਕ ਅਕਾਲੀਏ ਨੇ ਧਰਮ ਵਾਸਤੇ ਸੀਸ ਨੂੰ ਵਾਰ ਚੱਲੇ
ਜੇਹੜੇ ਪੰਥ ਤੋਂ ਬੇਮੁਖ ਨੇ ਬਿਸ਼ਨ ਸਿੰਘਾ ਚਾੜ੍ਹ ਆਪਣੇ ਸਿਰ ਓ ਭਾਰ,ਚੱਲੇ

[ਅਕਾਲੀਆਂ ਦਾ ਬਜ਼ਾਰਾਂ ਵਿੱਚੋਂ ਲੰਘਣਾਂ]

ਸਿਰ ਜਾਵੇ ਤੇ ਸਿਦਕ ਨ ਜਾਵੇ ਮੇਰਾ ਏਹੋ ਸ਼ਬਦ ਉਚਾਰ ਉਚਾਰ ਲੰਘੇ
ਸਤਿਨਾਮ ਤੇ ਵਾਹਿਗੁਰੂ ਤਾਰਦਾ ਹੈ ਜਪੋ ਸੁੱਤਿਓ ਸਿਖ ਪੁਕਾਰ ਲੰਘੇ
ਪਜਾਰੇ ਪੁਤ ਇਹ ਗੁਰੂ ਗੋਬਿੰਦ ਸਿੰਘ ਦੇ ਸ਼ਬਦ ਪੜ੍ਹਦੇ ਨੇ ਸਾਰੇ ਬਜ਼ਾਰ ਲੰਘੇ
ਮਾਰ ਮੁੱਟਣਾਂ ਜ਼ਾਲਮਾਂ ਪਾਪੀਆਂ ਨੂੰ ਸ਼ਾਂਤਮਈ ਦੀ ਫੜ ਤਲਵਾਰ ਲੰਘੇ

{ ਜਥੇ ਨੇ ਛੀਨੇ ਵਾਲੇ ਪੁਲ ਤੇ ਪੁੱਜਣਾ ਤੇ ਅਸਿਸਟੈਂਟ ਸੁਪ੍ਰੰਟੈਂਡੰਟ ਦੀ ਡੰਡਾ ਪੁਲਸ, ਸ਼ੇਰ ਸਿੰਘ ਨੈਬਤਸੀਲਦਾਰ, ਮਿਸਟਰ ਮਰਸਰ ਡਿਪਟੀ ਇਨਸਪੈਕਟਰ ਜਨਰਲ ਪੁਲਸ ਨੇ ਜਥੇ ਨੂੰ ਰੋਕਣਾ }

ਕੋਰੜਾ

ਛੀਨੇ ਵਾਲੇ ਪੁਲ ਪੁੱਜਾ ਜਥਾ ਚੱਲਕੇ, ਡੰਡਾ ਹੈ ਪੁਲਸ ਬੇਠੀ ਰਾਹ ਮੱਲਕੇ
ਡਾਂਗਾਂ ਫੜ ਜਥੇ ਨੂੰ ਪੁਲਸ ਰੋਕਿਆ, ਜਾਵਣਾ ਨ ਅੱਗੇ ਹਟੋ ਪਿੱਛਾਂ ਟੋਕਿਆ
ਦੋਵੇਂ ਅੰਗ੍ਰੇਜ਼ ਸ਼ੇਰ ਸਿੰਘ ਬੋਲਿਆ, ਹਟਿਓ ਪਛਾੜੀ ਜਥਾ ਨਹੀਂ ਡੋਲਿਆ

[ਦੇਖਣ ਵਾਲੇ ਲੋਕ]

ਸ਼ਾਂਤਿਮਈ ਖਾਲਸੇ ਦੇ ਹੋਣਾ ਜੰਗ ਹੈ, ਲੋਕਾਂ ਨੂੰ ਵੀ ਆਣਕੇ ਚੜ੍ਹੀ ਉਮੰਗ ਹੈ
ਚਿੱਤ ਆਪਣੇ ਨੂੰ ਹੱਥ ਵਿੱਚ ਫੜਿਆ, ਸੀਸ ਵੱਢ ਕਰ ਤੱਲੀ ਉੱਤੇ ਧਰਿਆ
ਵੇਖਣਾ ਤਮਾਮ ਅੱਖੀਂ ਸਾਰਾ ਹਾਲ ਹੈ, ਦੋ ਸੌ ਲੋਕ ਲਗ ਭਗ ਆਯਾ ਨਾਲ ਹੈ
ਕੌਂਸਲ ਦੇ ਮੈਂਬਰ ਵੀ ਸਿੱਖ ਹੋਰ ਜੀ, ਦੇਖਣਾ ਹੈ ਅੱਜ ਧੱਕੇ ਸ਼ਾਹੀ ਜ਼ੋਰ ਜੀ
ਆਣਕੇ ਸੜਕ ਉੱਤੇ ਨੇ ਖਲੋ ਗਏ, ਕੱਠੇ ਪਿੰਡਾਂ ਵਾਲੇ ਵੀ ਅਨੇਕ ਹੋ ਗਏ
ਆਸ ਪਾਸ ਪਿੰਡਾਂ ਦੀਆਂ ਕਈ ਮਾਈਆਂ, ਕਰਕੇ ਜੋ ਹੌਂਸਲੇ ਨੇ ਓਥੇ ਆਈਆਂ
ਪਰੇ ਹੀ ਸੜਕ ਉੱਤੇ ਬੈਠ ਗਈਆਂ, ਦੂਰੋਂ ਏ ਨਜ਼ਾਰਾ ਸਾਰਾ ਵੇਖ ਰਹੀਆਂ
ਬੈਠੀਆਂ ਪੰਜਾਹ ਚਾਲੀ ਬੰਨ੍ਹ ਟੋਲੀਆਂ, ਚੁਪ ਕਰ ਮੁਖ ਤੋਂ ਨਾਂ ਕੁਝ ਬੋਲੀਆਂ
ਖੜੀ ਹੋਈ ਮੌਤ ਡਾਂਗਾ ਮੋਢੇ ਧਰਕੇ, ਆਯਾ ਹੋਯਾ ਜਮਰਾਜ ਝੋਟੇ ਚੜ੍ਹਕੇ
ਪੰਝੀ ਤੀਹ ਸਪਾਹੀ ਅੰਗ੍ਰੇਜ਼ ਹੋਰ ਨੇ, ਸ਼ੇਰ ਸਿੰਘ ਨੈਬ ਵੀ ਜਤੌਂਦੇ ਜ਼ੋਰ ਨੇ
ਖੜੀ ਹੈ ਪੁਲਸ ਅੱਗੋਂ ਕੰਧ ਬਣਕੇ, ਜਥਾ ਵੀ ਖੜੋਤਾ ਹੋਯਾ ਛਾਤੀ ਤਣਕੇ

{ ਕੌਂਸਲ ਦੇ ਸਿਖ ਮੈਂਬਰਾਂ ਸਮੇਤ ਕੈਪਟਨ ਗੋਪਾਲ ਸਿੰਘ ਭਾਗੋ ਵਾਲੀਏ ਨੇ ਜਥੇ ਪਾਸ ਬੇਨਤੀ ਕਰਨੀ }

ਕੌਂਸਲ ਦੇ ਮੈਂਬਰਾਂ ਨੂੰ ਲੈਕੇ ਨਾਲ ਜੀ, ਕੈਪਟਨ ਗੋਪਾਲ ਸਿੰਘ ਭਾਗੋ ਵਾਲ ਜੀ
ਆਣਕੇ ਖੜੋਤਾ ਅੱਗੇ ਜਥੇ ਕੋਲ ਜੀ, ਹਥ ਜੋੜ ਅਰਜ ਗੁਜ਼ਾਰੇ ਬੋਲ ਜੀ
ਖਾਲਸਾ ਜੀ ਪੈਰ ਨ ਅਗੇਰੇ ਧਰਨਾ, ਅਸਾਂ ਸਮਝੌਤਾ ਅੱਜ ਹੈ ਜੇ ਕਰਨਾ
ਜਾਓ ਤੁਸੀਂ ਮੁੜ ਅੱਜ ਸੁਧਾਸਰ ਨੂੰ, ਸਫਲ ਕਮਾਈ ਹੋਈ ਜਾਓ ਘਰ ਨੂੰ
ਪਰ ਏਸ ਬੇਨਤੀ ਨੂੰ ਕੌਣ ਮੰਨਦਾ, ਖਾਲਸਾ ਤਾਂ ਮੌਤ ਦੇ ਮੁੜਾਸੇ ਬੰਨ੍ਹਦਾ
ਹੁਕਮ ਕਮੇਟੀ ਬਿਨਾ ਕੈਸੇ ਮੁੜਦਾ, ਜਥਾ ਜੋ ਅਕਾਲੀਆਂ ਦਾ ਆਯਾ ਧੁਰਦਾ

ਜਥਾ ਤਾਂ ਖੜੋਤਾ ਹੋਯਾ ਛਾਤੀ ਤਾਣਕੇ, ਮਾਰ ਖਾਂ ਨਿਸੰਗ ਗੋਲੀ ਛੇਤੀ ਆਣਕੇ
ਜਥਾ ਸ਼ੇਰ ਵਾਂਗੂ ਪੈਰ ਅਗ੍ਹਾਂ ਧਰਦਾ, ਗਿੱਦੜਾਂ ਤੇ ਕੈਰਾਂ ਕੋਲੋਂ ਨਹੀਂ ਡਰਦਾ
ਵੇਖਣ ਏ ਵਾਲਾ ਸੀ ਨਜ਼ਾਰਾ ਪਯਾਰਿਆ,ਹੋ ਗਏ ਹੈਰਾਨ ਜਿਨ੍ਹਾ ਹੈ ਨਿਹਾਰਿਆ

[ਹੱਡਾਂ ਨਾਲ ਵੱਜ ਵੱਜ ਡਾਂਗਾ ਟੁੱਟੀਆਂ]

ਛਾਈ ਵਜੇ ਪੂਰੇ ਜਥਾ ਦਿਲ ਧਾਰਕੇ, ਵਧ ਪਿਆ ਅਗੇ ਵੱਲ ਹੱਲਾ ਮਾਰਕੇ
ਦੋ ਕੁ ਅੰਗ੍ਰੇਜ਼ ਤੇ ਸਪਾਹੀ ਧਾੜ ਨੇ, ਸ਼ੇਰ ਸਿੰਘ ਨੈਬ ਜੋ ਤਸੀਲਦਾਰ ਨੇ
ਮਸਾਂ ਮਸਾਂ ਜਥਾ ਜੋਰ ਨਾਲ ਰੋਕਿਆ,ਜਾਣਾ ਨ ਅਗਾੜੀ ਬੋਲੀ ਮਾਰ ਟੋਕਿਆ
ਮਾਰ ਤੇ ਕੁਟਾਈ ਸ਼ੁਰੂ ਆਣ ਹੋ ਗਈ, ਸਾਵਣਦੀ ਝੜੀ ਡਾਂਗ ਆਣ ਹੋ ਪਈ
ਖੜੇ ਹੋਣ ਵਾਲਿਆਂ ਨੂੰ ਬੁਰਾ ਮਾਰਦੇ, ਧੰਨ ਓਹੀ ਸਿੱਖ ਸੱਟਾਂ ਜੋ ਸਹਾਰਦੇ
ਮਾਰਦੇ ਨ ਓਨੂੰ ਜੇਹੜਾ ਬੈਠ ਜਾਂਵਦਾ, ਆਪੇ ਬੈਠ ਜਾਂਦਾ ਜਦੋਂ ਸੱਟਾਂ ਖਾਂਵਦਾ
ਸੰਗਤਾਂ ਨੇ ਛੱਲੀਆਂ ਦੇ ਵਾਂਗ ਕੁੱਟੀਆਂ,ਹੱਡਾਂ ਨਾਲ ਵੱਜ ਵੱਜ ਡਾਂਗਾ ਟੁੱਟੀਆਂ
ਇਕ ਦੋ ਸਪਾਹੀਆਂ ਦੇ ਸੋਟੇ ਟੁੱਟੇ ਨੇ, ਛੱਲੀਆਂ ਦੇ ਵਾਂਗ ਸਿੰਘ ਬੁਰੇ ਕੁੱਟੇ ਨੇ
ਬੁਰੀ ਮਾਰ ਪੈਣ ਲੱਗੀ ਜਦੋਂ ਆਇਕੇ,ਕੈਪਟਨ ਗੁਪਾਲ ਸਿੰਘ ਆਯਾ ਧਾਇਕੇ
ਮਾਰ ਤੋਂ ਬਚਾਵਾਂ ਦਿਲ ਵਿਚ ਆਂਵਦਾ,ਐਡਾ ਏ ਉਪੱਦਰ ਨ ਸਹਿਆ ਜਾਂਵਦਾ
ਡਿਪਟੀ ਪੁਲਸ ਦੇਖ ਖਾਧੀ ਕੋੜ ਹੈ, ਗੁੱਸਾ ਖਾਕੇ ਆਯਾ ਓ ਵੀ ਅੱਗੋਂ ਦੌੜ ਹੈ
ਪਿੱਛੇ ਹੈ ਹਟਾਯਾ ਸਰਦਾਰ ਪਯਾਰਿਆ, ਨੌਕਰ ਨੇ ਮਾਲਕ ਨੂੰ ਧਕਾ ਮਾਰਿਆ
ਮੀਂਹ ਵਾਂਗ ਖਾਲਸੇ ਤੇ ਡਾਂਗਾ ਛੁੱਟੀਆਂ,ਹੱਡਾਂ ਨਾਲ ਵੱਜ ਵੱਜ ਡਾਂਗਾ ਟੁੱਟੀਆਂ
ਚੰਦੂਮਾ ਰਤਨ ਸੀਗਾ ਥਾਣੇਦਾਰ ਜੋ,ਬੀਟੀ ਨਾਲੋਂ ਘੱਟ ਨਹੀਂ ਕਰਦਾ ਕਾਰ ਓ
ਹਰ ਸਿੰਘ ਵੱਲ ਘੂਰੀ ਵੱਟ ਤੱਕਦਾ, ਮਾਰਨੇ ਕਸਾਈ ਬੱਚਾ ਨਹੀਂ ਝੱਕਦਾ
ਮਾਰਨਾ ਸਪਾਹੀਆਂ ਨੂੰ ਆਪ ਦੱਸਦਾ, ਮਾਰਨ ਦੀ ਜਾਚ ਸਿਖੇ ਅੱਗੋਂ ਹੱਸਦਾ
ਆਪ ਹੱਥ ਨਾਲ ਲਾਠੀ ਮਾਰ ਮਾਰਕੇ,ਪੁਲਸ ਨੂੰ ਸਿਖੌਂਦਾ ਅਗੋਂ ਤਾੜ ਤਾੜਕੇ
ਜ਼ਾਲਮਾਂ ਨੇ ਜੜ੍ਹਾਂ ਹੱਥਾਂ ਨਾਲ ਪੁੱਟੀਆਂ,ਹੱਡਾਂ ਨਾਲ ਵੱਜ ਵੱਜ ਡਾਂਗਾ ਟੁੱਟੀਆਂ

[ਇਕ ਸਿਪਾਹੀ ਵੱਲੋਂ ਸਿਖ ਧਰਮ ਦੀ ਹਤਕ]

ਧਰਮ ਹੀਨ ਕਾਇਰ ਸਪਾਹੀ ਇਕ ਹੈ, ਮਾਰ ਮਾਰ ਖਾਲਸੇ ਨੂੰ ਕੀਤਾ ਵਿੱਕ ਹੈ
ਕਰਕੇ ਮਖੌਲ ਹੈ ਸਪਾਹੀ ਬੋਲਿਆ, ਹੱਤਕ ਦੇ ਹੋਣ ਤੋਂ ਨ ਰਤਾ ਡੋਲਿਆ
ਸਿਗਰਟ ਪੀਣ ਨੂੰ ਨੇ ਸਿੱਖ ਮੰਗਦੇ, ਦੇਖ ਲੌ ਜ਼ੁਲਮ ਤੋਂ ਨ ਰਤਾ ਸੰਗਦੇ

ਵੱਡੇ ਏ ਜ਼ੁਲਮ ਦੀਆਂ ਗੱਲਾਂ ਉਠੀਆਂ, ਹੱਡਾਂ ਨਾਲ ਵੱਜ ਵੱਜ ਡਾਂਗਾ ਟੁੱਟੀਆਂ
ਐਡੀ ਮਾਰ ਪਈ ਜਥਾ ਬੈਠ ਗਿਆ ਹੈ, ਡਾਂਗਾ ਸੋਟਿਆਂ ਦਾ ਮਾਨੋਂ ਮੀਂਹ ਪਿਆ ਹੈ
ਅੱਧੇ ਪੁਲਸ ਵਾਲੇ ਤਾਂ ਪਏ ਅਗਾੜੀਓਂ, ਅੱਧੇ ਨੇ ਕਤਾਰ ਦੇ ਪਏ ਪਛਾੜੀਓਂ
ਅੱਗੋਂ ਪਿਛੋਂ ਘੇਰਕੇ ਹੈ ਕੁੱਟ ਸੁੱਟਿਆ, ਹੋਯਾ ਨ ਬਿਹੋਸ਼ ਓਨਾਂ ਚਿਰ ਕੁੱਟਿਆ
ਅੱਗੇ ਨਾਲੋਂ ਅੱਜ ਵੱਡੀ ਡਾਢੀ ਮਾਰ ਸੀ, ਸਖਤ ਦਿਲ ਵਾਲਾ ਨ ਸੱਕੇ ਸਹਾਰ ਸੀ
ਲਹੂ ਦੀਆਂ ਧਾਰਾਂ ਨੇ ਸਰੀਰੋਂ ਫੁੱਟੀਆਂ, ਹੱਡਾਂ ਨਾਲ ਵੱਜ ਵੱਜ ਡਾਂਗਾ ਟੁੱਟੀਆਂ

ਕਬਿੱਤ

ਗਿੱਟਿਆ ਤੇ ਗੋਡਿਆਂ ਤੇ ਹੇਠਲਿਆਂ ਹਿੱਸਿਆਂ ਤੇ ਡਾਂਗਾ ਜੋਰ ਜੋਰ ਨਾਲ ਮਾਰੀਆਂ ਸੀ ਜਾਂਦੀਆਂ
ਨਾ ਸਿਰਫ ਏਥੇ ਡਾਗਾਂ ਹੋਰਥੇ ਵੀ ਬਹੁਤ ਪਈਆਂ ਸੱਗੋਂ ਉਪਰ ਹਿੱਸੇ ਤੇ ਉਭਾਰ ਡਾਗਾਂ ਆਂਦੀਆਂ
ਨੱਕ ਦੀ ਤੇ ਗੁੱਟਦੀ ਹੈ ਟੁੱਟੀ ਹੱਡੀ ਇੱਕ ਦੀ ਹੈ ਸੰਗਤਾਂ ਪਰੇਮ ਨਾਲ ਡਾਂਗਾ ਹੈਣ ਖਾਂਦੀਆਂ
ਕਈਆਂ ਨੂੰ ਮਹਾਨ ਸੱਟਾਂ ਵੱਜੀਆਂ ਨੇ ਮੂੰਹ ਉਤੇ ਸੰਗਤਾਂ ਪਿਆਰ ਨਾਲ ਸਤਨਾਮ ਗਾਂਦੀਆਂ

--o--

ਹੇਠਲਿਆਂ ਹਿੱਸਿਆਂ ਤੇ ਗੁਪਤ ਅਨੇਕ ਥਾਵਾਂ ਨਲਾਂ ਉਤੇ ਹੁੱਝਾਂ ਨਾਲ ਕੁੰਦਿਆਂ ਦੇ ਮਾਰੀਆਂ
ਸਾਰੇ ਪਿੰਡਾਂ ਵਾਲਿਆਂ ਨੇ ਗੱਲਾਂ ਜੋਸ਼ ਵਾਲੀਆਂ ਏ ਵੇਖੀਆਂ ਨ. ਕਦੀ ਵਿਚ ਉਮਰਾਂ ਨੇ ਸਾਰੀਆਂ
ਫੇਰਵੀ ਨ ਜੋਸ਼ ਆਏ, ਕੁੱਟ ਕੁੱਟ ਭਰੀਆਂ ਹੋਈਆਂ ਸ਼ਾਂਤਿਮਈ ਵਾਲੀਆਂ ਜੋ ਸ਼ਕਤੀਆਂ ਸੀ ਭਾਰੀਆਂ
ਸਾਰੇ ਸਿੰਘਾਂ ਵਿਚੋਂ ਕਿਸੇ ਇੱਕ ਨੇ ਵੀ ਪਰਤਕਰ ਭੈੜਾ ਬੋਲ ਬੋਲ ਅੱਗੋਂ ਗਾਲ੍ਹਾਂ ਨ ਉਚਾਰੀਆਂ

--o--

ਤੱਕਿਆ ਨ ਕਿਸੇ ਵੱਲ ਕਰਕੇ ਖਿਆਲ ਮਾੜਾ ਸੱਟਾਂ ਦੁਸ਼ਮਣ ਦੀਆਂ ਸਿਰਤੇ ਸਹਾਰੀਆਂ
ਹੁੰਦਿਆਂ ਕ੍ਰਿਪਾਨਾਂ ਦਿਆਂ ਅਪਣੀ ਮਿਆਨ ਵਿਚ ਹੋਰਵੀ ਅਨੇਕ ਮੀਆਂ ਕੀਤੀਆਂ ਤਿਆਰੀਆਂ
ਹੱਲਾ ਕਰਨ ਵਾਲਿਆਂ ਤੋਂ ਖਾਲਸੇ ਦੇ ਵਿਚਆਕੇ ਕਈ ਹਿੱਸੇ ਜ਼ਜਾਦਾ ਸੀਆਂ ਤਾਕਤਾਂ ਹੋ ਭਾਰੀਆਂ
ਤੋੜ ਕਿਰਪਾਨਾਂ ਲਈਆਂ ਪੱਈਆਂ ਹੀ ਮਿਆਨ ਵਿਚ ਸ਼ਾਂਤਿਮਈ ਵਿਚ ਰੱਹੀਆਂ ਸੰਗਤਾਂ ਪਿਆਰੀਆਂ

[ਮਿਸਟਰ ਮਰਸਰ ਨੇ ਆਖਿਆ ਫਟੜਾਂ ਨੂੰ ਮਲਮ ਪੱਟੀ ਸੜਕ ਤੋਂ ਪਰੇ ਹੋਕੇ ਕਰੋ]

ਜ਼ਾਲਮਾਂ ਦੀ ਮਾਰ ਨਾਲ ਗੁਰੂ ਕੇ ਅਕਾਲੀ ਸਾਰੇ ਜੱਦੋ ਡਾਢੇ ਆਣਕੇ ਬਿਹੋਸ਼ ਹੋਏ ਜਾਂਵਦੇ
ਮਲਮ ਤੇ ਪੱਟੀ ਲਈ ਏ ਛੇਤੀ ਛੇਤੀ ਕਰ ਏਥੇ ਡਾਕਟਰ ਸਵਾਦਾਰ ਦੌੜ ਅੱਗੇ ਆਂਵਦੇ
ਚੁੱਕ ਲਵੋ ਸੜਕ ਤੋਂ ਪਰੇ ਸਭ ਫਟੜਾਂ ਨੂੰ ਮਿਸਟਰ ਮਰਸਰ ਗੁੱਸੇ ਹੋ ਸੁਣਾਂਵਦੇ
ਸੱਪਾਂ ਨੂੰ ਪਿਆਲਿਆ ਕਿਉਂ ਦੁਧ ਤੁਸਾਂ ਖਾਲਸਾ ਜੀ ਸਤ ਸਾਲੀ ਦੋਸਤੀ ਤੇ ਤਰਸ ਨਹੀਂ ਜੋ ਖਾਂਵਦੇ

ਡਾਕਟਰ ਖਾਨ ਚੰਦ ਜੀ ਦੀ ਬੇਨਤੀ

ਨਿੰਮ੍ਰਤਾ ਦੇ ਨਾਲ ਅੰਗ੍ਰੇਜ਼ ਅੱਗੇ ਘੜੀ ਘੜੀ ਅਰਜ ਗੁਜ਼ਾਰੇ ਡਾਕਟਰ ਚੰਦ ਖਾਨ ਹੈ
ਲਾਰੀਆਂ ਤੇ ਫਟੜਾਂ ਨੂੰ ਪਾਣ ਵਾਲੇ ਕਪੜੇ ਜੋ ਸਾਡੇ ਪਾਸ ਐਸ ਵੇਲੇ ਬਹੁਤ ਨ ਸਮਾਨ ਹੈ
ਫਟੜਾਂ ਨੂੰ ਲੱਦਕੇ ਲੈ ਜਾਣ ਲਈ ਦੇਰ ਲੱਗੇ ਥੋੜੀ ਜਹੀ ਦੇਰ ਹੋਵੇ ਬਹੁਤ ਨੁਕਸਾਨ ਹੈ
ਫਟੜ ਸਖਤ ਸਾਨੂੰ ਸਾਂਭ ਲੈਣ ਦਿਓ ਏਥੇ ਜਾਣ ਨ ਨਿਕਲ ਏਥੇ ਕਿਸੇ ਦੇ ਪਰਾਨ ਹੈ

--o--

ਆਖਿਆ ਬਥੇਰਾ ਭਾਵੇਂ ਐਪਰ ਅਮੋੜ ਅੱਗੋਂ ਐਸੀ ਜਿਦ ਬੰਨ੍ਹੀ ਇਕ ਬੇਨਤੀ ਨ ਮੰਨੀ ਹੈ
ਝੰਨਿਆਂ ਤੇ ਛਪੜਾਂ ਤੇ ਸੁੱਟਿਆ ਘਸੀਟਿਆ ਹੈ ਓਥੇ ਡਾਕਟਰਾਂ ਮਸਾਂ ਪੱਟੀ ਆਣ ਬੰਨ੍ਹੀ ਹੈ
ਜਿੰਨੀ ਹੋਸ਼ ਆਈ ਕੀਤੀ ਅੱਗੇ ਵੱਲ ਧਾਈ ਉਠ ਆਣਕੇ ਸਪਾਹੀ ਫੇਰ ਓਦੀ ਧੌਣ ਭੰਨੀ ਹੈ
ਭਾਵੇਂ ਕਈ ਅੱਜੇ ਚੰਗੀ ਤਰਾਂ ਵੀ ਨ ਉਠ ਸੱਕੇ ਓਨਾਂ ਨੂੰ ਬਿਹੋਸ਼ ਕੀਤਾ ਮਾਰ ਪਈ ਅੰਨੀ ਹੈ

—o—

[ਥਾਣੇਦਾਰ ਦਾ ਜ਼ੁਲਮ ਤੇ ਸਪਾਹੀਆਂ ਦੇ ਠੱਠੇ]
"ਮਾਰਦਾ ਕਸਾਈ ਨਾਲੇ ਗਾਲ੍ਹਾਂ ਕੱਢਦਾ"

ਥਾਣੇਦਾਰ ਹੋਰਾਂ ਨੇ ਵੀ ਦਿਲ ਖੋਲਿਆ, ਸੱਦਕੇ ਸਪਾਹੀਆਂ ਨੂੰ ਇਉਂ ਬੋਲਿਆ
ਜੇਹੜਾ ਉੱਠੇ ਓਸੇ ਤਾਈਂ ਠੋਕ ਦੇਵੋਂ ਖਾਂ, ਅੱਗੇ ਜਾਣ ਵੱਲੋਂ ਤੁਸੀਂ ਰੋਕ ਦੇਵੋ ਖਾਂ
ਪਿੱਛੇ ਹਟ ਆਖਣ ਦੀ ਲੋੜ ਕੋਈ ਨਾ, ਮਾਰ ਖਾਕੇ ਅੱਗੇ ਦੌੜੇ ਹੋਰ ਕੋਈ ਨਾ
ਜ਼ਾਲਮ ਸਪਾਹੀ ਰਤਾ ਨਹੀਂ ਡਰਦੇ, ਬੈਠੇ ਹੋਇ ਸਿੰਘਾਂ ਨੂੰ ਮਖੌਲ ਕਰਦੇ
ਆਖਦੇ ਨੇ ਸਿੱਖੋ ਪਿੱਛੇ ਹਟ ਜਾਓ ਖਾਂ, ਜਾਂ ਤਾਂ ਅੱਗੇ ਵਧਕੇ ਮਦਾਨ ਆਓ ਖਾਂ
ਜ਼ਾਲਮ ਜ਼ੁਲਮ ਅੱਜੇ ਨਹੀਂ ਛਡਦਾ, ਮਾਰਦਾ ਕਸਾਈ ਨਾਲੇ ਗਾਲ੍ਹਾਂ ਕੱਢਦਾ
ਫੇਰ ਹੋਰ ਇਕ ਆ ਸਪਾਹੀ ਬੋਲਿਆ, ਬੋਲਿਆ ਓ ਮੁਖ ਵਿਚੋਂ ਮੌਰਾ ਘੋਲਿਆ
ਸਿੱਖੋ ਓ ਮੁਰੱਬੇ ਲੈਣ ਅੱਗੇ ਜਾਂਦੇ ਹੋ, ਗਿੱਦੜਾਂ ਦੇ ਵਾਂਗ ਐਵੇਂ ਮਾਰ ਖਾਂਦੇ ਹੋ
ਕੁੱਤਾ ਹਲਕਾਯਾ ਆਣ ਦੰਦੀ ਵੱਢਦਾ, ਮਾਰਦਾ ਕਸਾਈ ਨਾਲੇ ਗਾਲ੍ਹਾਂ ਕੱਢਦਾ
ਇੱਕ ਸਿੰਘ ਆਖਦਾ ਹੈ ਸੁਣੋ ਪਜਾਰਿਓ, ਹੋਰ ਸੇਵਾ ਕਰੋ ਜ਼ੋਰ ਨਾਲ ਮਾਰਿਓ
ਸੁਣਕੇ ਸਪਾਹੀ ਨਾਹੀਂ ਘੱਟ ਕੀਤੀਆਂ, ਓਹੋ ਸਿੰਘ ਜਾਣੇ ਜਿਦੇ ਸਿਰ ਬੀਤੀਆਂ
ਮਾਰ ਮਾਰ ਓਨੂੰ ਬੁਰੀ ਤਰਾਂ ਕੁੱਟਿਆ, ਮਾਰਕੇ ਪਰੇਡੇ ਸਿੰਘ ਤਾਈਂ ਸੁੱਟਿਆ
ਕੁੱਤੇ ਨੂੰ ਸਵਾਦ ਪਿਆ ਆਣ ਹੱਡਦਾ, ਮਾਰਦਾ ਕਸਾਈ ਨਾਲੇ ਗਾਲ੍ਹਾਂ ਕੱਢਦਾ

[ਸੱਠ ਸਾਲ ਦੇ ਬੁੱਢੇ ਬਾਬੇ ਦੀ ਬਹਾਦਰੀ]

ਇੱਕ ਬ੍ਰਿਧ ਬਾਬਾ ਸੀਗਾ ਸੱਠ ਸਾਲ ਜੀ, ਕੀਤੀ ਜੋ ਬਹਾਦਰੀ ਸੁਣੋ ਹਵਾਲ ਜੀ
ਫੜਕੇ ਸਪਾਹੀ ਖਿੱਚ ਪਿੱਛੇ ਲੈ ਗਿਆ, ਬਾਬਾ ਜੀ ਛੁਡਾਕੇ ਬਾਹਾਂ ਅਗੇ ਆਗਿਆ
ਬਾਬੇ ਦੀ ਸਪਾਹੀ ਕੋਲੋਂ ਬਾਂਹ ਛੁੱਟੀਆ, ਓਸੇ ਵੇਲੇ ਬਾਂਹ ਮੰਦੀ ਹੱਡੀ ਟੁੱਟੀ ਆ
ਜ਼ਾਲਮ ਜਹਾਨ ਵਿਚ ਸੂਲਾਂ ਗੱਡਦਾ, ਮਾਰਦਾ ਕਸਾਈ ਨਾਲੇ ਗਾਲ੍ਹਾਂ ਕੱਢਦਾ

{ਜਿੰਨੀ ਵਾਰੀ ਸਿੰਘ ਉਠਕੇ ਅੱਗੇ ਜਾਣ ਨੂੰ ਹੱਲੇ ਕਰਦੇ ਰਹੇ ਓਨੀ ਵਾਰੀ ਮਾਰ ਮਾਰਕੇ ਬਿਹੋਸ਼ ਕੀਤੇ ਜਾਂਦੇ ਰਹੇ}

ਸਾਰੇ ਸਿੰਘ ਕਈ ਵਾਰ ਰਹੇ ਉੱਠਦੇ, ਹੱਲੇ ਕਰ ਕਰ ਜਾਂਦੇ ਰਹੇ ਛੁੱਟਦੇ

ਓਨੀ ਵਾਰਾਂ ਆਣਕੇ ਕਸਾਈ ਕੁੱਟਦੇ, ਮਾਰਦੇ ਰਹੇ ਨੇ ਮਾਰ ਪਰੇ ਸੁੱਟਦੇ
ਪੀੜ ਨਾਲ ਸਿੰਘ ਭਾਵੇਂ ਬੇ ਅਰਾਮ ਜੀ, ਵਾਹਿਗੁਰੂ ਸਤਿਨਾਮ ਸਤਿਨਾਮ ਜੀ
ਵਾਹਿਗੁਰੂ ਤੇਰਾ ਭਾਣਾ ਮਿੱਠਾ ਲਗਦਾ, ਭਾਵੇ ਹੈ ਸਰੀਰ ਵਿਚੋਂ ਲਹੂ ਵਗਦਾ
ਪਾਪੀ ਨੂੰ ਖਿਆਲ ਨ ਪਹਾੜ ਖੱਡਦਾ, ਮਾਰਦਾ ਕਸਾਈ ਨਾਲੇ ਗਾਲਾਂ ਕੱਢਦਾ
ਇਕ ਸਿੰਘ ਆਖਦਾ ਬੁਰਾ ਲਾਚਾਰ ਹੋ, ਜਾਂਲਮਾ ਕਸਾਈਆ ਛੇਤੀ ਗੋਲੀ ਮਾਰ ਹੋ
ਜਾਵਾਂ ਗੁਰਾਂ ਪਾਸ ਹੋਵਾਂ ਛੇਤੀ ਪਾਰ ਹੋ, ਸੱਟਾਂ ਨਾਲੋਂ ਗੋਲੀ ਮੈਨੂੰ ਸੌਖੀ ਕਾਰ ਹੋ
ਐਤਕੀ ਸਖਤ ਸੱਟਾਂ ਬਹੁਤ ਲੱਗੀਆਂ, ਟੁੱਟੀਆਂ ਨੇ ਹੱਡੀਆ ਤੇ ਧਾਰਾਂ ਵੱਗੀਆਂ
ਪਾਪ ਤਾਈਂ ਭੁੱਖਾ ਪਾਪੀ ਮੂੰਹ ਅੱਡਦਾ, ਮਾਰਦਾ ਕਸਾਈ ਨਾਲੇਂ ਗਾਲਾਂ ਕੱਢਦਾ
ਕਸਰਾਂ ਨ ਪਾਪੀਆਂ ਨੇ ਹੁਣ ਛੱਡੀਆਂ, ਮਾਰ ਮਾਰ ਸੋਟੇ ਤੋੜੀਆਂ ਨੇ ਹੱਡੀਆਂ
ਇਕ ਸਿੰਘ ਸੰਦੀ ਨੱਕ ਹੱਡੀ ਟੁੱਟੀਆ, ਇੱਕ ਸਿੰਘ ਸੰਦੀ ਬਾਂਹ ਹੱਡੀ ਫੁੱਟੀ ਆ
ਹੱਦੋਂ ਬਾਹਰ ਪਾਪ ਆਣਕੇ ਗੁਜ਼ਾਰਿਆ, ਮੋਇਆਂ ਹੋਇਆਂ ਤਾਈਂ ਫੇਰ ਮੁੜ ਮਾਰਿਆ

[ਬਿਹੋਸ਼ ਪਿਆਂ ਅਕਾਲੀਆਂ ਨੇ ਹੋਸ਼ ਵਿਚ ਆਕੇ ਬਾਜਾਂ ਵਾਲੇ ਪਾਸ ਬੇਨਤੀ ਕਰਨੀ]

[ਧਾਰਨਾ—ਕਲਗੀ ਵਾਲੇ ਸਾਹਿਬਾ ਕੇਰਾਂ ਫੇਰਾ ਤਾਂ ਮਾਰ]

ਗੁਰੂ ਜੀ ਦੇਖ ਮੁਰੀਦਾਂ ਦਾ ਹਾਲ, ਹੋਈ ਬੁਰੀ ਸਾਡੇ ਨਾਲ, ਪਈ ਡੰਡਿਆਂ ਦੀ ਮਾਰ
ਵਾਂਗ ਛੱਲੀਆਂ ਦੇ ਕੁੱਟਿਆ, ਵਿਚ ਛਪੜਾਂ ਦੇ ਸੁੱਟਿਆ, ਹੋਇ ਪਏ ਹਾਂ ਲਾਚਾਰ
ਪਿੰਜਿਆ ਰੂੰ ਦੇ ਵਾਂਗ, ਮਾਰੀ ਸੰਮਾਂ ਵਾਲੀ ਡਾਂਗ, ਕੀਤਾ ਜੁਲਮ ਅਪਾਰ
ਹੁੱਝਾਂ ਕੁੰਦਿਆਂ ਦੇ ਨਾਲ, ਮਾਰੀਆਂ ਹੋਯਾ ਮੈਂ ਬਿਹਾਲ, ਸੁਣ ਲੌ ਮੇਰੀ ਓ ਪੁਕਾਰ
ਉਤੇ ਘੋੜੇ ਦੁੜਾਏ, ਸਿੰਘ ਮਾਰ ਲੰਮੇ ਪਾਏ, ਦੇਖੀਂ ਭੈੜੀਏ ਚਾਹ
ਸਵਾ ਲੱਖ ਦੇ ਨਾਲ, ਜਿਸਨੇ ਇਕ ਲੜਾਯਾ ਦਿਖਾਲ, ਕਿੱਥੇ ਦਸਵਾਂ ਅਵਤਾਰ
ਬਾਜ ਤਾਂ ਆਯਾ, ਤੁਸਾਂ ਦਰਸ ਨ ਦਿਖਾਯਾ, ਹੁਣ ਤੇਰੀ ਇੰਤਜ਼ਾਰ
ਰਸਦਾਂ ਰੋਕੀਆਂ ਗਈਆਂ, ਮਾਰਾਂ ਬਹੁਤ ਆਣ ਪਈਆਂ, ਲਵੀਂ ਆਣ ਕੇ ਤੂੰ ਸਾਰ
ਪਿੰਡਾਂ ਵਿਚ ਗਰੀਬ ਵਿਚਾਰੇ, ਫੜ ਫੜ ਜ਼ਾਲਮਾਂ ਨੇ ਮਾਰੇ, ਦਿਤੇ ਖੂੰਨ ਨੇ ਗੁਜ਼ਾਰ
ਸਿੰਘ ਰੁੜੇ ਦਰਿਆ, ਥੱਲੋਂ ਥੱਲੇ ਲਏ ਲਾਹ, ਦਿੱਤੇ ਜੇਲ੍ਹਾਂ ਵਿਚ ਡਾਰ
ਦਾਹੜੀਆਂ ਪੁਟੀਆਂ, ਦੇਹਾਂ ਕੰਡਿਆਂ ਤੇ ਸੁੱਟੀਆਂ, ਕੀਤੇ ਜ਼ੁਲਮ ਹਜ਼ਾਰ

ਕੋਰੜਾ

ਤਨ ਮਨ ਧਨ ਪਰਵਾਰ ਵਾਰਿਆ, ਸਾਰੇ ਹੀ ਬਿਹੋਸ਼ ਸਿੰਘ ਹੋਏ ਪਜਾਰਿਆ
ਸੇਵਾਦਾਰਾਂ ਡਾਕਟਰਾਂ ਫੜ ਕਰਕੇ, ਮੰਜਿਆਂ ਤੇ ਫਟਿਆਂ ਤੇ ਧਰ ਕਰਕੇ

ਚਾਰ ਚਾਰ ਸੇਵਾਦਾਰ ਸੱਦ ਕਰਕੇ, ਮੋਟਰਾਂ ਤੇ ਲਾਰੀਆਂ ਤੇ ਲੱਦ ਕਰਕੇ
ਫਟੜ ਲਿਆਂਦੇ ਸਾਰੇ ਬਾਗ ਵਿਚ ਨੇ, ਜ਼ਖਮਾਂ ਤੇ ਪੀੜ ਨਾਲ ਬੁਰੇ ਜਿੱਚਨੇ
ਸੁੱਜਿਆ ਸਰੀਰ ਨਾਲੇ ਲਹੂ ਵੱਗਦਾ, ਹੱਛਾ ਵਾਹਿਗੁਰੂ ਭਾਣਾ ਮਿੱਠਾ ਲੱਗਦਾ

ਹੇਠ ਲਿਖੀ ਕਵਿਤਾ ਭਾਈ ਸੂਰਤ ਸਿੰਘ ਜੀ ਵਿਯੋਗੀ ਭੌਰ ਖਾਲਸਾ ਕਾਲਜ ਦਸਵੀਂ ਜਮਾਤ ਦੇ ਪ੍ਰਸਿੱਧ ਕਵੀਸ਼ਰ ਪਿੰਡ ਭੜਾਣਾ ਚੱਕ ਨੰ: ੪੫ ਜ਼ਿਲਾ ਲਾਹੌਰ ਦੀ ਹੈ

ਸ਼ੁਕ੍ਰਵਾਰ ੮ ਸਤੰਬਰ ੧੯੨੨ ਨੂੰ ਗੜਗੱਜ ਜਥੇ ਦੀ ਦੂਜੀ ਵਾਰੀ

ਦੋਹਰਾ–ਜਬ ਲਗ ਧੜ ਤੇ ਸੀਸ ਹੈ ਤਬ ਲਗ ਰਹਿਸੀ ਆਨ
ਆਨ ਰਹੇ ਸੰਗ ਪ੍ਰਾਣ ਕੇ 'ਭੌਰ' ਖਾਲਸੇ ਜਾਨ

ਬੈਂਤ

ਦੂਜੀ ਵਾਰ ਇਹ ਜਥਾ ਤਿਆਰ ਹੋਇਆ ਪੌਂਦਾ ਰਹੇ ਗੜਗੱਜ ਗੜਗੱਜ ਸਾਰੇ
ਜਥੇਦਾਰ ਬਾਂਕੇ ਚੋਹਲੇ ਸਾਹਿਬ ਵਾਲੇ ਸੁੰਦਰ ਸਿੰਘ ਜੀ ਨਾਮ ਗਿਆ ਵੱਜ ਸਾਰੇ
ਦੂਜੇ ਸੋਭਦੇ ਨਾਲ ਪ੍ਰਤਾਪ ਸਿੰਘ ਜੀ ਲੋਕ ਦੀਦ ਪੌਂਦੇ ਰੱਜ ਰੱਜ ਸਾਰੇ
ਕਿਵੇਂ ਤਖਤ ਅਕਾਲ ਤੋਂ ਤੁਰੇ 'ਭੌਰੇ' ਕੁੱਟ ਖਾਣ ਕੀਕਰ ਭੱਜ ਭੱਜ ਸਾਰੇ

[ਜਥੇ ਨੇ ਸ਼੍ਰੋ: ਗੁ: ਪ੍ਰ: ਕਮੇਟੀ ਤੋਂ ਆਗਿਆ ਲੈਣੀ]

ਜਥੇ ਕਿਹਾ ਕਮੇਟੀ ਨੂੰ ਗੱਜ ਕਰਕੇ ਦੂਜੀ ਵਾਰ ਸਾਨੂੰ ਬਾਗ਼ ਜਾਣ ਦੇਵੋ
ਹੰਟਰ ਚਮੜੇ ਦੇ ਦੇਸ ਸਰੀਰ ਉਤੇ ਰੱਜ ਰੱਜ ਕਰਕੇ ਸਾਨੂੰ ਖਾਣ ਦੇਵੋ
ਸਾਡੇ ਜਿਸਮ ਦੇ ਪੈਂਤੜੇ ਬੰਨ੍ਹ ਕਰਕੇ ਉਤੇ ਜ਼ਾਲਮ ਨੂੰ ਘੋੜੇ ਭਜਾਣ ਦੇਵੋ
ਓਹਦੀ ਤੋਪ ਮਸ਼ੀਨ ਬੰਦੂਕ ਅੱਗੇ ਦੂਜੀ ਵਾਰ ਛਾਤੀ ਸਾਨੂੰ ਡਾਹਣ ਦੇਵੋ
ਜ਼ਾਲਮ ਖੁਸ਼ੀ ਹੋਵੇ ਸਾਨੂੰ ਮਾਰ ਜੇਕਰ ਗੱਜ ਵੱਜ ਸ਼ਹੀਦੀਆਂ ਪਾਣ ਦੇਵੋ
ਸਾਡੀ ਗੁਰੂ ਦੁਆਰਿਆਂ ਦੀ ਖਾਤਰ ਜਿੰਦ ਲਗ ਦੀ ਤੇ ਲਗ ਜਾਣ ਦੇਵੋ
ਖਾਤਰ ਤੇਗ ਬਹਾਦਰ ਤੇ ਗੁਰੂ ਅਰਜਨ ਵਿਚ ਕਾਲਜੇ ਦੇ ਵੱਜਣ ਬਾਣ ਦੇਵੋ
ਸਿਹਰੇ ਖੁਸ਼ੀ ਹੋਕੇ ਬੰਨ੍ਹੋਂ ਅਜ ਸਿਰ ਤੇ 'ਭੌਰ' ਰਾਗ ਸ਼ਹੀਦੀ ਦੇ ਗਾਣ ਦੇਵੋ

[ਆਗਿਆ ਮਿਲਣ ਤੇ ਜਥੇ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਅਰਦਾਸਾ ਸੋਧਣਾ]

ਬੈਂਤ

ਮਿਲ ਗਈ ਆਗਜਾ ਗੁਰੂ ਦੁਲਾਰਿਆਂ ਨੂੰ ਸਾਰੇ ਹੋਂਵਦੇ ਤਿਆਰ ਬਰਤਿਆਰ ਲੋਕੇ

ਅਕਾਲ ਤਖਤ ਜੀ ਲਗਾ ਦੀਵਾਨ ਆਕੇ ਗੱਜੇ ਸੂਰਮੇਂ ਜੇ ਦੂਜੀ ਵਾਰ ਲੋਕੋ
ਸੇਹਰੇ ਬੰਨ੍ਹ ਦਿਤੇ ਸਿਰ ਤੇ ਜਾਂਵੀਆਂ ਦੇ ਲਾੜ੍ਹਾ ਜਾਣ ਲੈਣਾ ਜਥੇਦਾਰ ਲੋਕੋ
ਬਾਂਕੇ ਮੌਤ ਨੂੰ ਅਜ ਵਿਔਹਣ ਚਲੇ ਵੇਖਣ ਔਣ ਸਭੇ ਨਰ ਨਾਰ ਲੋਕੋ
ਸ਼ਾਂਤੀ ਮਲੇ ਵਟਣੇ ਪਰੀਆਂ ਗੌਣ ਪਿਛੇ ਘੋੜੇ ਸਬਰ ਤੇ ਹੋਇ ਅਸਵਾਰ ਲੋਕੋ
ਰੰਗ ਲਾਲ ਸ਼ਹੀਦੀ ਦੇ ਮੁਖੜੇ ਤੇ 'ਭੌਰ' ਖਾਣ ਚਲੇ ਸਾਰੇ ਮਾਰ ਲੋਕੋ

[ਜਥੇ ਦਾ ਘੰਟਾ ਘਰ ਫੋਟੋ ਲੈਣਾ]

ਫੋਟੋ ਖਿਚਿਆ ਬੀਰ ਬਹਾਦਰਾਂ ਦਾ ਘੰਟਾ ਘਰ ਦੇ ਪਾਸ ਬਹਾਲ ਭਾਈ
ਟਪਕੇ ਨੂਰ ਸੋਹਣਾ ਹਰ ਇਕ ਮੁਖੜੇ ਤੋਂ ਇਕ ਇਕ ਤੋਂ ਵਧ ਖੁਸ਼ਹਾਲ ਭਾਈ
ਵਿਚ ਰੰਗ ਸ਼ਹੀਦੀ ਦੇ ਮਸਤ ਹੋਇ ਅੱਖਾਂ ਗੈਹਰੀਆਂ ਮੁਖੜੇ ਲਾਲ ਭਾਈ
'ਭੌਰ' ਵੇਖ ਲਈਂ ਜ਼ੁਲਮ ਦੀ ਤੇਗ ਅਗੇ ਛਾਤੀ ਕਰਨ ਗੇ ਆਪਣੀ ਢਾਲ ਭਾਈ

[ਜਥੇ ਨੇ ਘੰਟਾ ਘਰੋਂ ਚਲਣਾ]

ਗੁਰੂ ਬਾਗ ਨੂੰ ਜਥੇ ਵਹੀਰ ਪਾਈ ਸਤਿ ਸ੍ਰੀ ਅਕਾਲ ਗਜਾ ਕਰਕੇ
ਮੁਖੋਂ ਵਾਹਿਗੁਰੂ ਵਾਹਿਗੁਰੂ ਜਾਪ ਜਪਦੇ ਚਿਤ ਗੁਰੂ ਚਰਨਾਂ ਵਿਚ ਲਾ ਕਰਕੇ
ਤੁਰੇ ਜਾਣ ਸ਼ਹੀਦੀਆਂ ਪਾਵਣੇ ਨੂੰ ਉਤੇ ਤਲੀ ਦੇ ਸੀਸ ਟਿਕਾ ਕਰਕੇ
ਖਾਤਰ ਧਰਮ ਵੇਖੋ ਸਾਰੇ ਬੀਰ ਬਾਂਕੇ ਚਲੇ ਜੀਉਣ ਦੀ ਆਸ ਹਟਾ ਕਰਕੇ
ਤੋੜ ਚਲੇ ਨੇ ਮੋਹ ਕੁਟੰਬ ਵਾਲੇ ਸਾਰੇ ਅੰਗ ਤੇ ਸਾਕ ਭੁਲਾ ਕਰਕੇ
ਰਖ ਆਸਰਾ ਇਕ ਅਕਾਲ ਵਾਲਾ ਤੁਰੇ ਜਾਂਵਦੇ ਜਥੇ ਬਨਾ ਕਰਕੇ
ਜਾਣੇ ਵਲ ਸ੍ਵਰਗ ਦੇ ਉਡ ਪੰਛੀ ਵਿਚ ਦੇਸ ਦੇ ਸ਼ਾਂਤ ਵਰਤਾ ਕਰਕੇ
ਜਦੋਂ 'ਭੌਰ' ਚਰਾਗ ਦੀ ਲਾਟ ਚਮਕੇ ਝੁੰਮਟ ਪੌਣ ਪਤੰਗ ਜਿਉਂ ਆ ਕਰਕੇ

[ਵਿਯੋਗੀ ਭੌਰ ਬਿਲਾਸ]

ਬਾਂਕੇ ਲਾਡਲੇ ਜੋ ਕਲਗੀ ਵਾਲੜੇ ਦੇ ਅਜ ਧਰਮ ਤੋਂ ਜਿੰਦ ਘੁਮੌਣ ਚੱਲੇ
ਮਾਈ ਭੈਣ ਭਰਾ ਵਿਸਾਰਕੇ ਤੇ ਸੀਸ ਧੜ ਤੋਂ ਅੱਡ ਕਰੌਣ ਚੱਲੇ
ਝੱਖੜ ਝੁੱਲਿਆ ਜਗ ਤੇ ਜ਼ੁਲਮ ਵਾਲਾ ਛਾਤੀ ਵਾਂਗ ਪਹਾੜ ਦੇ ਡੋਹਣ ਚੱਲੇ
ਬੇੜੀ ਪਈ ਘੁੰਮਣ ਘੇਰੀ ਕੌਮ ਵਾਲੀ ਫੜਕੇ ਧਰਮ ਚੱਪੂ ਕੰਢੇ ਲੌਣ ਚੱਲੇ
ਓਧਰ ਤੋਪ ਮਸ਼ੀਨ ਬੰਦੂਕ ਗੋਲੀ ਏਧਰ ਸ਼ਾਂਤਿ ਦੇ ਬੰਬ ਚਲੌਣ ਚੱਲੇ
ਧਰਮ ਕੌਮ ਅਤੇ ਪਯਾਰੇ ਦੇਸ਼ ਉਤੋਂ ਅੰਗ ਵਾਂਗ ਪਤੰਗ ਜਲੌਣ ਚੱਲੇ

ਅਜ ਲਾਡਲੇ ਗੁਰੂ ਗੋਬਿੰਦ ਸਿੰਘ ਦੇ ਖੁਸ਼ੀ ਖੁਸ਼ੀ ਸ਼ਹੀਦੀਆਂ ਪੌਣ ਚੱਲੇ
ਰੱਜ ਰੱਜ ਸ਼ਹੀਦੀ ਦੇ ਪੀਣ ਬਾਟੇ ਨਾਲ ਪਾਮਰਾਂ ਜੰਗ ਮਚੌਣ ਚੱਲੇ
ਚੱਲੇ ਚੱਲੇ ਚੱਲੇ ਗੁਰੂ ਬਾਗ ਵੱਲੇ ਹੋਲੀ ਮੌਤ ਦੇ ਨਾਲ ਵਖੌਣ ਚੱਲੇ
ਸੀਸ ਰਖਕੇ 'ਭੌਰਿਆ' ਤਲੀ ਉਤੇ ਰੁਠੇ ਯਾਰ ਨੂੰ ਪਿਆਰ ਮਨੌਣ ਚੱਲੇ

[ਇੰਦ੍ਰ ਦੇਵਤੇ ਨੇ ਬੂੰਦਾਂ ਦੇ ਬਹਾਨੇ ਫੁੱਲਾਂ ਦੀ ਬਰਖਾ ਕਰਨੀ]

ਦੋਹਰਾ—ਬੂੰਦਾਂ ਗਿਰਨ ਅਕਾਸ਼ ਤੋਂ ਮਾਨੋ ਗਿਰਤੇ ਫੂਲ
ਗਿਰ ਜੋਧਨ ਕੇ ਸੀਸ ਪਰ ਸ਼ਾਂਤਿ ਕਰਨ ਅਨਕੂਲ

ਬੈਂਤ

ਸ਼ਾਂਤੀ ਰੂਪ ਬਹਾਦਰਾਂ ਜੋਧਿਆਂ ਦੇ ਉਤੇ ਪੈ ਰਹੀ ਅਜ ਫੁਹਾਰ ਆਕੇ
ਸੀਗੇ ਮਸਤ ਸ਼ਹੀਦੀ ਦੇ ਰਾਗ ਅੰਦਰ ਚਾੜ੍ਹੀ ਮੀਂਹ ਨੇ ਹੋਰ ਖੁਮਾਰ ਆਕੇ
ਮਾਰੂ ਵੱਜਦਾ ਸੀਸ ਤੇ ਮੌਤ ਵਾਲਾ ਸ਼ਾਂਤੀ ਜੋਧਿਆਂ ਫੜੀ ਤਲਵਾਰ ਆਕੇ
ਜ਼ਰਾ ਹੌਂਸਲਾ ਰਖ 'ਵਿਯੋਗੀਆ' ਓਏ ਪੈਂਦੀ ਜ਼ਾਲਮਾਂ ਦੀ ਵੇਖੀਂ ਮਾਰ ਆਕੇ

[ਜਥੇ ਨੂੰ ਪਿੰਡ ਹੇਅਰ ਦੇ ਸਿੰਘਾਂ ਨੇ ਚਾਹ ਛਕੌਣੀ]

ਪਿੰਡ ਹੇਅਰ ਦੇ ਕੋਲ ਜਾਂ ਗਿਆ ਜੱਥਾ ਸਿੰਘਾਂ ਆਣਕੇ ਬਿਨੈ ਅਲਾਈ ਵੀਰੋ
ਹੱਥ ਜੋੜ ਕਿਹਾ ਜਥੇਦਾਰ ਤਾਈਂ ਗੱਫੇ ਚਾਹ ਦੇ ਜਾਵਣਾ ਲਾਈ ਵੀਰੋ
ਜਥੇਦਾਰ ਜੀ ਨੇ ਬਿਨੈ ਮੰਨ ਕਰਕੇ ਦਿੱਤਾ ਸਿੰਘਾਂ ਨੂੰ ਹੁਕਮ ਸੁਨਾਈ ਵੀਰੋ
ਗੱਫੇ ਚਾਹ ਦੇ ਲਾਕੇ ਖਾਲਸਾ ਜੀ ਕਰ ਚੱਲਣਾ 'ਭੌਰਿਆਂ' ਧਾਈ ਵੀਰੋ

[ਚਾਹ ਛਕ ਕੇ ਜਥੇ ਨੇ ਗੁਰੂ ਕੇ ਬਾਗ ਵਲ ਚੱਲਣਾ]

ਛਕੀ ਚਾਹ ਤੇ ਜਥੇ ਵਹੀਰ ਪਾਈ ਗੁਰੂ ਬਾਗ ਵੱਲੇ ਤੁਰਿਆ ਜਾਂਵਦਾ ਹੈ
ਮੁਖੋਂ ਵਾਹਿਗੁਰੂ ਤੇ ਸਤਿਨਾਮ ਬੋਲੇ ਵਿਚ ਦਿਲਦੇ ਗ਼ਮ ਨ ਖਾਂਵਦਾ ਹੈ
ਜਿਵੇਂ ਬਾਗ ਅੰਦਰ ਕੋਈ ਸੱਯਾਦ ਜਾਕੇ ਉਤੇ ਗੋਲੀ ਦੇ ਗੋਲੀ ਚਲਾਂਵਦਾ ਹੈ
ਪਵੇ ਵਖਤ ਮਸਤਾਨੀਆਂ ਬੁਲਬੁਲਾਂ ਨੂੰ ਜ਼ਾਲਮ ਜ਼ਰਾ ਵੀ ਤਰਸ ਨ ਖਾਂਵਦਾ ਹੈ
ਚੈਹਕ ਬੰਦ ਕਰਦੇ ਜੇਕਰ ਕੋਈ ਬੋਲੇ ਗੋਲੀ ਕਾਲਜੇ ਵਿਚੋਂ ਲੰਘਾਂਵਦਾ ਹੈ
ਫੇਰ ਫੁੱਲ ਤਰੋੜ ਮਰੋੜ ਕਰਕੇ ਜ਼ਾਲਮ ਖ਼ਾਕ ਦੇ ਵਿਚ ਰੁਲਾਂਵਦਾ ਹੈ
ਕੋਈ ਤਰਸ ਖਾ ਕੇ ਭਜ ਓਸ ਵੇਲੇ ਖਬਰ ਭੌਰਿਆਂ ਤਾਈਂ ਪੁਚਾਂਵਦਾ ਹੈ
ਖਬਰ ਸੁਣਦਿਆਂ ਕਾਲਜੇ ਚਾਕ ਹੁੰਦੇ ਧਰਤੀ ਨਾਲ ਪਹਿਲੋਂ ਟਕਰ ਖਾਂਵਦਾ ਹੈ
ਫੇਰ ਉਠ ਕੇ ਉਡਦਾ ਬਾਗ ਵੱਲੇ ਫੁੱਲਾਂ ਨਾਲ ਹੀ ਜਿੰਦ ਗਵਾਂਵਦਾ ਹੈ

ਤਿਵੇਂ ਅੱਜ ਵੇਖੋ ਜੱਥਾ 'ਭੌਰਿਆਂ' ਦਾ ਤੁਰਿਆ ਜਾਂਵਦਾ ਜਲੀਆਂ ਪਾਂਵਦਾ ਹੈ

[ਵਿਯੋਗੀ ਭੌਰ ਬਿਲਾਸ]

ਦਿਲਾਂ ਤੂੰ ਵੀ ਤਾਂ ਭੌਰ ਸਦਾਂਵਦਾ ਹੈਂ ਨਾਲ ਸਾਥੀਆਂ ਦੇ ਜਾਕੇ ਮਿਲ ਛੇਤੀ
ਲੱਦੀ ਜਾਂਵਦੇ ਸਾਥ ਉਪਕਾਰੀਆਂ ਦੇ ਘਾਟ ਮੌਤ ਵਾਲੇ ਜਾਕੇ ਠਿੱਲ੍ਹ ਛੇਤੀ
ਝਾਤੀ ਮਾਰ ਜਾਕੇ ਗੁਰੂ ਬਾਗ ਅੰਦਰ ਜ਼ਾਲਮ ਚੋਰ ਸੁੱਟੇ ਜਿੱਥੇ ਦਿਲ ਛੇਤੀ
ਜੇ ਨਹੀਂ ਜਾਵਣਾ ਦਿਲਾ ਤਾਂ ਨਾਮ 'ਭੌਰਾ' ਉਤੋਂ ਕਾਲਜੇ ਦੇ ਅਜ ਛਿੱਲ ਛੇਤੀ

ਤਥਾ

ਦਿਲਾ ਮੇਰਿਆ ਬਾਗ ਨ ਗਿਓਂ ਜੇ ਕਰ ਧੱਕੇ ਲੋਕ ਡਾਢੇ ਤੈਨੂੰ ਮਾਰਨੀਗੇ
'ਭੌਰ' ਕਹੇਗਾ ਜਗ ਤੇ ਕੋਈ ਨਹੀਂ ਸਾਰੇ ਭੂੰਡ ਹੀ ਤੈਨੂੰ ਪੁਕਾਰਨੀਗੇ
ਕਦੇ ਭੌਰਿਆਂ ਦੇ ਵਿਚ ਗਿਓਂ ਜੇਕਰ ਵਾਂਗ ਕੁੱਤਿਆਂ ਤੈਨੂੰ ਦੁਰਕਾਰਨੀਗੇ
ਗਲੀ ਪ੍ਰੇਮੀ ਦੀ ਮੌਤ ਦਾ ਮਿਲੇ ਹੋਕਾ ਭਗਤ ਜਨ ਉਤੋਂ ਜਿੰਦ ਵਾਰਨੀਗੇ
ਅੱਜ ਵਾਂਗ ਹੈਂਫੇ ਦੇ ਬਣ ਕਮਲੇ ਮੱਛੀਂ ਛੰਗ ਅੰਦਰ ਜਾਕੇ ਚਾਰਨੀਗੇ
ਹੱਥੀਂ ਆਪਣੀ ਆਪ ਤਲਵਾਰ ਫੜਕੇ ਸੀਸ ਆਪਣਾ ਆਪ ਉਤਾਰਨੀਗੇ
ਰੱਖ ਦੇਣਗੇ ਪ੍ਰੇਮੀ ਦੇ ਚਰਨ ਉਤੇ ਫਰਸ਼ ਵਾਸਤੇ ਖੱਲ ਖਲਾਰਨੀਗੇ
ਦਿਲਾ ਯਾਦ ਰੱਖੀਂ ਵੇਖੀਂ ਓਸ ਵੇਲੇ ਸਾਰੇ ਖਾਕ ਤੇਰੇ ਸੀਸ ਡਾਰਨੀਗੇ
ਲੈਹਰੇ ਲੈਂਣਗੇ ਕਦੇ ਜਾ ਫੁੱਲ ਉੱਤੇ ਜੇਹੜੇ ਦੇਹੀ ਤੇ ਕੰਢੇ ਸਹਾਰਨੀਗੇ
'ਭੌਰ' ਭਗਤ ਨੂੰ ਪਯਾਰ ਫਿਰ ਗਲੇ ਲਾਕੇ ਤਪੇ ਕਾਲਜੇ ਨੂੰ ਰੱਜ ਠਾਰਨੀਗੇ

[ਜਥੇ ਨੂੰ ਜਾਂਦਿਆਂ ਵੇਖਕੇ ਲੋਕਾਂ ਦੀਆਂ ਆਪੋ ਵਿਚ ਗੱਲਾਂ]

ਕਬਿਤ

ਕੈਸੇ ਸੂਰਬੀਰ ਧੀਰ ਖਾਲਸੇ ਮਹਾਨ ਤੇ ਮੈਦਾਨ ਵਿਚ ਸ਼ੇਰ ਵਾਂਗ ਗੱਜਕੇ ਵਖਾਂਵਦੇ
ਸੁਣ ਇਤਹਾਸ ਅਸੀਂ ਪਿਛਲਾ ਹੈਰਾਨ ਹੋਇ ਲਿਖਿਆ ਹੈ ਸੀਸ ਸਣੇ ਖੋਪਰੀ ਲੁਹਾਂਵਦੇ
ਬੀਤ ਗਈ ਬਾਤ ਕੀ ਘਸੀਟਣੀ ਹੈ ਬਾਰ ਬਾਰ ਹੁਣੇ ਤੁਸੀਂ ਵੇਟੋ ਕੀ ਇਹ ਕੌਤਕ ਰਚਾਂਵਦੇ
ਜ਼ਾਲਮ ਦੀ ਡਾਂਗ ਕਾੜ ਕਾੜ ਪੈਣੀ ਮੀਹੰ ਵਾਂਗ ਹੱਸ ਹੱਸ ਵੇਖਿਓ ਇਹ ਕਿਵੇਂ ਮਾਰ ਖਾਂਵਦੇ

ਕਬਿਤ

ਕੋਲ ਕ੍ਰਿਪਾਨਾਂ ਪਰ ਰੈਹਣੀਆਂ ਮਿਆਨਾਂ ਵਿਚ ਸ਼ਾਂਤਮਈ ਦਾ ਮਾਰਗ ਹੈ ਇਨਾਂ ਨੇ ਹੀ ਦੱਸਣਾ
ਤੋਪ ਤਲਵਾਰ ਤੇ ਕਟਾਰ ਕਰੇ ਮਾਰੋ ਮਾਰ ਪਾਜੀਆਂ ਦੇ ਵਾਂਗ ਨ ਮੈਦਾਨ ਵਿਚੋਂ ਨੱਸਣਾ
ਲਾਇ ਕੇ ਸਮਾਧੀਆਂ ਜਾ ਬੈਠਣਾ ਮੈਦਾਨ ਵਿਚ ਡਾਂਗ ਹੈ ਫਰੰਗੜੇ ਦੀ ਮੀਂਹ ਵਾਂਗ ਵੱਸਣਾ
ਘੋੜਿਆਂ ਦੀ ਘੋੜ ਦੌੜ ਵੇਖ ਝਟ ਫੈਦਿਆਂ ਤੇ ਮੌਤ· ਨੇ ਮੈਦਾਨ ਵਿਚ ਗਿਧੇ ਪਾਕੇ ਹਸਣਾ

ਕਬਿਤ

ਸਾਰੇ ਮਹਾਂਬੀਰ ਰਣਧੀਰ ਜੋ ਇਹ ਜਾਂਵਦੇ ਨੇ ਥੋੜੇ ਚਿਰ ਤੀਕ ਇਨ੍ਹਾਂ ਲੋਥਾਂ ਬਣ ਆਂਵਣਾ

ਧਰਮ ਨੂੰ ਬਚੌਣ ਪਾਪ ਰਾਜ ਨੂੰ ਮੁਕੌਣ ਚਲੇ ਸ਼ਾਂਤਮਈ ਦਾ ਖੰਡਾ ਵਿਚ ਜੰਗ ਦੇ ਚਲਾਂਵਣਾ
ਸਬਰ ਬੰਦੂਕ ਅਤੇ ਗੋਲੀ ਸੰਤੋਖ ਵਾਲੀ ਸ਼ਾਂਤੀ ਰੂਪ ਘੋੜਾ ਜਦੋਂ ਖਾਲਸੇ ਦਬਾਂਵਣਾ
ਓਸੇ ਵੇਲੇ ਗੂੰਜਣਾ ਦੁਗਾੜਾ ਛਾਤੀ ਵੈਰੀਆਂ ਦੀ ਮਾਰ ਮਾਰ ਪਾਪੀਆਂ ਨੂੰ ਭੁਇੰ ਤੇ ਲਿਟਾਂਵਣਾ

ਕਬਿਤ

ਧੰਨ ਹੈ ਇਹ ਕੌਮ ਪੂਜਨੀਕ ਠੀਕ ਜੋਧਿਆਂ ਦੀ ਧੰਨ ਦਸਮੇਸ਼ ਜੇਹੜਾ ਖਾਲਸਾ ਸਜਾ ਗਿਆ
ਕਟੀ ਗਈ ਚੌਰਾਸੀ ਅਤੇ ਟੁਟੀ ਜਮਫਾਂਸੀ ਓਹਦੀ ਜਿਨੂੰ ਦਸਮੇਸ਼ ਪਿਤਾ ਅੰਮ੍ਰਿਤ ਪਿਲਾ ਗਿਆ
ਪਾਪ ਦਿਆਂ ਬਦਲਾਂ ਨੂੰ ਜਗ ਤੋਂ ਉਡੌਣ ਲਈ ਏਸ ਕੌਮ ਤਾਈਂ ਠੀਕ ਪੌਣ ਹੀ ਬਣਾ ਗਿਆ
ਧੰਨ ਧੰਨ ਧੰਨ ਗੁਰੂ ਧੰਨ ਜੀ ਗੋਬਿੰਦ ਸਿੰਘ 'ਭੌਰਿਆਂ' ਨੂੰ ਸਬਕ ਸ਼ਹੀਦੀ ਦਾ ਪੜ੍ਹਾ ਗਿਆ

--o--

[ਛੀਨੇ ਵਾਲੇ ਪੁਲ ਤੇ ਪੁਜਣ ਤੋਂ ਪਹਿਲਾਂ ਜਥੇਦਾਰ ਜੀ ਦੀ ਜਥੇ ਨੂੰ ਸਿਖਯਾ]

ਬੈਂਤ

ਪਿਆਰੇ ਖਾਲਸਾ ਜੀ ਅਜ ਗੁਰੂ ਉਤੋਂ ਤਨ ਮਨ ਤੇ ਧਨ ਘੁਮਾ ਦੇਈਏ
ਖੜੇ ਫੁੱਲ ਕੋਈ ਚਾੜ੍ਹੇ ਕੋਈ ਪੈਸੇ ਅਸੀਂ ਸੀਸ ਹੀ ਭੇਟ ਚੜ੍ਹਾ ਦੇਈਏ
ਗੁਰੂ ਚਰਨਾਂ ਦੇ ਵਿਚ ਧਿਆਨ ਧਰਕੇ ਸ਼ਾਂਤੀ ਨਾਲ ਸਮਾਧੀ ਲਗਾ ਦੇਈਏ
ਨਿਭੇ ਤੋੜ ਸ਼ਾਂਤੀ ਮਨੀ ਸਿੰਘ ਵਾਂਗੂੰ ਬੰਦ ਬੰਦ ਵੀ ਭਾਵੇਂ ਕਟਾ ਦੇਈਏ
ਤਾਰੂ ਸਿੰਘ ਸੁਬੇਗ ਮ੍ਰਿਗੇਸ਼ ਹੋਕੇ ਤੇਗ ਸ਼ਾਂਤ ਦੀ ਅੱਜ ਚਲਾ ਦੇਈਏ
ਡੋਲੇ ਚਿਤ ਨ ਕਦੇ ਨ ਪ੍ਰੀਤ ਟੁਟੇ, ਮਤੀ ਦਾਸ ਜਿਉਂ ਤਨ ਚਿਰਵਾ ਦੇਈਏ
ਕਲਗੀ ਵਾਲੜੇ ਗੁਰੂ ਦਾ ਨਾਮ ਲੈਕੇ ਪੈਰ ਵਿਚ ਮੈਦਾਨ ਟਿਕਾ ਦੇਈਏ
ਗੁਰੂ ਬਾਗ ਦੇ ਫੁੱਲ ਬਚਾਵਣੇ ਲਈ ਆਓ 'ਭੌਰਿਓ' ਜਾਨ ਗਵਾ ਦੇਈਏ

[ਜਥੇ ਨੇ ਛੀਨੇ ਵਾਲੇ ਪੁਲ ਤੇ ਪੁਜਣਾ ਅਤੇ ਜ਼ਾਲਮਾਂ ਨੇ ਰੋਕ ਕੇ ਆਖਣਾ]

ਜੇਕਰ ਮੰਗਦੇ ਹੋ ਖੈਰ ਜਾਨ ਵਾਲੀ ਤੁਸੀਂ ਝਟ ਪਿਛੇ ਮੁੜ ਜਾਓ ਸਿੰਘੋ
ਵੇਖੋ ਅਸੀਂ ਸੱਯਾਦ ਜੇ ਬਣੇ ਬੈਠੇ ਬੁਲਬੁਲ ਹੋਕੇ ਤੀਰ ਨ ਖਾਓ ਸਿੰਘੋ
ਪਿੰਡ ਜਾਕੇ ਮੌਜ਼ ਬਹਾਰ ਲੁਟੋ ਕਾਹਨੂੰ ਆਪਣੀ ਜਾਨ ਗਵਾਓ ਸਿੰਘੋ ?
ਵਿਚ ਮੁਫਤ ਦੇ ਜਾਨ ਤੋਂ ਹਥ ਧੋਣੇ ਏਸ ਗੱਲ ਦੇ ਵਿਚ ਨਾਂ ਆਓ ਸਿੰਘੋ
ਅਗੇ ਵਧੋਗੇ ਡਾਂਗਾਂ ਦੀ ਮਾਰ ਖਾਸੋ ਮਤਾਂ ਫੇਰ ਪਿਛੋਂ ਪਛਤਾਓ ਸਿੰਘੋ
ਜਾਕੇ ਘਰੀਂ ਪਾਲੋ ਬਾਲ ਬੱਚਿਆਂ ਨੂੰ ਸਾਨੂੰ ਹੋਰ ਨ ਰੋਹ ਚੜ੍ਹਾਓ ਸਿੰਘੋ
ਗੁਰੂ ਬਾਗ ਨੂੰ ਅਸਾਂ ਨ ਜਾਣ ਦੇਣਾ ਭਾਵੇਂ ਜ਼ੋਰ ਕਿੰਨਾ ਤੁਸੀਂ ਲਾਓ ਸਿੰਘੋ
ਰੁੱਠੀ ਮੌਤ ਮਨਾਂਵਦੇ ਕਿਉਂ ਫਿਰਦੇ ਘਰੀਂ ਬੈਠ ਅਨੰਦ ਮਨਾਓ ਸਿੰਘੋ

ਤਥਾ

ਜੇਕਰ ਪੈਰ ਧਰਿਆ ਕਿਸੇ ਵਧ ਅਗੇ ਗੋਲੀ ਮਾਰਕੇ ਜਾਨ ਮੁਕਾ ਦਿਆਂਗੇ
ਅਸੀਂ ਰੂਪ ਕਸਾਈ ਦਾ ਧਾਰ ਬੈਠੇ ਵਾਂਗ ਬੱਕਰੇ ਖੱਲ ਉਡਾ ਦਿਆਂਗੇ
ਭਲਾ ਚਾਹੋ ਤਾਂ ਪਿਛੇ ਮੁੜ ਜਾਓ ਸਿੰਘੋ ਨਾਲ ਗੋਲੀਆਂ ਮੁਖ ਭੁਵਾ ਦਿਆਂਗੇ
ਸਾਡੇ ਸਾਹਮਣੇ ਅੜੇ ਸੋ ਝੜੇ ਛੇਤੀ ਅਜ ਤੁਸਾਂ ਦੇ ਕੂਚ ਕਰਾ ਦਿਆਂਗੇ
ਨਾਲ ਡਾਗਾਂ ਤੇ ਤੋਪ ਮਸ਼ੀਨ ਗੋਲੀ ਮੁਰਦੇ ਹੁਇੰ ਤੇ ਅਜ ਲਿਟਾ ਦਿਆਂਗੇ
ਗੁਰੂ ਬਾਗ ਦੇ 'ਭੌਰ' ਦੀਦਾਰ ਕਰਿਓ ਸੱਚ ਖੰਡ ਦੇ ਵਿਚ ਪੁਚਾ ਦਿਆਂਗੇ

---o---

[ਜਥੇਦਾਰ ਜੀ ਦਾ ਜਥੇ ਵਲੋਂ ਜਵਾਬ]

ਜਥੇਦਾਰ ਨੇ ਕਿਹਾ ਲਲਕਾਰ ਕਰਕੇ ਕੌਣ ਖਾਲਸੇ ਤਾਈਂ ਅਟਕੌਣ ਵਾਲਾ ?
ਬਿਨਾਂ ਨੀਰ ਮੱਛੀ ਜਿਉਂਦੀ ਨਹੀਂ ਵੇਖੀ ਆਖਰ ਨਾਸ ਹੋਵੇ ਜਾਲ ਪੌਣ ਵਾਲਾ
ਕੋਈ ਮਰਦ ਨ ਜੰਮਿਆ ਜਗ ਉਤੇ ਬਾਝ ਚੰਦ ਚਕੋਰ ਹਸੌਣ ਵਾਲਾ
ਮੋਰ ਕਦੇ ਨ ਖੁਸ਼ੀ ਹੋ ਪੈਲ ਪੌਂਦੇ ਬਦਲ ਹੋਵੇ ਨ ਮੀਂਹ ਵਰਸੌਣ ਵਾਲਾ
ਕੰਵਲ ਫੁਲ ਨ ਨੀਰ ਦੇ ਬਾਝ ਰਹਿੰਦੇ ਹਰ ਕੋਈ ਜਾਨ ਦਾ ਮਰਦ ਸਦੌਣ ਵਾਲਾ
ਗੁਰੂ ਚਰਨ ਦੇ ਅਸੀਂ ਹਾਂ 'ਭੌਰ' ਹੋ ਗਏ ਜਥਾ ਜਾਣ ਸ਼ਹੀਦੀਆਂ ਪੌਣ ਵਾਲਾ

ਤਥਾ

ਗੁਰੂ ਬਾਗ ਦੇ ਵਿਚ ਜਰੂਰ ਜਾਣਾ ਵਾਹ ਲਗਦੀ ਸਾਰੀ ਹੀ ਲਾ ਭਾਵੇਂ
ਪਿਛੇ ਮੁਖ ਨ ਮੋੜਨਾ ਖਾਲਸੇ ਨੇ ਨਾਲ ਗੋਲੀਆਂ ਪਿਆ ਉਡਾ ਭਾਵੇਂ
ਤੋਪ ਮਾਰ ਮਸ਼ੀਨ ਬੰਦੂਕ ਜੰਗੀ ਉਤੇ ਸੂਲੀਆਂ ਦੇਹ ਟੰਗਾ ਭਾਵੇਂ
ਫਾਂਸੀ ਵੇਖ ਤੇਰੀ ਹਾਂਸੀ ਅਸਾਂ ਕਰਨੀ ਬਚਾ ਬਚਾ ਵੀ ਫਾਂਸੀ ਲਟਕਾ ਭਾਵੇਂ
ਭਰਕੇ ਜੇਹਲਖਾਨੇ ਬੂਹੇ ਬੰਦ ਕਰ ਦੇਹ ਰਸਦ ਪਾਣੀ ਵੀ ਬੰਦ ਕਰਾ ਭਾਵੇਂ
ਧਰਮ ਤਿਆਗਣਾ ਖਾਲਸੇ ਮੂਲ ਨਾਹੀਂ ਜੱਫੀ ਮੌਤ ਘੱਤੇ ਗਿਧੇ ਪਾ ਭਾਵੇਂ
ਸ਼ਾਂਤੀ ਟੁੱਟਣੀ ਨਹੀਂ ਅਖੀਰ ਦਮ ਤਕ ਵੇਖ ਤਲੀ ਤੇ ਸਰ੍ਹੋਂ ਜਮਾ ਭਾਵੇਂ
ਆਖਰ 'ਭੌਰਿਆਂ' ਪਹੁੰਚਣਾ ਫੁੱਲ ਉਤੇ ਵਿਚ ਬਾਗ ਸੱਯਾਦ ਬਹਾ ਭਾਵੇਂ

---o---

[ਜਥੇ ਨੇ ਸਤਿ ਸ੍ਰੀ ਅਕਾਲ ਗਜਾਕੇ ਅਗੇ ਵਧਣਾ]

ਪੈਰ ਪੁੱਟਣੇ ਦੀ ਅਗ੍ਹਾਂ ਡੇਰ ਹੈ ਸੀ ਜ਼ਾਲਮ ਨਾਲ ਡਾਂਗਾਂ ਅਗੋਂ ਵਾਰ ਕੀਤੇ

ਜਿਵੇਂ ਛੱਲੀਆਂ ਪਈਆਂ ਕੁਟੀਂਦੀਆਂ ਨੇ ਤਿਵੇਂ ਖਾਲਸੇ ਦੇ ਸਤਿਕਾਰ ਕੀਤੇ
ਸਿੰਘਾਂ ਚੁਕਿਆ ਹੱਥ ਨ ਖਾ ਡਾਂਗਾ ਪਾਪੀ ਰੱਜਕੇ ਕਹਿਰ ਕਹਾਰ ਕੀਤੇ
ਹੱਸ ਹੱਸ ਕੇ 'ਭੌਰਿਆਂ' ਜਾਨ ਦਿਤੀ ਉਤੋਂ ਫੁਲਾਂ ਦੇ ਤਨ ਨਿਸਾਰ ਕੀਤੇ

ਤਥਾ

ਜ਼ਾਲਮ ਮਾਰ ਹੁੱਝਾਂ ਤੋੜ ਹੱਡੀਆਂ ਨੂੰ ਉਤੇ ਭੁਇੰ ਦੇ ਸਿੰਘ ਵਿੱਛਾ ਦਿਤੇ
ਉਤੇ ਸੜਕ ਦੇ ਵੇਖ ਲੌ ਦੋਹੀਂ ਪਾਸੀਂ ਪਾਪੀ ਖ਼ੂਨ ਦੇ ਵਹਿਣ ਵੱਗਾ ਦਿਤੇ
ਸਿੰਘ ਹੋਇ ਬੇਹੋਸ਼ ਜਾਂ ਮਾਰ ਖਾਕੇ ਝਟ ਜ਼ਾਲਮਾਂ ਹੁਕਮ ਸੁਣਾ ਦਿਤੇ
ਏਥੋਂ ਚੁੱਕ ਲੈ ਜਾਓ ਅਕਾਲੀਆਂ ਨੂੰ ਲਾਰੀ ਵਾਲਿਆਂ ਨੇ ਦਰਸ਼ਨ ਆ ਦਿਤੇ
ਲੱਦ ਲਾਰੀਆਂ ਵਿਚ ਓਹ ਸਿੰਘ ਜੋਧੇ ਅੰਮ੍ਰਿਤਸਰ ਦੇ ਵਿਚ ਪੁੱਚਾ ਦਿਤੇ
ਗੁਰਦੁਆਰਾ ਕਮੇਟੀ ਨੇ ਬਹੁਤ ਛੇਤੀ ਰਾਜ਼ੀ ਕਰਨ ਖਾਤ੍ਰ ਡਾਕਟਰ ਲਾ ਦਿਤੇ
ਕੀਤੀ ਬਹੁਤ ਸੇਵਾ ਕ੍ਰਿਪਾਲ ਕੌਰ ਜੀ ਕੰਮ ਘਰ ਦੇ ਹੋਰ ਭੁਲਾ ਦਿਤੇ
ਸੂਰਤ ਸਿੰਘ ਵਿਯੋਗੀਆ ਰਿਹੋਂ ਪਿੱਛੇ ਪੰਥ ਖਾਲਸੇ ਫਰਜ਼ ਨਿਭਾ ਦਿਤੇ

—o—

[ਵਿਯੋਗੀ ਭੌਰ ਬਿਲਾਸ]

ਦਿਲਾ ਗਾਫਲਾ ਪੰਥ ਦੀ ਸੇਵ ਕਰੀਏ ਹੀਰੇ ਜਨਮ ਮੁੜਕੇ ਹਥ ਆਵਣਾ ਨਹੀਂ
ਖੰਘ ਤਾਪ ਦੇ ਨਾਲ ਜੋ ਮਰਨ ਬੰਦੇ ਓਨ੍ਹਾਂ ਦੀਦ ਅਜ਼ਾਦੀ ਦਾ ਪਾਵਣਾ ਨਹੀਂ
ਬਿਨਾਂ ਧਰਮ ਦੇ ਕੌਣ ਸਹਾਈ ਤੇਰਾ ਧਨ ਮਾਲ ਨੂੰ ਨਾਲ ਲੈ ਜਾਵਣਾ ਨਹੀਂ
ਨਾਲ ਦੇਸ਼ ਦੇ ਹਥ ਵਟਾ ਛੇਤੀ ਏਸ ਦੇਹੀ ਨੂੰ ਕੀੜਿਆਂ ਖਾਵਣਾ ਨਹੀਂ
ਦੇਸੋਂ ਕਢ ਗੁਲਾਮੀ ਚੁੜੇਲ ਭੈੜੀ ਸ਼ਾਂਤੀ ਮਾਰ ਡੰਡਾ ਸੀਸ ਪਾੜ ਜਾਵੀਂ
ਜਲੀਂ ਵਾਂਗ ਪਤੰਗ ਵਿਯੋਗੀਆਂ ਓਏ ਲੰਬੂ ਲਾ ਗੁਲਾਮੀ ਨੂੰ ਸਾੜ ਜਾਵੀਂ

—o—

ਐਪਰ ਠਹਿਰ ਜਾ ਸਿਖਿਆ ਸੁਣੀ ਮੇਰੀ ਵੇਖ ਮੌਤ ਕਿਤੇ ਡਰ ਜਾਈਂ ਨ ਓਏ
ਮਨੀ ਸਿੰਘ 'ਸੁਬੇਗ' ਬਜ਼ੁਰਗ ਤੇਰੇ ਤਾਰੂ ਸਿੰਘ ਸ਼ਹੀਦ ਭੁਲਾਈਂ ਨ ਓਏ
ਚਾੜ੍ਹੇ ਚਰਖੜੀ ਤੇ ਜ਼ਾਲਮ ਦੇ ਫਾਂਸੀ ਸੂਲੀ ਵੇਖ ਕਿਤੇ ਘਬਰਾਈਂ ਨ ਓਏ
ਭਾਵੇਂ ਡੋਲ ਬ੍ਰਹਮੰਡ ਹੋ ਜਾਇ ਪੁੱਠਾ ਤਾਂ ਵੀ ਧਰਮ ਤੋਂ ਚਿਤ ਡੁਲਾਈਂ ਨ ਓਏ
ਚਲ ਪਵੇ ਧ੍ਰੂਹ ਸੁਮੇਰ ਉਡੇ ਉਤੇ ਜ਼ਿਮੀਂ ਤੇ ਹੇਠ ਅਸਮਾਨ ਹੋਵੇ
ਸਿਖੀ ਧਰਮ ਨੂੰ 'ਭੌਰ' ਨ ਦਾਗ ਲਗੇ ਭਾਵੇਂ ਪਾਟ ਟੁਕੜੇ ਜਿੰਦ ਜਾਨ ਹੋਵੇ

ਤ੍ਵਾਰੀਖ ਦੇ ਪੱਤਰੇ ਫੋਲ ਪਹਿਲਾਂ ਤੇਰੇ ਵਡੇ ਕੀ ਕਰ ਵਿਖਾ ਗਏ ਨੇ ?
ਮਨੀ ਸਿੰਘ ਬਾਬੇ ਦੀਪ ਸਿੰਘ ਵਰਗੇ ਉਤੇ ਧਰਮ ਦੇ ਪੂਰਨੇ ਪਾ ਗਏ ਨੇ
ਰਖ ਤਲੀ ਤੇ ਸੀਸ ਨੂੰ ਲੜਨ ਵਾਲੇ ਖੰਡਾ ਵਿਚ ਮੈਦਾਨ ਖੜਕਾ ਗਏ ਨੇ
ਪੁਰਜ਼ੇ ਹੋ ਮੈਦਾਨ ਦੇ ਵਿਚ ਡਿਗੇ ਡਾਢੇ ਸੂਰਮੇ ਜੰਗ ਮਚਾ ਗਏ ਨੇ
ਦਿਲਾ ਫੇਰ ਆਕੇ ਸ਼ਾਂਤਿ ਜੰਗ ਛਿੜਿਆ ਮਨੀ ਸਿੰਘ ਜਿਉਂ ਬੰਦ ਕਟਾਈਏ ਓਏ
ਕਲਗੀ ਵਾਲੜੇ ਦੀ ਗੋਦ ਵਿਚ ਬੈਠੀਂ ਜੱਫੀ ਚੱਲ ਸ਼ਹੀਦਾਂ ਨੂੰ ਪਾਈਏ ਓਏ

—o—

ਵੇਖੀਂ ਲਾਵੀਂ ਕਲੰਕ ਨ ਵੱਡਿਆਂ ਨੂੰ ਚਾਰ ਦਿਨਾਂ ਦੀ ਗਾਫਲਾ ਜ਼ਿੰਦਗਾਨੀ
ਬਾਜਾਂ ਵਾਲੜੇ ਦੀ ਸੀਸ ਭੇਟ ਧਰਕੇ ਡਰੇਂ ਮੌਤ ਕੋਲੋਂ ਡਾਢੀ ਹੋਊ ਹਾਨੀ,
ਜੇਹੜੇ ਪਾ ਸ਼ਹੀਦੀਆਂ ਗਏ ਜੋਧੇ ਉਨ੍ਹਾਂ ਜਿਹਾ ਜਹਾਨ ਤੇ ਕੌਣ ਸਾਨੀ ?
ਮੰਗੇ ਸੀਸ ਦੀ ਫੀਸ ਓਹ ਅੱਜ ਪਿਆਰਾ ਸੀਸ ਦਿੱਤਿਆਂ ਹੀ ਮਿਲੇ ਯਾਰ ਜਾਨੀ
ਓਨ੍ਹਾਂ ਦੀਦ ਪਿਆਰੇ ਦੇ ਰੱਜ ਪੌਣੇ ਸੀਸ ਰਖ ਲੀਤੇ ਜਿਨ੍ਹਾਂ ਤੱਲੀ ਉਤੇ
ਸੂਰਤ ਸਿੰਘ ਵਿਯੋਗੀਆ ਸੀਸ ਫੜਕੇ ਤੂੰ ਵੀ ਪਹੁੰਚ ਪਿਆਰੇ ਦੀ ਗੱਲੀ ਉਤੇ

—o—

[ਗੁਰੂ ਕੇ ਬਾਗ ਦਾ ਪੂਰਾ ਪਤਾ ਤੇ ਸ: ਪੰਜਾਬ ਸਿੰਘ ਦੀ ਸੇਵਾ]

ਅੰਮ੍ਰਿਤਸਰੋਂ ਪਹਾੜ ਦੀ ਤਰਫ ਵੰਨੀ ਅੱਠ ਕੋਹ ਦੀ ਮਜ਼ਲ ਨਿਹਾਰ ਦਿੱਸੇ
ਪੱਕੀ ਸੜਕ ਅਜਨਾਲੇ ਨੂੰ ਜਾਂਵਦੀ ਹੈ ਨਿਕਲ ਹਾਲ ਦਰਵਾਜਿਓਂ ਬਾਹਰ ਦਿੱਸੇ
ਅੰਮ੍ਰਿਤਸਰ ਅਜਨਾਲੇ ਦੀ ਸੜਕ ਸੁੰਦ੍ਰ ਰਾਜਾ ਸਾਂਸੀ ਵਿਚਕਾਰ ਸ੍ਰਦਾਰ ਦਿੱਸੇ
ਅੱਠ ਮੀਲ ਤੇ ਪੁਲ ਹੈ ਛੀਨਿਆਂ ਦਾ ਜਿੱਥੇ ਮਾਰ ਹੈ ਪਈ ਅਪਾਰ ਦਿੱਸੇ
ਰਾਣੇ ਵਾਲੀ ਦੇ ਪੁਲ ਤੋਂ ਉਤਰ ਜਾਣਾ ਚਲਦੀ ਨੈਹਰ ਦੀ ਸੋਹਣੀ ਬਹਾਰ ਦਿੱਸੇ
ਅੱਗੇ ਸੈਂਹਸਰਾ ਪਿੰਡ ਹੈ ਮੀਲ ਇੱਕੋ ਗੁਰੂ ਅਰਜਨ ਦਾ ਨੇੜੇ ਦਰਬਾਰ ਦਿੱਸੇ
ਉੱਚਾ ਗੁੰਬਜ ਸੁਹਾਂਵਣਾ ਲੱਗਦਾ ਹੈ ਵਿਚ ਜੰਗਲ ਦੇ ਮੰਗਲ ਦੀਦਾਰ ਦਿੱਸੇ
ਵਿਚ ਜਾਇਕੇ ਦੇਖੀਏ ਭੁੱਖ ਲਹਿੰਦੀ ਗੁਰੂ ਬਾਗ ਤੇ ਗੁਰੂ ਦੁਆਰ ਦਿੱਸੇ
ਨਿੱਕਾ ਜੇਹਾ ਇਕ ਲਗਿਆ ਤਾਲ ਸੋਹਣਾ ਕੀਤੀ ਸੋਹਣੀ ਪ੍ਰੇਮੀ ਦੀ ਕਾਰ ਦਿੱਸੇ
ਅੰਦਰਜਾਦਰਬਾਰਦੇਦਰਸਕਰੀਏਝਿਲਮਿਲਝਿਲਮਿਲਅਪਾਰਲਿਸ਼ਕਾਰ ਦਿੱਸੇ
ਸੋਨਾਂ ਚਾਂਦੀ ਤੇ ਸ਼ੀਸ਼ਿਆਂ ਅੰਤ ਨਾਹੀਂ ਸੇਵਾ ਕੀਤੀ ਹੈ ਇਕ ਸਰਦਾਰ ਦਿੱਸੇ
ਪਿੰਡ ਖੁਥਰਾਂ ਤੇ ਪੁਤ੍ਰ ਅਮੀਰ ਸਿੰਘ ਦਾ ਵੱਡਾ ਪ੍ਰੇਮੀ ਸਰਦਾਰ ਬਲਕਾਰ ਦਿੱਸੇ

ਕੁਮੇਦਾਨ ਪੰਜਾਬ ਸਿੰਘ ਨਾਮ ਉਸਦਾ ਸੇਵਾ ਕੀਤੀ ਅਪਾਰ ਬਲਹਾਰ ਦਿੱਸੇ
ਗੁਰੂ ਮੰਦਰ ਦੀ ਸਿਫਤ ਨਾ ਹੋਂਵਦੀ ਹੈ ਜੀਭ ਇੱਕ ਤੇ ਉਪਮਾ ਹਜ਼ਾਰ ਦਿੱਸੇ
ਸੱਚੇ ਗੁਰਾਂ ਤੇ ਸਿੱਖਾਂ ਪਰੇਮੀਆਂ ਨੇ ਕੀਤਾ ਨਾਲ ਪਿਆਰ ਤਿਆਰ ਦਿੱਸੇ
ਪਿੰਡ ਸੈਂਹਸਰਾਂ ਤੇ ਦੂਜਾ ਘੁੱਕੇ ਵਾਲੀ ਬਹੁਤ ਨੇੜੇ ਦਰਬਾਰ ਦੇ ਬਾਰ ਦਿੱਸੇ
ਖੇਤ ਗੁਰੂ ਕੇਤੇ ਪਿੰਡਾਂ ਵਾਲਿਆਂ ਦੇ ਆਸ ਪਾਸ ਜ਼ਮੀਨ ਉਜਾੜ ਦਿੱਸੇ
ਕਾਂਬਲ ਪੁਰਾ ਜੱਗਦੇ ਖੁੱਥਰਾਂ ਤੇੜਾ ਪਿੰਡ ਹੋਰ ਕਈ ਬੇਸ਼ੁਮਾਰ ਦਿੱਸੇ
ਏਸ ਦਾਸ ਦਾ ਨਾਨਕਾ ਪਿੰਡ ਬਾਠੀਂ ਦੋ ਮੀਲ ਦੀ ਵਿੱਥ ਵਿਚਾਰ ਦਿੱਸੇ
ਜਨਮ ਜਗ੍ਹਾ ਅਜਨਾਲਾ ਤੇ ਗੁਰੂ ਵਾਲਾ ਸੜਕੋਂ ਲਹਿੰਦੇ ਨੂੰ ਨਜ਼ਰ ਪਸਾਰ ਦਿੱਸੇ
ਗੁਰੂ ਬਾਗ ਦੀ ਸਿਫਤ ਕੀ ਕਰਾਂ ਏਥੇ ਮੈਂ ਕੀੜੀ ਤੇ ਗੁਣ ਪਹਾੜ ਦਿੱਸੇ
ਕਰੋ ਜਾਇ ਦੀਦਾਰ ਹੁਣ ਬਿਸ਼ਨ ਸਿੰਘਾ ਜੇਲ੍ਹ ਖਾਨਾ ਕਿ ਖੂਨ ਕਿ ਮਾਰ ਦਿੱਸੇ

[ਗੁਰੂ ਕੇ ਬਾਗ ਦੀ ਭਿਆਨਕ ਦਸ਼ਾ]

ਐਸ ਵੇਲੇ ਜੇ ਦੇਖੀਏ ਜਾ ਕਰਕੇ ਗੁਰੂ ਬਾਗ ਭੈਆਨਕ ਮਹਾਨ ਦਿਸਦਾ
ਬਣੀ ਹੋਈ ਹੈ ਛੌਣੀ ਅੰਗ੍ਰੇਜ਼ ਸੰਦੀ ਤੰਬੂ ਲੱਗਾ ਮਹਾਨ ਨਿਸ਼ਾਨ ਦਿਸਦਾ
ਫੌਜ ਕਰਦੀ ਕਵੈਦ ਹੈ ਅੰਬਾਂ ਹੇਠਾਂ ਬਾਗ ਗੁਰੂ ਕਾ ਅੱਜ ਵੈਰਾਨ ਦਿਸਦਾ
ਧਰੀਆਂ ਹੋਈਆਂ ਬੰਦੂਕਾਂ ਨੇ ਮੋਢੇ ਉਤੇ ਜਮ ਰਾਜ ਦਾ ਰੂਪ ਹੈ ਆਨ ਦਿਸਦਾ
ਡਾਂਗਾਮੋਢਿਆਂ ਉਤੇ ਨੇ ਧਰੀਆਂ ਹੋਈਆਂ ਪੌਂਦਾ ਬਾਘੀਆਂ ਓਥੇ ਪਠਾਨ ਦਿਸਦਾ
ਹੋਰ ਗੋਰਖੇ ਪਲਟਨਾਂ ਬਹੁਤ ਜੁੜੀਆਂ ਨਿੱਕਾ ਗਿਠ ਮਿਠ ਫਿਰਦਾਜਵਾਨਦਿਸਦਾ
ਗੋਰੇ ਬਰਦੀਆਂ ਪਾਕੇ ਫਿਰਨ ਟੇਡੇ ਧੌਣ ਆਕੜੀ ਬੜਾ ਗੁਮਾਨ ਦਿਸਦਾ
ਮਾਰਨ ਵਾਲਾ ਗਰੀਬਾਂ ਨਿਹੱਥਿਆਂ ਨੂੰ ਬੀਟੀਜ਼ਾਲਮਕਸਾਈਬਲਵਾਨ ਦਿਸਦਾ
ਜਿਸਦੇ ਹੁਕਮ ਨੇ ਮੁਲਕ ਅਬਾਦ ਕੀਤਾ ਫਿਰਦਾ ਡੰਨਟਹੈਮਾਲਕਜਹਾਨਦਿਸਦਾ
ਕਈ ਅਫਸਰ ਅੰਗ੍ਰੇਜ਼ ਤੇ ਪੁਲਸ ਭਾਰੀ ਦੇਂਦਾ ਹੁਕਮਹੈ ਅਫਸਰ ਕਮਾਨਦਿਸਦਾ
ਥਾਣੇਦਾਰ ਤੇ ਹੋਰ ਤਸੀਲ ਵਾਲਾ ਗੁਰੂ ਬਾਗ ਦੇ ਫਿਰਦਾ ਮਿਆਨ ਦਿਸਦਾ
ਬਾਹਰ ਬਾਗ ਤੋਂ ਤੰਬੂ ਹੈ ਲੱਗਾ ਹੋਯਾ ਓਥੇ ਖਾਲਸਾ ਦੇਂਦਾ ਬਿਆਨ ਦਿਸਦਾ
ਬੈਠਾ ਹਾਕਮ ਅਦਾਲਤ ਨੂੰ ਪਿਆ ਕਰਦਾ ਘੱਲੇ ਜੇਲ੍ਹ ਨੂੰ ਕਰਦਾ ਚਲਾਨਦਿਸਦਾ
ਡੰਡਾ ਪੁਲਸ ਨੂੰ ਲੈਕੇ ਨਾਲ ਬੀਟੀ ਡਾਂਗਾ ਮਾਰਦਾ ਕੱਢਦਾ ਜਾਨ ਦਿਸਦਾ
ਚਾਰ ਚਾਰਦਾ ਜਥਾ ਜੋ ਜਾਂਵਦਾ ਹੈ ਕਠਦਾ ਓਸਦਾ ਬੁਰਾ ਹੈ ਘਾਨ ਦਿਸਦਾ।

ਮਾਰ ਮੱਥੇ ਤੇ ਨਲਾਂ ਦੇ ਵਿਚ ਕਰਦਾ ਸ਼ੀਂਹ ਬੱਕਰੀ ਕਰਦਾ ਘਮਸਾਨ ਦਿਸਦਾ
ਗੁੱਸੇ ਨਾਲ ਚਪੇੜਾਂ ਨੂੰ ਮਾਰਦਾ ਹੈ ਪੁੱਟੇ ਦਾਹੜੀਆਂ ਭੂਤ ਮਸਾਨ ਦਿਸਦਾ
ਕੇਸੋਂ ਪਕੜ ਘਸੀਟਦਾ ਖਾਲਸੇ ਨੂੰ ਛੱਪੜ ਡੋਬਦਾ ਦੱਸਦਾ ਤਾਨ ਦਿਸਦਾ
ਸੁੱਟ ਮੱਲ੍ਹਿਆਂ ਤੇ ਮਾਰਦਾ ਡਾਂਗਾ ਉਤੋਂ ਕਰਦਾ ਜ਼ੁਲਮ ਅਨੇਕ ਅਜਾਨ ਦਿਸਦਾ
ਹੱਥ ਕੱਠੇ ਕਰ ਖਾਲਸਾ ਮਾਰ ਖਾਂਦਾ ਕਰਦਾ ਸ਼ਾਂਤਿਮਈ ਯੁਧ ਸੁਜਾਨ ਦਿਸਦਾ
ਕੇਹੜਾ ਆਨ ਛੁਡਾਂਵਦਾ ਬਿਸ਼ਨ ਸਿੰਘਾ ਗਿਆ ਦੂਰ ਹੈਕਿਤੇਭਗਵਾਨ ਦਿਸਦਾ

[ਮੌਤ ਨੂੰ ਹੱਲਕਾ ਕੁਦ ਪਿਆ ਗੁਰੂ ਕੇ ਬਾਗ ਦਾ ਬਾਹਰਲਾ ਹਾਲ]

ਗੁਰੂ ਬਾਗ ਤਾਂ ਤੁਸਾਂ ਨੇ ਦੇਖ ਲੀਤਾ ਹੁਣ ਬਾਹਰ ਨੂੰ ਨਜ਼ਰ ਪਸਾਰ ਦੇਖੋ
ਚੜ੍ਹਕੇ ਘੋੜਿਆਂ ਉਤੇ ਹੈ ਮੌਤ ਫਿਰਦੀ ਸ਼ਕਲ ਬਹੁਤ ਭਿਆਨਕ ਨਿਹਾਰ ਦੇਖੋ
ਨੇੜੇ ਤੇੜੇ ਦੇ ਤੇੜੇ ਦੇ ਖਾਸ ਦੇਖੋ ਦਿੱਤੇ ਬਹੁਤ ਗਰੀਬ ਨੇ ਮਾਰ ਦੇਖੋ
ਡਾਂਗਾ ਨਾਲ ਹੀ ਪਿੰਡਾਂ ਦੇ ਲੋਕ ਬਹੁਤੇ ਦਿਤੇ ਮੌਤ ਦੇ ਘਾਟ ਉਤਾਰ ਦੇਖੋ
ਕੰਮ ਆਪਣੇ ਆਪਣੇ ਲੱਗੇ ਹੋਏ ਕਰਦੇ ਕਾਰ ਜੋ ਖੇਤ ਵਿਚਕਾਰ ਦੇਖੋ
ਹਲ ਵਾਹੁੰਦੇ ਖੂਹ ਚਲਾਂਵਦੇ ਜੋ ਦਿੱਤੇ ਮਾਰ ਉਜਾੜ ਪੁਜਾੜ ਦੇਖੋ
ਕਈ ਥਾਵਾਂ ਤੇ ਨਹਿਰਾਂ ਦੇ ਪੁਲਾਂ ਉਤੇ ਕੀਤਾ ਸਿੰਘਾਂ ਨੂੰ ਮਾਰ ਲਾਚਾਰ ਦੇਖੋ
ਸਾਡੀ ਸੱਕੀ ਦਾ ਪੁਲ ਵੀ ਰੋਕ ਲੀਤਾ ਬੈਠੀ ਹੋਈ ਹੈ ਪੁਲਸ ਦੀ ਧਾੜ ਦੇਖੋ
ਕਾਲੇ ਕੱਪੜੇ ਤਹਿਮਤ ਤੇ ਪੱਗ ਵਾਲੇ ਲੰਘਣਾ ਪੌਂਦਾ ਨ ਚੂੜ੍ਹਾ ਘੁਮਿਆਰ ਦੇਖੋ
*ਬਚਨ ਸਿੰਘ ਨਰਿੰਜਨ ਸਿੰਘ ਰੋਕ ਲੀਤੇ ਪੜ੍ਹਨ ਜਾਂਦੇ ਸਕੂਲਵਿਚਕਾਰ ਦੇਖੋ
ਨਿਕੇ ਬਾਲ ਬਦਲਾਕੇ ਪੱਗ ਕਾਲੀ ਲੰਘੇ ਆਣਕੇ ਦੂਸਰੀ ਵਾਰ ਦੇਖੋ

---

*ਸਾਡੇ ਪਿੰਡ ਵਿਚੋਂ ਚਾਰ ਸਿੰਘ ਗੁਰੂ ਕੇ ਬਾਗ ਦੀ ਸੇਵਾ ਕਰਦਿਆ ਹੋਇਆਂ ਰਾਜ ਮੰਦਰ ਵਿਚ ਗਏ ੧ ਭਾਈ ਸੰਤੋਖ ਸਿੰਘ ਜੋ ਮੇਰਾ ਵਿਦਆਰਥੀ ਹੈ ੨ ਭਾਈ ਮੱਘਰ ਸਿੰਘ ਜੋ ਬੜਾ ਭਾਰਾ ਪ੍ਰੇਮੀ ਹੈ ਜਿਸਨੂੰ ਸ੍ਵਰਾਜ ਮੰਦਰ ਵਿਚੋਂ ਬਹੁਤ ਰੰਗ ਚੜ੍ਹਿਆ ਤੇ ਅਟਕ ਜੇਲ ਦੀਆਂ ਬਹੁਤ ਤਕਲੀਫਾਂ ਸਹਾਰੀਆਂ ੩ ਭਾਈ ਸੁਦਾਗਰ ਸਿੰਘ ੪ ਭਾਈ ਮੰਨਾ ਸਿੰਘ ਜੋ ਬ੍ਰਿਧ ਬਾਬਾ ਹੈ ਜੇਹੜਾ ਅਗੇਵੀ ਬੜਾ ਪ੍ਰੇਮੀ ਤੇ ਸੰਤਾਂ ਦਾ ਮੇਲੀ ਗੇਲੀ ਹੈ ਇਸਦੀ ਜੇਲਦੀ ਵਾਰਤਾ ਬੜੀ ਅਸਚਰਜ ਹੈ ਜਦ ਇਹ ਲਾਹੌਰ ਜੇਲ੍ਹ ਵਿਚ ਗਿਆ ਤਾਂ ਰਾਤ ਦਿਨੇ ਏਹੋ ਪੜ੍ਹਦਾ ਰਿਹਾ ਕਰੇ "ਓ ਮੇਰੇ ਮਨੋ ਨ ਵਿਸਰੇ ਵਾਹਿਗੁਰੂ, ਮੈਨੂੰ ਆਪੇ ਹੀ ਆਂਦਾ ਈ ਵਾਹਿਗੁਰੂ, ਮੇਰੀ ਆਪੇ ਹੀ ਫੜੀਊ ਬਾਂਹ ਗੁਰੂ" ਬੜੇ ੨ ਅਫਸਰ ਤੇ ਸਿਖ ਕੈਦੀ ਸੁਰ ਤੇ ਪ੍ਰੇਮ ਤੇ ਅਵਾਜ ਉੱਚੀ ਸੁਣਕੇ ਬੜੇ ਹੈਰਾਨ ਹੁੰਦੇ ਸਨ ਤੇ ਸਾਰੇ ਬਾਬਾ ਵਾਹਿਗੁਰੂ ੨ ਕਰਕੇ ਬੁਲਾਉਣ ਲਗ ਪਏ ਜੋ ਇਹਨਾਂ ਦਾ ਨਾਮ ਹੀ ਬਾਬਾ ਵਾਹਿਗੁਰੂ ਪੈ ਗਿਆ।

(ਲੇਖਕ ਸੂਰਤ ਸਿੰਘ ਮੇਰਾ ਵਿਦਿਆਰਥੀ)

ਏਸੇ ਤਰਾਂ ਕਈ ਪਿੰਡਾਂ ਦੇ ਕਈ ਥਾਂ ਵੀਂ ਜ਼ੁਲਮ ਕੀਤੇ ਸਰਕਾਰ ਆਪਾਰ ਦੇਖੋ
ਲੁਟ ਮਾਰ ਗਰੀਬਾਂ ਮੁਸਾਫਰਾਂ ਤੇ ਕੀਤੀ ਪੁਲਸ ਨੇ ਬੇਸ਼ੁਮਾਰ ਦੇਖੋ
ਰਾਹ ਜਾਂਦਿਆਂ ਨੂੰ ਪਕੜ ਮਾਰ ਦਿੱਤਾ ਪੜ੍ਹ ਪੰਜਾਬ, ਅਕਾਲੀ ਅਖਬਾਰ ਦੇਖੋ
ਥਾਂ ਥਾਂ ਤੇ ਬੈਠੇ ਨੇ ਦਾਰ ਥਾਣੇ ਡੰਡਾ ਪੁਲਸ ਨੂੰ ਕਰ ਤਿਆਰ ਦੇਖੋ
ਅੰਮ੍ਰਿਤਸਰੋਂ ਅਜਨਾਲਾ ਰਮਦਾਸ ਤੀਕਰ ਫਿਰਦਾ ਫੌਜੀ ਹੈ ਕਈ ਹਜ਼ਾਰ ਦੇਖੋ
ਸਾਰੇ ਪਿੰਡਾਂ ਦੇ ਰਾਹ ਨੇ ਰੋਕੇ ਹੋਏ ਘੋੜ ਦੌੜ ਹੁੰਦੀ ਮਾਰੋ ਮਾਰ ਦੇਖੋ
ਕਈ ਪਿੰਡਾਂ ਦੇ ਵਿਚ ਹੀ ਗਏ ਕੁੱਟੇ ਮਚ ਗਿਆ ਸਾਰੇ ਹਾ ਹਾ ਕਾਰ ਦੇਖੋ
ਰਿਹਾ ਨਾਮ ਨਿਸ਼ਾਨ ਇਨਸਾਫ ਦਾ ਨ ਹੋ ਗਿਆ ਅਨਜ਼ਾਇ ਗੁਬਾਰ ਦੇਖੋ
ਨਰਮ ਦਲ ਸਰਕਾਰ ਦਾ ਸਿੱਖ ਨੌਕਰ ਓਹ ਵੀ ਹੋਗਿਆ ਤੰਗ ਸੰਸਾਰ ਦੇਖੋ
ਜਿਸਨੇ ਦੁਖੀਆਂ ਨੂੰ ਆਣ ਬਚਾਂਵਣਾ ਹੈ ਅਜੇ ਆਯਾ ਨ ਕਲਗੀ ਅਵਤਾਰ ਦੇਖੋ
ਆਟਾ ਪੀਂਹਦੇ ਗਰੀਬ ਕਈ ਕੁੱਟ ਸੁੱਟੇ ਦੇਖੋ ਕਹੀ ਹੋ ਗਈ ਧੁੰਦੂਕਾਰ ਦੇਖੋ
ਗਸ਼ਤੀ ਫੌਜ ਹੈ ਪਿੰਡਾਂ ਦੇ ਵਿਚ ਫਿਰਦੀ ਕਰਦੀ ਲੋਕਾਂ ਨੂੰ ਤੰਗ ਲਲਕਾਰ ਦੇਖੋ
ਨੰਬਰਦਾਰ ਪਟਵਾਰ ਸਫੈਦ ਪੋਸ਼ੀ ਨਾਲ ਲਏ ਹੋਏ ਜ਼ੈਲਦਾਰ ਦੇਖੋ
ਪਤਾ ਪੁੱਛ ਦੀ ਫਿਰੇ ਅਕਾਲੀਆਂ ਦਾ ਇਹ ਸਾਡੀ ਸਰਕਾਰ ਬਲਕਾਰ ਦੇਖੋ
ਚੂੜ੍ਹੇ ਨਾਈ ਘੁਮਿਆਰਾਂ ਨੂੰ ਆਖਦੀ ਹੈ ਪੱਗਾਂ ਕਾਲੀਆਂ ਦਿਓ ਉਤਾਰ ਦੇਖੋ
ਨਹੀਂ ਤਾਂ ਤੁਸਾਂਨੂੰ ਮਾਰਕੇ ਪਕੜ ਲੈਣਾਂ ਇਹ ਫੜ ਲਈ ਜਾਬਰਾਂ ਕਾਰ ਦੇਖੋ
ਬਿਨਾਂ ਓਸ ਅਕਾਲ ਤੋਂ ਬਿਸ਼ਨ ਸਿੰਘਾ ਕੌਣ ਲੈਂਦਾ ਗਰੀਬਾਂ ਦੀ ਸਾਰ ਦੇਖੋ

[ਅਕਾਲੀਆਂ ਦਾ ਗੁਰੂ ਕੇ ਬਾਗ ਵੱਲ ਆਉਣਾ]

ਮਾਰ ਪੈਂਦੀ ਜਾਂ ਸੁਣੀ ਗੁਰ ਬਾਗ ਅੰਦਰ ਹਾਉਤਾਹੀ ਅਕਾਲੀਏ ਬੀਰ ਤੁਰ ਪਏ
ਪੱਗਾਂ ਕਾਲੀਆਂ ਕਿ ਘਟਾਂ ਕਾਲੀਆਂ ਨੇ ਪਿੰਡਾਂ ਪਿੰਡਾਂ ਤੋਂ ਸਿੰਘ ਬਲਬੀਰ ਤੁਰ ਪਏ
ਬਾਲ ਬ੍ਰਿਧ ਜਵਾਨ ਦਾ ਅੰਤ ਨਾਹੀ ਚਾਰੋਂ ਤਰਫ ਤੋਂ ਘੱਤ ਵਹੀਰ ਤੁਰ ਪਏ
ਐਧਰ ਓਧਰ ਦੇਖੋ ਪਏ ਅਕਾਲੀਏ ਨੇ ਗੁਰੂ ਬਾਗ ਦੇ ਵੱਲ ਨੇ ਤੀਰ ਤੁਰ ਪਏ
ਖੇਤਾਂ ਛਪੜਾਂ ਵਾਹਣਾਂ ਨੂੰ ਵੇਖਿਆ ਨ ਜੰਗਲ ਰਾਹਾਂ ਕੁਰਾਹਾਂ ਨੂੰ ਚੀਰ ਤੁਰ ਪਏ
ਸਭ ਘਰਾਂ ਦੇ ਕੰਮ ਵਿਸਾਰ ਦਿੱਤੇ ਜਾਣ ਦੇਣ ਨੂੰ ਉਠ ਅਖੀਰ ਤੁਰ ਪਏ
ਨਿੱਕੇ ਬਾਲ ਭੁਜੰਗਣਾਂ ਸਿੰਘਣੀਆਂ ਜੋ ਬਹੁਤ ਬੁੱਢੇ ਅਕਾਲੀਏ ਪੀਰ ਤੁਰ ਪਏ
ਝੁਨ੍ਹ ਟੋਲੀਆਂ ਨਿੱਕਿਆਂ ਪਿੰਡਾਂ ਵਿਚੋਂ ਜਿੱਥੋਂ ਦੇਖੀਏ ਓਥੋਂ ਹੀ ਭੀੜ ਤੁਰ ਪਏ

ਗੁਰੂ ਦੁਆਰੇ ਅਜ਼ਾਦ ਕਰਾਂਵਣੇ ਨੇ ਏਹੋ ਦਿਲਾਂ ਦੇ ਵਿਚ ਤਤਬੀਰ ਜੁੜ ਪਏ
ਸੀਸ ਦੇਣ ਦਸਮੇਸ਼ ਨੂੰ ਬਿਸ਼ਨ ਸਿੰਘਾ ਉਠ ਕੁੱਲ ਗਰੀਬ ਅਮੀਰ ਤੁਰ ਪਏ
ਗੁਰੂ ਬਾਗ ਨੂੰ ਅਸਾਂ ਹਾਂ ਤੁਰ ਚੱਲੇ ਪੱਕਾ ਪਤਾ ਇਹ ਸਾਫ ਬਤਾ ਆਏ
ਸਾਡੀ ਤੁਸਾਂ ਉਡੀਕ ਨ ਰੱਖਣੀ ਜੇ ਅੰਗ ਸਾਕ ਤੇ ਘਰ ਸੁਣਾ ਆਏ
ਮੋਹ ਤੋੜਕੇ ਪੁੱਤਰਾਂ ਧੀਆਂ ਸੰਦਾ ਹਾਉਤਾਹੀ ਨੇ ਉਠਕੇ ਧਾ ਆਏ
ਹੋ ਜਾਂਵਣਾ ਅਸਾਂ ਸ਼ਹੀਦ ਉਥੇ ਹਰ ਇਕ ਨੂੰ ਫਤੇ ਬੁਲਾ ਆਏ
ਦੂਰੋਂ ਦੂਰੋਂ ਅਨੇਕ ਨੇ ਸਿੱਖ ਤੁਰ ਪਏ ਰਾਤ ਦਿਨੇ ਵਿਚ ਪੈਂਡਾ ਮੁਕਾ ਆਏ
ਪੱਲੇ ਬੰਨ੍ਹੇ ਬਦਾਮ ਤੇ ਕਿਸੇ ਆਟਾ ਕਈ ਭੁੱਖੇ ਹੀ ਕਦਮ ਉਠਾ ਆਏ
ਜੀਉਂਦੇ ਰਹੇ ਤਾ ਆਣਕੇ ਪਾਲ ਲਾਂਗੇ ਪੁਤਾਂ ਧੀਆਂ ਨੂੰ ਕਈ ਭੁਲਾ ਆਏ
ਕਈ ਦੇਖਕੇ ਨਿੱਜ ਦੇ ਸਾਕ ਅਪਣੇ ਉਨ੍ਹਾਂ ਤਾਈਂ ਨੇ ਬਾਂਹ ਫੜਾ ਆਏ
ਸ਼ਾਂਤਿਮਈ ਦਾ ਜੁੱਟਿਆ ਜੰਗ ਆਕੇ ਹੱਥ ਪੈਰ ਤੇ ਮੂੰਹ ਬਨ੍ਹਾਂ ਆਏ
ਉਥੇ ਕਿਸੇ ਨੇ ਹਥ ਉਠਾਂਵਣਾ ਨ ਡੌਂਡੀ ਰਾਹ ਦੇ ਵਿਚ ਫਿਰਾ ਆਏ
ਵੇਲਾ ਆਯਾ ਇਮਤਿਹਾਨ ਦਾ ਬਿਸ਼ਨ ਸਿੰਘਾ ਜੋਕੁਝ ਪੜ੍ਹਨਾ ਸੀ ਪੜ੍ਹਪੜ੍ਹਾ ਆਏ

[ਗੁਰੂ ਕੇ ਬਾਗ ਦੇ ਤਮਾਮ ਰਸਤੇ ਰੋਕੇ ਗਏ]

ਅੱਗੇ ਦੇਖਿਆ ਕੀ ਰੁੱਕੇ ਰਾਹ ਸਾਰੇ ਥਾਂ ਥਾਂ ਤੇ ਪਹਿਰੇ ਅਪਾਰ ਬੈਠੇ
ਗੁਰੂ ਬਾਗ ਦੇ ਚਾਰ ਚੁਫੇਰ ਵੰਨ੍ਹੀ ਬੰਨ੍ਹ ਟੋਲੀਆਂ ਬੇਸ਼ੁਮਾਰ ਬੈਠੇ
ਘੋੜ ਚੜ੍ਹੇ ਤੇ ਪੈਦਲਾਂ ਅੰਤ ਨਾਹੀਂ ਪਿੰਡਾਂ ਵਿਚ ਕਈ ਰਾਹਾਂ ਵਿਚਕਾਰ ਬੈਠੇ
ਵੱਡੀ ਨਹਿਰ ਦੇ ਪੁਲ ਸਭ ਰੋਕੇ ਹੋਏ ਥਾਣੇਦਾਰ ਅਨੇਕ ਸਰਕਾਰ ਬੈਠੇ
ਗੋਰੇ ਗੋਰਖੇ ਅਤੇ ਪਠਾਣ ਫੌਜੀ ਤੰਬੂ ਰੱਡਕੇ ਲਈ ਹਥਿਆਰ ਬੈਠੇ
ਮੋਢੇ ਧਰੀਆਂ ਬੰਦੂਕਾਂ ਤੇ ਖੜੀਆਂ ਕਰੀਆਂ ਪਾ ਬਰਦੀਆਂ ਫੜ ਤਲਵਾਰ ਬੈਠੇ
ਸੜਕਾਂ ਪੱਤਣ ਦਰਿਆਵਾਂ ਦੇ ਸਭ ਰੋਕੇ ਝੋਲੀ ਚੁਕ ਵੀ ਨਾਲ ਹਜ਼ਾਰ ਬੈਠੇ
ਵੀਹ ਤੀਹ ਕੋਹ ਬਾਗ ਤੋਂ ਆਸ ਪਾਸੇ ਘੇਰੇ ਘੱਤਕੇ ਫੌਜੀ ਬਲਕਾਰ ਬੈਠੇ
ਦੂਰ ਦੂਰ ਸਟੇਸ਼ਨ ਸਭ ਰੇਲਾਂ ਵਾਲੇ ਰੋਕੇ ਆਪ ਸਰਕਾਰ ਦੇ ਤਾਰ ਬੈਠੇ
ਕਈ ਨਿੱਜਦੇ ਕੰਮ ਜੋ ਚੜ੍ਹੇ ਗੱਡੀ ਓਨਾਂ ਤਾਈਂ ਵੀ ਜ਼ਾਲਮ ਉਤਾਰ ਬੈਠੇ
ਪੱਕੀ ਗੱਲ ਲਾਹੋਰ ਦੀ ਸੁਣੀ ਸਾਰੀ ਵਿਚ ਜੇਲ੍ਹਾਂ ਦੇ ਸਿੰਘਾਂ ਨੂੰ ਡਾਰ ਬੈਠੇ
ਰਾਵੀ ਸਤਲੁਜ ਬਿਆਸ ਦੇ ਪੱਤਣ ਰੋਕੇ ਪੁਲਸ ਵਾਲੇ ਉਰਾਰ ਤੇ ਪਾਰ ਬੈਠੇ

ਪਰ ਧੰਨ ਕੁਰਬਾਨ ਮੈਂ ਖਾਲਸੇ ਤੋਂ ਛਾਲਾਂ ਵਿਚ ਦਰਿਆਵਾਂ ਦੇ ਮਾਰ ਬੈਠੇ
ਕਈ ਠਿੱਲ ਦੇ ਅੰਤ ਨੂੰ ਪਾਰ ਹੋਏ ਕਈ ਵੱਲ ਗੁਰਪੁਰੀ ਪਧਾਰ ਬੈਠੇ
ਦੇਗਏ ਜਾਨ ਦਰਿਆਵਾਂ ਦੇ ਵਿਚ ਰੁੜਕੇ ਜਨਮ ਮਰਨ ਦਾ ਭਾਰ ਉਤਾਰ ਬੈਠੇ
ਗੁਰੂ ਬਾਗ ਨੂੰ ਅਸਾਂ ਜ਼ਰੂਰ ਜਾਣਾ ਸਿਰ ਤੋਂ ਮੌਤ ਦਾ ਡਰ ਵਿਸਾਰ ਬੈਠੇ
ਪਿੱਛੋਂ ਦੁਖ ਤੋਂ ਮਿਲਦਾ ਹੈ ਸੁਖ ਆਕੇ ਕਈ ਸੰਤ ਤੇ ਭਗਤ ਉਚਾਰ ਬੈਠੇ
ਕਾਰੇ ਜ਼ੁਲਮ ਤੇ ਸਾਰੇ ਹੀ ਬਿਸ਼ਨ ਸਿੰਘਾਂ ਦੇਖ ਰਹੇ ਨੇ ਆਪ ਕਰਤਾਰ ਬੈਠੇ

[ਅਕਾਲੀਆਂ ਨੇ ਗੁਰੂ ਕੇ ਬਾਗ ਜਾਣਾ ਤੇ ਅਨੰਦ ਪੁਰ ਦਾ ਦੁਬਾਰਾ ਇਮਤਿਹਾਨ]

ਬਿਖੜੇ ਰਾਹ ਤੇ ਨਹਿਰਾਂ ਦੇ ਪਾੜ ਵੱਡੇ ਸਿੰਘ ਸੂਰਮੇ ਆਨ ਬਲਵਾਨ ਲੰਘੇ
ਛਾਲਾਂ ਮਾਰਦੇ ਤਰਕੇ ਨੱਸ ਕਰਕੇ ਛੱਪੜ ਟੋਬੇ ਦਰਿਆਵਾਂ ਦੇ ਘਾਨ ਲੰਘੇ
ਹੋ ਸੱਕਿਆ ਜਿਸਤ੍ਰਾਂ ਕਿਸਤ੍ਰਾਂ ਹੈ ਓਸੇ ਤਰਾਂ ਹੀ ਸਿੰਘ ਜਵਾਨ ਲੰਘੇ
ਰਤਾ ਕਿਸੇ ਤੋਂ ਡਰੇ ਨ ਖੌਫ ਖਾਧਾ ਆਪਣੇ ਆਪ ਨੂੰ ਕਰ ਕੁਰਬਾਨ ਲੰਘੇ
ਜਿਥੋਂ ਰਾਹਾਂ ਦਾ ਪਤਾ ਨ ਲੱਗਦਾ ਸੀ ਬੜੇ ਬੜੇ ਨੇ ਜੰਗਲ ਮਦਾਨ ਲੰਘੇ
ਕਈ ਪਾਸ ਤੋਂ ਚੀਜਾਂ ਖੁਆ ਲਈਆਂ ਐਪਰ ਬਾਗ ਨੂੰ ਜਾਣ ਨੂੰ ਆਨ ਲੰਘੇ
ਬਾਲਣ ਦਾਲ ਤੇ ਆਟੇ ਦੇ ਲੱਦ ਗੱਡੇ ਕਈ ਲੈਕੇ ਬਹੁਤ ਸਮਾਨ ਲੰਘੇ
ਪੇਂਡੂ ਸਿਘ ਕਈ ਚਿੱਟੀਆਂ ਪੱਗਾਂ ਵਾਲੇ ਅੱਜ ਵਧਕੇ ਸੇਵਾ ਕਮਾਨ ਲੰਘੇ
ਮਣਾ ਮੂੰਹੀ ਹੈ ਰਸਦ ਪੁਚਾ ਦਿਤੀ ਅੱਧੀ ਰਾਤ ਨੂੰ ਉੱਠ ਸੁਜ਼ਾਨ ਲੰਘੇ
ਅਸੀਂ ਸਿੰਘ ਅਕਾਲੀ ਕਹਾਂਵਦੇ ਨ ਦਬਕੇ ਮਾਰਕੇ ਆਨ ਮਹਾਨ ਲੰਘੇ
ਅਸਾਂ ਮਾਰ ਨ ਖਾਵਣੀ ਤੁਸਾਂ ਕੋਲੋਂ ਦਸ ਕੇ ਪੁਲਸ ਨੂੰ ਪਤਾ ਨਿਸ਼ਾਨ ਲੰਘੇ
ਗੁਰੂ ਬਾਗ ਨੂੰ ਅਸਾਂ ਜ਼ਰੂਰ ਜਾਣਾ ਫੜੋ ਅਸਾਂ ਨੂੰ ਦੱਸ ਕੇ ਤਾਨ ਲੰਘੇ
ਕਈ ਚੋਰੀ ਕਈ ਸਾਧੀ ਕਈ ਮਾਰਖਾਕੇ ਕਈ ਕਰ ਤਰਲੇ ਜਾਨ ਜਾਨ ਲੰਘੇ
ਬਦੋ ਬਦੀ ਕਈ ਛੁਟਕੇ ਪੁਲਸ ਕੋਲੋਂ ਭੱਜ ਭੱਜ ਕੇ ਆਨ ਨਿਦਾਨ ਲੰਘੇ
ਕਈ ਭੇਸ ਬਦਲਾਕੇ ਲੁਕ ਕਰਕੇ ਕਈ ਦਸ ਕੇ ਦਿਲੀ ਗੁਮਾਨ ਲੰਘੇ
ਕਈ ਦਿਨੇ ਕਈ ਰਾਤ ਨੂੰ ਬੀਰ ਬਾਂਕੇ ਪੱਗਾਂ ਕਾਲੀਆਂ ਧਾਰ ਕਿਰਪਾਨ ਲੰਘੇ
ਮੁੜਕੇ ਪੁਰੀ ਅਨੰਦ ਦਾ ਬਿਸ਼ਨ ਸਿੰਘਾ ਸਿੱਖ ਦੇਕੇ ਔਖਾ ਇਮਤਿਹਾਨ ਲੰਘੇ

[ਕਵਿਰਾਜ ਬਿਲਾਸ]

ਆ ਸਮਝ ਅੰਗ੍ਰੇਜ਼ ਸਿਆਣਿਆਂ ਓਇ ਮਿਲਿਆ ਰਾਜ ਪੰਜਾਬ ਦਾ ਭਾਗ ਤੈਨੂੰ

ਕਾਹਨੂੰ ਜ਼ਾਲਮਾਂ ਵਾਂਗ ਪੁਰਾਣਿਆਂ ਦੇ ਜ਼ੁਲਮ ਕਰਨ ਦੀ ਆ ਗਈਹੈ ਜਾਗ ਤੈਨੂੰ
ਪੱਕੇ ਦੋਸਤਾਂ ਨਾਲ ਵਿਗਾੜ ਲੀਤੀ ਲੱਗ ਗਿਆ ਮਹਾਨ ਏ ਦਾਗ ਤੈਨੂੰ
ਰਲਕੇ ਨਾਲ ਮਹੰਤਾਂ ਪੁਜਾਰੀਆਂ ਦੇ ਕੀ ਮਿਲਿਆ ਹੈ ਵੱਡਾ ਸੁਹਾਗ ਤੈਨੂੰ
ਪਰਜਾ ਗ਼ਰੀਬਾਂ ਦੇ ਨਾਲ ਵਿਗਾੜ ਲੀਤੀ ਪਾਪ ਕਰਨ ਦੀ ਲੱਗੀ ਹੈ ਲਾਗ ਤੈਨੂੰ
ਜਿਸਦੇ ਵਿਚ ਤੂੰ ਮੋਰਚਾ ਲਾ ਦਿੱਤਾ ਕੀ ਦੇਵੇਗਾ ਗੁਰੂ ਕਾ ਬਾਗ ਤੈਨੂੰ

[ਬਾਦਸ਼ਾਹ ਦੇ ਖਿਆਲ ਮੰਗਤਿਆਂ ਵਾਲੇ]

ਅਸੀਂ ਨੌਕਰ ਫਕੀਰ ਹਾਂ ਆਪ ਬਣ ਗਏ ਦੇ ਦਿੱਤਾ ਪੰਜਾਬ ਦਾ ਰਾਜ ਤੈਨੂੰ
ਹੱਥੀਂ ਆਪਣੀ ਆਪ ਸਪੁਰਦ ਕੀਤਾ ਮਹਾਰਾਜ ਦਾ ਤਖਤ ਤੇ ਤਾਜ ਤੈਨੂੰ
ਆਪ ਵਿੱਚ ਵਲੈਤ ਦੇ ਜਾ ਰੁਲਿਆ ਦੇ ਗਿਆ ਹੈ ਕਿਲੇ ਸਮਾਜ ਤੈਨੂੰ
ਕਰ ਗਿਆ ਸਪੁਰਦ ਲਾਹੌਰ ਸਾਰਾ ਸਾਡਾ ਸ਼ੇਰ ਪੰਜਾਬ ਮਹਾਰਾਜ ਤੈਨੂੰ
ਕਿਲੇ ਮਾਲ ਅਸਬਾਬ ਤੇ ਹਾਥੀ ਘੋੜੇ ਮਿਲ ਗਿਆ ਸੁਹਾਗਦਾ ਦਾਜ ਤੈਨੂੰ
ਐਨਾਂ ਲੈਕੇ ਸਬਰ ਨ ਫੇਰ ਆਯਾ ਹੁਣ ਦੇਂਦੇ ਹਾਂ ਖੁਲੀ ਅਵਾਜ਼ ਤੈਨੂੰ
ਲਹੂ ਡੋਲਕੇ ਪਾਲਿਆ ਬਾਗ ਤੇਰਾ ਜਦੋਂ ਪਈ ਸੀ ਪੂਰਬੀ ਭਾਜ ਤੈਨੂੰ
ਉਸਦਾ ਦਿੱਤਾ ਇਨਾਮ ਤੂੰ ਬਹੁਤ ਚੰਗਾ ਆਈ ਮਨ ਦੇ ਵਿਚ ਨ ਲਾਜ ਤੈਨੂੰ
ਆ ਸਮਝ ਹੁਣ ਫੇਰ ਪਏ ਆਖਦੇ ਹਾਂ ਪੈਣਾ ਸਾਡੇ ਹੀ ਨਾਲ ਹੈ ਕਾਜ ਤੈਨੂੰ
ਮਿੰਨਤਾਂ ਨਾਲ ਹਾਂ ਮੰਗਦੇ ਬਿਸ਼ਨ ਸਿੰਘਾ ਦੇਣਾ ਔਖਾ ਕਿਉਂ ਹੋਯਾ ਸੁਰਾਜ ਤੈਨੂੰ

[ਤੈਨੂੰ ਗੁਰੂ ਕੇ ਬਾਗ ਦੇ ਮੋਰਚੇ ਵਿਚੋਂ ਕੀ ਮਿਲੇਗਾ ?]

ਵੱਡਾ ਮੋਰਚਾ ਖਾਲਸੇ ਨਾਲ ਲਾਯਾ ਕੇਹੜੇ ਮਾਲ ਤੇ ਮੁਲਕ ਮਕਾਨ ਬਦਲੇ
ਲੱਖਾਂ ਫੌਜਾਂ ਨੂੰ ਲੈਕੇ ਡਟਿਆ ਹੋਯਾ ਦੱਸੋ ਮਰਦਾ ਹੈ ਕੇਹੜੇ ਸਮਾਨ ਬਦਲੇ
ਸ਼ੇਰਾਂ ਨਾਲ ਹੈ ਵੈਰ ਵਰੋਧ ਪਾਯਾ ਭਗਵੇ ਕਪੜੇ ਗਿਦੜ ਜਹਾਨ ਬਦਲੇ
ਤੰਬੂ ਤਾਨਕੇ ਫੌਜਾਂ ਨੂੰ ਨਾਲ ਲੈਕੇ ਬੈਠਾ ਹੋਯਾ ਹੈਂ ਚਾਂਦੀ ਦੀ ਖਾਨ ਬਦਲੇ
ਗੁਰੂ ਦ੍ਵਾਰੇ ਦੇ ਵਿਚੋਂ ਕੀ ਤੂੰ ਲੈਣਾਂ ਕਾਹਨੂੰ ਬੈਠਾ ਹੈਂ ਜ਼ੁਲਮ ਕਮਾਨ ਬਦਲੇ
ਤੇਰੇ ਗਿਰਜੇ ਦੇ ਵਿਚ ਨ ਅਸੀਂ ਜਾਂਦੇ ਤੂੰ ਆਇਓ ਕਿਉਂ ਸਾਨੂੰ ਸਤਾਨ ਬਦਲੇ
ਅਸੀ ਤੇਰੇ ਤੇ ਪਰਉਪਕਾਰ ਕੀਤਾ ਸਾਥੋਂ ਲਏ ਤੂੰ ਆਨ ਮਹਾਨ ਬਦਲੇ

[ਗੁਰਦ੍ਵਾਰਿਆਂ ਦਾ ਖਾਲਸਾ ਮਾਲਕ ਤੇ ਮਹੰਤ ਨੌਕਰ ਹਨ]

ਪੰਥ ਖਾਲਸਾ ਦੇਸ ਤੋਂ ਕੱਢ ਦਿੱਤਾ ਬਹੁਤੇ ਦੁਸ਼ਟਾਂ ਨੇ ਯੁੱਧ ਮਚਾਇ ਸਮਝੋ
ਗੁਰਦ੍ਵਾਰਿਆਂ ਵਾਸਤੇ ਖਾਲਸੇ ਨੇ ਘਰ ਬਾਹਰ ਵੀ ਆਪਣੇ ਗਵਾਇ ਸਮਝੋ

ਦੇਖ ਬਿਅਦਬੀ ਗੁਰਦ੍ਵਾਰਿਆਂ ਵਿਚ ਹੁੰਦੀ ਬਹੁਤੇ ਸਿੰਘਾਂ ਨੇ ਸਿਰ ਲ ਗਾਇ ਸਮਝੋ
ਦੀਪ ਸਿੰਘ ਮਤਾਬ ਸਿੰਘ ਆਦਿਕਾਂ ਨੇ ਗੁਰਦ੍ਵਾਰੇ ਸੁਧਾਰ ਕਰਾਇ ਸਮਝੋ
ਵੱਡੀ ਭਾਰੀ ਇਕ ਜ਼ੁਲਮ ਦੀ ਸਦੀ ਗੁਜਰੀਵਕਤ ਹਾਕਮਾਂਵਖਤ ਸੀ ਪਾਇਸਮਝੋ
ਸੁੰਏ ਹੋ ਗਏ ਸੀ ਸਿੰਘਾਂ ਦੇ ਗੁਰਦ੍ਵਾਰੇ ਸੋਚ ਕਰਕੇ ਪੰਥ ਦਨਾਇ ਸਮਝੋ
ਸਾਧ ਸੰਤ ਮਹੰਤ ਪੁਜਾਰੀ ਚੁਣਕੇ ਗੁਰੂਦ੍ਵਾਰਿਆਂ ਵਿਚ ਬਹਾਇ ਸਮਝੋ
ਸੇਵਾ ਕਰੋ ਤੇ ਸੰਗਤਾਂ ਨੂੰ ਮਾਨ ਦੇਣਾ ਇਹ ਮਹੰਤਾਂ ਨੂੰ ਹੁਕਮ ਸੁਨਾਇ ਸਮਝੋ
ਨੌਕਰ ਰਖਕੇ ਆਪਣੇ ਪੰਥ ਜੀ ਨੇ ਸਾਧ ਸੰਤ ਮਹੰਤ ਬਣਾਇ ਸਮਝੋ
ਪੁਤ੍ਰ ਗੁਰਾਂ ਦਾ ਮਾਲਕ ਹੈ ਪੰਥ ਸਾਰਾ ਨੌਕਰ ਵਾਂਗ ਮਹੰਤ ਬਠਾਇ ਸਮਝੋ
ਏਸੇ ਤਰਾਂ ਫਿਰ ਸਮਾ ਸੀ ਗੁਜ਼ਰ ਗਿਆ ਸੇਵਾ ਕਰਦੇ ਮਹੰਤ ਏ ਆਇ ਸਮਝੋ
ਪਿੱਛੇ ਚੰਗੇ ਮਹਾਤਮਾਂ ਲੋਕ ਸੀਗੇ ਗੁਰਦ੍ਵਾਰੇ ਸੀ ਜਿੰਨਾਂ ਵਸਾਇ ਸਮਝੋ
ਹੁਣ ਹੋ ਗਏ ਬਦਮਾਸ਼ ਨੇ ਖਾ ਪੂਜਾ ਵੇਹਲੇ ਬੈਠਕੇ ਢਿੱਡ ਵਧਾਇ ਸਮਝੋ
ਨਾਮ ਜਪਣਾ ਤੇ ਸੇਵਾ ਹੈ ਛੱਡ ਦਿੱਤੀ ਆਪਣੇ ਕਾਰ ਵਿਹਾਰ ਚਲਾਇ ਸਮਝੋ
ਰੱਖ ਔਰਤਾਂ ਕਈ ਖਰਾਬ ਲਈਆਂ ਕਈ ਤਰਾਂ ਉਪੱਦ੍ਰ ਉਠਾਇ ਸਮਝੋ
ਅਪਣੀ ਨਿੱਜ ਦੀ ਮਾਲਕੀ ਕਰ ਲੀਤੀ ਗੁਰੂ ਦ੍ਵਾਰੇ ਦੇ ਮਾਲ ਉਡਾਇ ਸਮਝੋ
ਗੁਰੂ ਦ੍ਵਾਰ ਜਗੀਰ ਜਮੀਨ ਸਾਰੀ ਵੇਚ ਕਰਕੇ ਲੰਗਰ ਹਟਾਇ ਸਮਝੋ
ਰਖ ਮੋਟਰਾਂ ਬਘੀਆਂ ਚੜ੍ਹਨ ਉਤੇ ਨਿਤਨੇਮ ਦੇ ਕੰਮ ਭੁਲਾਇ ਸਮਝੋ
ਬੁਰਿਆਂ ਕੰਮਾਂ ਦੇ ਵੱਲ ਖਿਆਲ ਹੋਯਾ ਭਲੇ ਕੰਮ ਨੇ ਸਭ ਘਟਾਇ ਸਮਝੋ
ਸਾਡੇ ਸਾਂਭ ਗੁਰਦਵਾਰੇ ਤੇ ਬਣੇ ਮਾਲਕ ਪੰਥ ਖਾਲਸੇ ਨੇ ਗੁੱਸੇ ਖਾਇ ਸਮਝੋ
ਚਾਲ ਚਲਣ ਸੁਧਾਰ ਗੁਰਦ੍ਵਾਰ ਸਾਂਭੋ ਸਿੰਘਾਂ ਸਭ ਪੁਜਾਰੀ ਸਮਝਾਇ ਸਮਝੋ
ਚੁੱਕੇ ਹੋਇ ਅਮੋੜ ਨ ਮੂਲ ਸਮਝੇ ਅਪਣੇ ਆਪ ਹੀ ਮਾਲਕ ਕਹਾਇ ਸਮਝੋ
ਓੜਕ ਆਨ ਨਨਕਾਣੇ ਤੇ ਤਰਨ ਤਾਰਨ ਪੰਥ ਖਾਲਸੇ ਨੇ ਸਿਰ ਲਾਇਸਮਝੋ
ਰਲਕੇ ਨਾਲ ਮਹੰਤਾਂ ਪੁਜਾਰੀਆਂ ਦੇ ਗੁਰਦ੍ਵਾਰੇ ਸਰਕਾਰ ਦਬਾਇ ਸਮਝੋ
ਗੁਰੂ ਬਾਗ ਦਾ ਹਾਲ ਜੇ ਦੇਖ ਲੀਤਾ ਕੀ ਕੁਝ ਕਾਰੇ ਸਰਕਾਰ ਦਿਖਾਇ ਸਮਝੋ
ਬਦਲੇ ਲਵੇਗਾ ਰੱਬ ਹੀ ਬਿਸ਼ਨ ਸਿੰਘਾ ਬੁਰੇ ਸਿੰਘ ਸਰਕਾਰ ਦੁਖਾਏ ਸਮਝੋ

[ਪਿਛਲੇ ਜ਼ਮਾਨੇ ਦੇ ਜ਼ੁਲਮ ਭੁਲ ਗਏ]

ਪੜ੍ਹ ਦੇਖਿਆ ਪਿਛਲਾ ਹਾਲ ਸਾਰਾ ਅਤੇ ਦੇਖਦੇ ਹੋ ਵਰਤਮਾਨ ਵੱਡਾ

ਦੋਹਾਂ ਸਮਿਆਂ ਤੇ ਦੋਹਾਂ ਹੀ ਬਾਦਸ਼ਾਂਹ ਦਾ ਕਰ ਲੈ ਮੁਕਾਬਲਾ ਆਨ ਵੱਡਾ
ਕੇਹੜਾ ਘੱਟ ਸੀ ਪਰਜਾ ਦੇ ਨਾਲ ਕਰਦਾ ਅਤੇ ਕਿਸਦਾ ਜ਼ੁਲਮ ਜਹਾਨ ਵੱਡਾ
ਪਿਛਲੇ ਸਮੇਂ ਦੇ ਵਿਚ ਤਾਂ ਖਾਲਸਾ ਸੀ ਦੂਜਾ ਬਾਦਸ਼ਾਹ ਸੀ ਮੁਸਲਮਾਨ ਵੱਡਾ
ਏਧਰ ਦਿੱਲੀਓਂ ਤੇ ਓਧਰ ਕਾਬਲ ਤੀਕਰ ਮੁਸਲਮਾਨਾਂ ਦਾ ਰਾਜ ਮਹਾਨ ਵੱਡਾ
ਦੂਜਾ ਖਾਲਸਾ ਗੁਰੂ ਗੋਬਿੰਦ ਸਿੰਘ ਦਾ ਸੀਗਾ ਸ਼ੇਰ ਪੰਜਾਬ ਬਲਵਾਨ ਵੱਡਾ
ਰਾਤ ਦਿਨੇ ਮੁਕਾਬਲਾ ਪਿਆ ਹੋਯਾ ਦੋਹਾਂ ਧਿਰਾਂ ਦਾ ਆਨ ਮਦਾਨ ਵੱਡਾ
ਮਾਰ ਮਾਰਕੇ ਸਿੰਘ ਉਜਾੜ ਦਿਤੇ ਮੁਸਲਮਾਨਾਂ ਨੇ ਕੀਤਾ ਨੁਕਸਾਨ ਵੱਡਾ
ਬਦਲੇ ਝੱਟ ਹੀ ਓਦੋਂ ਹੀ ਲੈ ਲੈਂਦਾ ਸੀਗਾ ਖਾਲਸਾ ਪੰਥ ਜਵਾਨ ਵੱਡਾ
ਕਿਉਂਕਿ ਖਾਲਸੇ ਪਾਸ ਹਥਜਾਰ ਹੈਸੀ ਨਾਲੇ ਜੰਗਲ ਪਹਾੜ ਮਦਾਨ ਵੱਡਾ
ਸਾਰਾ ਮੁਲਕ ਅਜ਼ਾਦ ਸੀ ਫਿਰਨ ਤਾਈਂ ਸੀਗਾ ਸਿੰਘਾਂ ਨੂੰ ਸੁਖ ਮਹਾਨ ਵੱਡਾ
ਇਕਦਰ ਖਾਂਦੇ ਸੀ ਮਾਰਓਜ਼ਾਲਮਾਂ ਤੋਂ ਐਪਰ ਨਾਲ ਹੀ ਕਰਦੇ ਸੀ ਘਾਨ ਵੱਡਾ
ਬਾਦਸ਼ਾਹ ਨੂੰ ਫੜ ਦਰਿਆਵਾਂ ਉਤੇ ਕਰ ਲੈਂਦੇ ਸੀ ਆਪ ਘਮਸਾਨ ਵੱਡਾ
ਮੇਰੇ ਖਾਲਸਾ ਵੀਰ ਬਹਾਦਰੋ ਓਇ ਐਸ ਵਕਤ ਤੇ ਦਿਓ ਧਿਆਨ ਵੱਡਾ
ਮੁਸਲਮਾਨਾਂ ਤੋਂ ਵਧਕੇ ਕਈ ਹਿੱਸੇ ਵਰਤਮਾਨ ਦਾ ਜ਼ੁਲਮ ਮਹਾਨ ਵੱਡਾ
ਇਹਨਾਂ ਜ਼ੁਲਮਾਂ ਤੋਂ ਆਪ ਹੀ ਖ਼ਿਸ਼ਨ ਸਿੰਘਾ ਰੱਖ ਲਏਗਾ ਗੁਰੂ ਭਗਵਾਨ ਵੱਡਾ
ਹੁਣ ਤਾਂ ਸਿੰਘਾਂ ਦੇ ਪਾਸ ਐ ਖਾਲਸਾ ਕੋਈ ਮੁਲਕ ਮਦਾਨ ਮਕਾਨ ਵੀ ਨ
ਡਰਕੇ ਜ਼ੁਲਮ ਤੋਂ ਕੰਘਿਆਂ ਵਿਚ ਵੜ ਗਈ ਰਹੀ ਵਿੱਚ ਮਿਆਨ ਕ੍ਰਿਪਾਨ ਵੀ ਨ
ਜੇਹੜਾ ਦੇਂਦਾ ਉਪਦੇਸ ਓਹਫੜਿਆਜਾਂਦਾ ਖੁਲ੍ਹੀ ਬੋਲਣ ਨੂੰ ਰਹੀ ਜ਼ਬਾਨ ਵੀ ਨ
ਸ਼ਾਂਤੀ ਚੁਪ ਦੇ ਨਾਲ ਪਏ ਮਾਰ ਖਾਂਦੇ ਔਂਦਾ ਦੇਖਦਾ ਗੁਰੂ ਭਗਵਾਨ ਵੀ ਨ
ਨਾਲ ਡੰਡਿਆਂ ਮਾਰਕੇ ਚੂਰ ਕੀਤਾ ਮਦਤ ਗਾਰ ਕੋਈ ਆਉਂਦਾ ਬਲਵਾਨ ਵੀ ਨ
ਅੱਗੋਂ ਹੱਥ ਨ ਚੁੱਕ ਦੇ ਮਾਰ ਖਾਂਦੇ ਕਰਦਾ ਆਣ ਅਕਾਲ ਹੈ ਧਿਆਨ ਵੀ ਨ
ਰਾਜੇ ਬਾਦਸ਼ਾਹ ਭੋਰਿਆਂ ਵਿਚ ਵੜ ਗਏ ਕੋਈ ਦੇਖਦਾ ਆਨ ਨਿਸ਼ਾਨ ਵੀ ਨ
ਪਹਿਲੇ ਦੁਧ ਪਿਆਲਿਆ ਸੱਪ ਤਾਈਂ ਹੁਣ ਸੰਤ ਜੀ ਡੰਗ ਨੂੰ ਖਾਨ ਵੀ ਨ

[ਬਾਜਾਂ ਵਾਲਾ ਗੁਰੂ]

ਜੋਗ ਰਾਜ ਤੇ ਭਾਗ ਜਹਾਨ ਉਤੇ ਸੀਗਾ ਸ਼ਾਹੀ ਸਮਾਨ ਤਮਾਮ ਗੁਰਦਾ
ਦਿਨੇ ਰਾਤ ਜੋ ਕਾਰ ਕਮਾਂਵਦਾ ਸੀ ਹੱਥੀਂ ਬੱਧੀ ਸੰਸਾਰ ਗੁਲਾਮ ਗੁਰਦਾ

ਨਾਮ ਜਪਣਾ ਤੇ ਕਦੀ ਸ਼ਿਕਾਰ ਜਾਣਾ ਜੀਵ ਮਾਰਕੇ ਤਾਰਨੇ ਕਾਮ ਗੁਰਦਾ
ਬਾਜ ਰੱਖਦੇ ਹੱਥ ਤੇ ਬਿਸ਼ਨ ਸਿੰਘਾ ਬਾਜਾਂ ਵਾਲੜਾ ਪੈ ਗਿਆ ਨਾਮ ਗੁਰਦਾ

[ਬਾਜਾਂ ਵਾਲੇ ਗੁਰੂ ਦਾ ਬਾਜ]

ਜਿੰਨਾਂ ਦਿਨਾਂ ਦੇ ਵਿਚ ਅੰਗ੍ਰੇਜ਼ ਆਕੇ ਬੁਰਾ ਸਿੰਘਾਂ ਨੂੰ ਮਾਰ ਮੁਕਾਂਵਦਾ ਹੈ
ਗੁਰੂ ਬਾਗ ਅਜਨਾਲੇ ਦੀ ਸੜਕ ਉਤੇ ਪੁਲ ਛੀਨਿਆਂ ਵਾਲਾ ਕਹਾਂਵਦਾ ਹੈ
ਖਾਸ ਥਾਂ ਏ ਮਾਰ ਸੀ ਪੈਣ ਵਾਲੇ ਏਥੇ ਡੰਡੇ ਅੰਗ੍ਰੇਜ਼ ਚਲਾਂਵਦਾ ਹੈ
ਹੋਰ ਥਾਵਾਂ ਤੇ ਮਾਰਾਂ ਅਨੇਕ ਪਈਆਂ ਕੌਣ ਅੰਤ ਹਿਸਾਬ ਨੂੰ ਲਾਂਵਦਾ ਹੈ
ਏਨਾਂ ਥਾਵਾਂ ਦੀ ਗੱਲ ਮੈਂ ਦਸਦਾ ਹਾਂ ਜਿੱਥੇ ਜ਼ੁਲਮ ਅੰਗ੍ਰੇਜ਼ ਕਮਾਂਵਦਾ ਹੈ
ਵੇਲਾ ਮਾਰਦਾ ਜਦੋਂ ਸੀ ਆਣ ਹੁੰਦਾ ਅਪਣਾ ਰੰਗ ਅਕਾਸ਼ ਬਦਲਾਂਵਦਾ ਹੈ
ਓਸੇ ਵੇਲੇ ਹੀ ਗੁਰੂ ਗੋਬਿੰਦ ਸਿੰਘ ਦਾ ਬਾਜ਼ ਉਡਦਾ ਉਡਦਾ ਆਂਵਦਾ ਹੈ
ਗੁਰੂ ਬਾਗ ਤੋਂ ਆਂਵਦਾ ਅੰਮ੍ਰਿਤਸਰ ਨੂੰ ਪੁਲ ਛੀਨਿਆਂ ਵਾਲੇ ਨੂੰ ਜਾਂਵਦਾ ਹੈ
ਐਨ ਜਦੋਂ ਸੀ ਮਾਰਦਾ ਵਕਤ ਹੁੰਦਾ ਝੱਟ ਬਾਜ ਆ ਦਰਸ ਦਖਾਂਵਦਾ ਹੈ
ਮਾਰ ਖਾਂਦਿਆਂ ਪਿਆ ਬਿਹੋਸ਼ ਸਿੰਘਾਂ ਬਾਜ ਆਣ ਕੇ ਦਿਲ ਵਧਾਂਵਦਾ ਹੈ
ਬੱਦਲ ਪਾਣੀ ਅਕਾਸ਼ ਤੋਂ ਵੇਖ ਕਰਕੇ ਮੋਰ ਮੱਛ ਅਨੰਦ ਮਨ੍ਹਾਂਵਦਾ ਹੈ
ਜਲਦੀ ਦੇਹ ਦਿਦਾਰ ਦਸਮੇਸ ਗੁਰ ਜੀ ਪੰਥ ਖਾਲਸਾ ਦਰਸ ਨੂੰ ਚਾਹੁੰਦਾ ਹੈ
ਬੀਟੀ ਵੇਖਦਾ ਸਿੰਘ ਕਿਉਂ ਖੁਸ਼ੀ ਹੁੰਦੇ ਝੱਟ ਫੜ ਬੰਦੂਕ ਚਲਾਂਵਦਾ ਹੈ
ਐਪਰ ਬਾਜ਼ ਨੂੰ ਗੋਲੀ ਨ ਵੱਜਦੀ ਹੈ ਦਿੱਲ ਵਿੱਚ ਕਚੀਚੀਆਂ ਖਾਂਵਦਾ ਹੈ
ਬਾਜ਼ ਮਾਰਕੇ ਜੇਹੜਾ ਦਿਖਾਵੇ ਮੈਨੂੰ ਦਿਆਂ ਦੋ ਹਜ਼ਾਰ ਸੁਣਾਂਵਦਾ ਹੈ
ਐਪਰ ਬਾਜ਼ ਨੂੰ ਸੱਕਿਆ ਮਾਰ ਕੋਈ ਨ ਦੁਸ਼ਟ ਆਪਣਾ ਦਿਲ ਜਲਾਂਵਦਾ ਹੈ
ਬਾਜ਼ ਉਡਦਾ ਉਡਦਾ ਚੱਲਿਆ ਜਾਂਦਾ ਕਦੀ ਉਡਦਾ ਔਂਦਾ ਸੁਹਾਂਵਦਾ ਹੈ
ਕਦੀ ਜਾ ਦਰਬਾਰ ਦੇ ਵਿਚ ਬਹਿੰਦਾ ਬੈਠਾ ਪੌੜਾਂ ਤੇ ਵੇਖ ਲੈ ਨ੍ਹਾਂਵਦਾ ਹੈ
ਨਾਲ ਪੌਂਚਿਆਂ ਪ੍ਰੇਮ ਦੇ ਨਾਲ ਫੜਕੇ ਬਾਜ਼ ਚਰਨਾਮਿਤ ਮੁਖ ਪਾਂਵਦਾ ਹੈ
ਕਦੀ ਚਲਿਆ ਜਾਂਦਾ ਕਦੀ ਆ ਜਾਂਦਾ ਆਉਂਦਾ ਜਾਂਵਦਾ ਸੰਗਤ ਨੂੰ ਭਾਂਵਦਾ ਹੈ
ਆਸਾ ਵਾਰ ਦਾ ਜਦੋਂ ਹੈ ਭੋਗ ਪੈਂਦਾ ਸਤ ਵਜੇ ਆ ਦਰਸ ਵਿਖਾਂਵਦਾ ਹੈ
ਇੰਤਜਾਰ ਹੁਣ ਗੁਰੂ ਦੀ ਬਿਸ਼ਨ ਸਿੰਘਾ ਪੰਥ ਗੀਤ ਪਰੇਮ ਦੇ ਗਾਂਵਦਾ ਹੈ

[ਬਾਜ਼ ਦੀ ਬਾਬਤ ਅਨਮਤੀਏ ਲੋਕਾਂ ਦਾ ਖਿਆਲ ਤੇ ਕਵਿਰਾਜ ਬਿਲਾਸ]

ਅੰਮ੍ਰਿਤ ਪੀਂਵਦਾ ਤੇ ਬੈਠ ਜਾਂਵਦਾ ਸੀ ਬਾਜ਼ ਗੁਰੂ ਦਾ ਵਿਚ ਦਰਬਾਰ ਦੇਖੋ
ਦਰਸ਼ਨ ਕਰਕੇ ਗੁਰੂ ਪਰੇਮੀਆਂ ਨੇ ਲਿਆ ਆਪਣੇ ਆਪ ਨੂੰ ਤਾਰ ਦੇਖੋ
ਅਤੇ ਸੁਣੋ ਅਨਮਤੀਆਂ ਦੀ ਗੱਲ ਭੈੜੀ ਗੁਰੂ ਨਿੰਦਕ ਜੋ ਵੱਡੇ ਗਵਾਰ ਦੇਖੋ
ਓਹ ਆਖਦੇ ਬਾਜ਼ ਏ ਗੁਰੂ ਦਾ ਨ ਇਹ ਆਂਵਦਾ ਹੈ ਮੱਛੀ ਮਾਰ ਦੇਖੋ
ਭਲਾ ਗੁਰੂ ਦਾ ਬਾਜ਼ ਏ ਕਿੱਥੇ ਹੈਗਾ ਗੱਪਾਂ ਮਾਰਦੇ ਹੈਣ ਹਜ਼ਾਰ ਦੇਖੋ
ਸਿਖ ਦੂਣੇ ਤੇ ਚੌਣੇ ਮਹਾਨ ਹੋ ਗਏ ਏਸੇ ਬਾਜ਼ ਦਾ ਕਰ ਦੀਦਾਰ ਦੇਖੋ
ਮਾਨੋ ਗੁਰਾਂ ਦੇ ਦਰਸ ਹੀ ਕਰ ਲੀਤੇ ਲੀਤੇ ਆਪਣੇ ਕੰਮ ਸਵਾਰ ਦੇਖੋ
ਮਾਰ ਖਾਣ ਗੁਰਦੁਆਰ ਸੁਧਾਰਨੇ ਨੂੰ ਹੋ ਗਏ ਕਈ ਹਜ਼ਾਰ ਤਿਆਰ ਦੇਖੋ
ਚਲੋ ਚਲਕੇ ਜਲਦੀ ਦੀਦਾਰ ਕਰੀਏ ਅੱਜ ਆਂਵਣਾ ਦਸਵੇਂ ਅਵਤਾਰ ਦੇਖੋ
ਏਸੇ ਖੁਸ਼ੀ ਦੇ ਵਿਚ ਹੀ ਅੰਮ੍ਰਿਤਸਰ ਨੂੰ ਆਈਆਂ ਸੰਗਤਾਂ ਬੇਸ਼ੁਮਾਰ ਦੇਖੋ
ਘਟਾਂ ਕਾਲੀਆਂ ਬਣ ਅਕਾਸ਼ ਵਿਚੋਂ ਆਈਆਂ ਉਮਡ ਦਰਬਾਰ ਵਿਚਕਾਰ ਦੇਖੋ
ਏਨ੍ਹਾਂ ਜਾਬਰਾਂ ਤਾਈਂ ਸੁਮਤ ਦੇਕੇ ਕਰਨੀ ਸ਼ਾਂਤੀ ਵਿਚ ਸੰਸਾਰ ਦੇਖੋ
ਅੰਗ ਸੰਗ ਹੈ ਤੁਸਾਂ ਦੇ ਖਾਲਸਾ ਜੀ ਕਿਹਾ ਗੁਰਾਂ ਨੇ ਆਪ ਉਚਾਰ ਦੇਖੋ
ਆਪੋ ਵਿਚ ਇਤਫਾਕ ਦੇ ਨਾਲ ਰਹਿਣਾ ਆਵਾਂ ਮੈਂ ਜ਼ਰੂਰ ਇਕਵਾਰ ਦੇਖੋ
ਤੇਰੇ ਬਾਜ਼ ਦਾ ਦਰਸ਼ਨ ਤਾਂ ਕਰ ਲੀਤਾ ਹੁਣ ਤੇਰੀ ਆ ਹੈ ਇੰਤਜ਼ਾਰ ਦੇਖੋ
ਬਾਜ਼ ਘੱਲਿਆ ਆਪਣਾ ਬਿਸ਼ਨ ਸਿੰਘਾ ਕੀਤਾ ਪੁੱਤਰਾਂ ਨਾਲ ਪਿਆਰ ਦੇਖੋ

[ਸਿਖ ਕੈਦੀਆਂ ਦੀ ਜ਼ਮੀਨ ਤੇ ਤ੍ਰਕੀ ਪਿੰਡਾਂ ਵਾਲਿਆਂ ਦੀ ਸਵਾ]

ਬਾਗ ਗੁਰੂ ਦੇ ਵਾਸਤੇ ਸਿੰਘ ਬਹੁਤੇ ਕੈਦ ਹੋਣ ਨੂੰ ਗਏ ਨੇ ਆਈ ਸਮਝੋ
ਅੱਸੂ ਕੱਤੇ ਤੇ ਮੱਘਰ ਦੇ ਵਿਚ ਹੀ ਸੀ ਹੋਣੀ ਜ਼ਿਮੀ ਦੀ ਸਾਰੀ ਬਿਆਈ ਸਮਝੋ
ਫੇਰ ਵੀ ਖਾਲਸੇ ਨਹੀ ਪਰਵਾਹ ਕੀਤੀ ਸਾਰੀ ਘਰਾਂ ਦੀ ਕਾਰ ਭੁਲਾਈ ਸਮਝੋ
ਪੁਤਾਂ ਧੀਆਂ ਦਾ ਮੋਹ ਤਰੋੜ ਕਰਕੇ ਗੁਰੂ ਬਾਗ ਨੂੰ ਕੀਤੀ ਹੈ ਧਾਈ ਸਮਝੋ
ਅੰਮ੍ਰਿਤਸਰ ਤੋਂ ਤੇ ਆਸ ਪਾਸ ਵੱਲੋਂ ਸੌ ਸੌ ਦੋ ਦੋ ਸੌ ਹੋਈ ਚੜ੍ਹਾਈ ਸਮਝੋ
ਕੀ ਤੁਸੀ ਖਿਆਲ ਹੋ ਇਹ ਕਰਦੇ ਜੇਹੜੇ ਸਿੰਘ ਇਹ ਗਏ ਨੇ ਆਈ ਸਮਝੋ
ਜਿਮੀਂ ਏਨ੍ਹਾਂ ਦੀ ਪਈ ਹੈ ਰਹੀ ਵੇਹਲੀ ਕਿਸੇ ਸਿੰਜੀ ਨ ਬੀਜੀ ਹੈ ਵਾਹੀ ਸਮਝੋ
ਨਹੀਂ ਪਹਿਲੋਂ ਹੈ ਇਹਨਾਂ ਦੀ ਜ਼ਿਮੀਂ ਵਾਹੀ ਆਪਣੀ ਪਿਛੋਂ ਹੈ ਵਾਹੀ ਬਿਜਾਈ ਸਮਝੋ

ਪਿੰਡਾਂ ਵਾਲਿਆਂ ਲੋਕਾਂ ਇਹ ਸਾਰਿਆਂ ਦੀ ਧੰਨਮਾਨ ਦੇ ਯੋਗ ਕਮਾਈ ਸਮਝੋ
ਮਾਝੇ ਮਾਲਵੇ ਦੁਆਬੇ ਤੇ ਬਾਰ ਵਿਚੋਂ ਸਭ ਥਾਓਂ ਗਲ ਸੁਣੀ ਸੁਣਾਈ ਸਮਝੋ
ਇਹ ਸਿੰਘਾਂ ਨੇ ਬੜੀ ਹਮਦਰਦੀ ਕੀਤੀ ਸੂਰਮਤਾਈ ਹੈ ਬੜੀ ਦਿਖਾਈ ਸਮਝੋ
ਸਿਖਾਂ ਕੈਦੀਆਂ ਦੇ ਪਿਛੇ ਘਰ ਅੰਦਰ ਹਰ ਤਰਾਂ ਦੀ ਸੇਵਾ ਕਰਾਈ ਸਮਝੋ
ਆਪਣਾ ਪੀੜਿਆ ਪਿਛੋਂ ਕਮਾਦ ਸਿੰਘਾਂ ਪਹਿਲਾਂ ਓਨਾਂ ਦੀ ਕਰ ਪੜਾਈ ਸਮਝੋ
ਮਾਲ ਡੰਗਰ ਵੀ ਸਾਂਭਿਆ ਕਰੀ ਰਾਖੀ ਫਿਰੇ ਚਾਰਦੇ ਤੇ ਪੱਠੇ ਪਾਈ ਸਮਝੋ
ਪੁਤਾਂ ਧੀਆਂ ਤੇ ਟੱਬਰਾਂ ਦੀ ਕਰੀ ਸੇਵਾ ਪਾਲੇ ਸਿੰਘਾਂ ਦੇ ਬ੍ਰਿਧ ਤੇ ਮਾਈ ਸਮਝੋ
ਪਿੰਡਾਂ ਵਾਲੇ ਵੀ ਆਪ ਨੇ ਬਣੇ ਕੈਦੀ ਵਾਹ ਵਾਹ ਸਿੰਘਾਂ ਦੀ ਇਹ ਕਮਾਈ ਸਮਝੋ
ਕਈਆਂ ਜੈਲਦਾਰਾਂ ਤੇ ਸਫੈਦ ਪੋਸ਼ਾਂ ਪਿਛੋਂ ਸਿੰਘਾਂ ਦੀ ਕੁਰਕੀ ਕਰਾਈ ਸਮਝੋ
ਗੁਰੂ ਬਾਗ ਦੇ ਵਾਸਤੇ ਕੈਦ ਹੋਏ ਜੁਰਮ ਆਣਕੇ ਦਿਤਾ ਹੈ ਲਾਈ ਸਮਝੋ
ਇਹ ਹੋਯਾ ਜੁਰਮਾਨਾ ਸਿਖ ਕੈਦੀਆਂ ਨੂੰ ਹੁਕਮ ਆਣ ਸੁਣਾਯਾ ਕਸਾਈ ਸਮਝੋ
ਲੇਖੇ ਅੰਤ ਨੂੰ ਹੋਣਗੇ ਬਿਸ਼ਨ ਸਿੰਘਾ ਜੇਹੜੀ ਜ਼ਾਲਮਾਂ ਅੰਨ੍ਹੀ ਮਚਾਈ ਸਮਝੋ

੧੫ ਸਤੰਬਰ ੧੯੨੨ ਹੇਅਰ ਪਿੰਡ ਸ੍ਰੀ ਅੰਮ੍ਰਿਤਸਰ ਸੜਕ ਅਜਨਾਲਾ ਦੀ ਪੁਰਾਤਨ ਸਮੇਂ ਨੂੰ ਚੇਤਾ ਕਰਾਉਣ ਵਾਲੀ ਝਾਕੀ

ਕਬਿੱਤ

ਪੰਦਰਾਂ ਸਤੰਬਰ ਨੂੰ ਦੁਆਬੇ ਦੇ ਨਿਵਾਸੀ ਵੀਰ ਚਾਰ ਸਿੰਘ ਤੁਰੇ ਗੁਰੂ ਬਾਗ ਨੂੰ ਸੀ ਜਾਂਵਦੇ
ਬੜੇਹੀ ਗਰੀਬ ਪੇਟੋਂ ਭੁੱਖੇ ਸੀ ਵਿਚਾਰੇ ਚਾਰੇ ਚਾਰ ਮੀਲ ਸੁਧਾਸਰੋਂ ਹੇਅਰ ਪਿੰਡ ਆਂਵਦੇ
ਸੜਕ ਦੇ ਕੰਢੇ ਤੇ ਖੜੋਕੇ ਪਿੰਡੋਂ ਸਾਹਮਣੇ ਹੋ ਕਿੱਕਰ ਦੇ ਲੁੰਗ ਤੋੜ ਤੋੜ ਪਏ ਖਾਂਵਦੇ
ਭੁੱਖਦਾ ਏ ਦੁੱਖ ਬੜਾ ਡਾਢਾ ਹੈ ਬਿਸ਼ਨ ਸਿੰਘ ਭਗਤ ਫਰੀਦ ਹੋਰੀਂ ਆਪ ਨੇ ਸੁਣਾਂਵਦੇ

ਹੇਅਰ ਪਿੰਡ ਦੀ ਇੱਕ ਬੀਬੀ

ਹੇਅਰ ਪਿੰਡ ਤੋਂ ਨਿਕਲ ਕੇ ਇੱਕ ਬੀਬੀ ਪਹੁੰਚੀ ਸੜਕ ਉਤੇ ਦੇਖੋ ਆਨ ਏਧਰ
ਸਿਰਤੇ ਰੋਟੀਆਂ ਲੱਸੀ ਦਾ ਇਕ ਭਾਂਡਾ ਤੁਰੀ ਆਂਵਦੀ ਚੁੱਕ ਸੁਜਾਨ ਏਧਰ
ਓਨਾਂ ਵਾਸਤੇ ਲੱਸੀ ਤੇ ਰੋਟੀਆਂ ਏ, ਪਤੀ ਦੇਉਰ ਜੋ ਖੇਤ ਨੂੰ ਵਾਹੁ ਏਧਰ
ਸਿੰਘ ਗੁਰੂ ਕੇ ਲੁੰਗਾਂ ਨੂੰ ਤੋੜ ਖਾਂਦੇ ਇਸ ਬੀਬੀ ਦਾ ਪਿਆ ਧਿਆਨ ਏਧਰ
ਸਿਰ ਤੋਂ ਰੋਟੀਆਂ ਰੱਖਕੇ ਬੈਠ ਜਾਂਦੀ ਕਹਿੰਦੀ ਖਾਂਦੇ ਕਿਉਂ ਕਿੱਕਰ ਦਾ ਰੁੱਖ ਵੱਡਾ

ਖੇਤਾਂ ਵਿਚ ਸੀ ਅੰਨ ਪਕਾ ਰਖਦੇ ਜਾਂਦੇ ਸਿੰਘਾਂ ਨੂੰ ਘਰ ਖੁਆ ਕਰਕੇ
ਓਹੋ ਸਮਾਂ ਪਰਤੱਖ ਹੈ ਦੇਖ ਲੀਤਾ ਨੌਕਰ ਸ਼ਾਹੀ ਦੇ ਰਾਜ ਵਿਚ ਆ ਕਰਕੇ
ਕਈਆਂ ਪਿੰਡਾਂ ਵਾਲੇ ਹੋਰ ਲੋਕ ਵੇਖੋ ਬੈਠੇ ਸੜਕ ਤੇ ਡੇਰੇ ਨੇ ਲਾ ਕਰਕੇ
ਆਉਂਦੇ ਜਾਂਦਿਆਂ ਜਥਿਆਂ ਨੂੰ ਦੇਂਵਦੇ ਨੇ ਲੱਸੀ ਦੁੱਧ ਤੇ ਚਾਹ ਬਣਾ ਕਰਕੇ
ਕਈਆਂ ਪ੍ਰੇਮੀਆਂ ਅੰਨ ਦੇ ਟੋਕਰੇ ਭਰ ਰੱਖੇ ਖੇਤਾਂ ਦੇ ਵਿਚ ਲੁਕਾ ਕਰਕੇ
ਨੌਕਰਸ਼ਾਹੀ ਦੇ ਜ਼ੁਲਮਾਂ ਤੋਂ ਪਏ ਡਰਦੇ ਰੱਖੇ ਹੋਇ ਨੇ ਅੰਨ ਛਪਾ ਕਰਕੇ
ਆਉਂਦੇ ਜਾਂਦੇ ਅਕਾਲੀ ਕਈ ਰਾਹਾਂ ਵਿਚੋਂ ਜਾਂਦੇ ਖਾ ਅਨੰਦ ਮਨਾ ਕਰਕੇ
ਕਈਆਂ ਮਾਈਆਂ ਪ੍ਰੇਮਣਾਂ ਸਿੰਘਣੀਆਂ ਨੇ ਰੱਖੇ ਹੋਏ ਨੇ ਦਾਣੇ ਭੁਨਾ ਕਰਕੇ
ਕਈ ਲੱਸੀ ਤੇ ਦੁਧ ਦੀਆਂ ਚਾਟੀਆਂ ਲੈ ਲੁਕ ਬੈਠੀਆਂ ਖੇਤਾਂ ਵਿਚ ਜਾ ਕਰਕੇ
ਜਿੰਨੀ ਜਿੰਨੀ ਹੋ ਸਕਦੀ ਸੀ ਸੇਵਾ ਬੈਠੇ ਸਾਰੇ ਨੇ ਸੇਵਾ ਕਮਾ ਕਰਕੇ
ਧੰਨ ਗੁਰੂ ਦੇ ਸਿਖ ਤੇ ਧੰਨ ਗੁਰੂ ਜੀ ਦਿਤਾ ਪੰਥ ਨੂੰ ਫੇਰ ਜਗਾ ਕਰਕੇ
ਬਾਗ ਗੁਰੂ ਦਾ ਘਟ ਕੋਈ ਜਾਣਦਾ ਸੀ ਨਾਮ ਨਹੀਂ ਸੀ ਮਸ਼ਹੂਰ ਏ ਆ ਕਰਕੇ
ਗੁਰਦੁਆਰਾ ਹੈ ਇਹ ਮਸ਼ਹੂਰ ਕੀਤਾ ਭਾਣਾ ਸਿੱਖਾਂ ਤੇ ਇਹ ਵਰਤਾ ਕਰਕੇ
ਗੁਰੂ ਬਾਗ ਦੀ ਸਿੱਖਾਂ ਨੇ ਸੇਵਾ ਕੀਤੀ ਸਿਰ ਅਪਣੇ ਦੁਖ ਉਠਾ ਕਰਕੇ
ਭਰੇ ਜੇਲ ਖਾਨੇ ਖਾਧੀ ਮਾਰ ਡਾਢੀ ਅਪਣੇ ਘਰਾਂ ਦੇ ਕੰਮ ਵਿਗੜਾ ਕਰਕੇ
ਬੈਠੇ ਨਾਲ ਅਰਾਮ ਦੇ ਬਿਸ਼ਨ ਸਿੰਘਾ ਗੁਰੂ ਬਾਗ ਦੀ ਮਹਿਮਾ ਵਧਾ ਕਰਕੇ

[ਇਕ ਬੁਢੇ ਸਿੰਘ ਦੀ ਬਹਾਦਰੀ ਵੇਖਕੇ ਬੀਟੀ ਨੇ ਹੈਰਾਨ ਹੋ ਜਾਣਾ]

ਚੌਪਈ

ਇਕ ਬਾਬੇ ਦੀ ਸੁਣ ਲੋ ਸਾਖੀ * ਗੁਰੂ ਬਾਗ ਵਿਚ ਵੇਖੀ ਆਖੀ
ਕੀਤੀ ਬੜੀ ਪਾਪੀਆਂ ਤੰਗੀ * ਕੀਤੀ ਖੜੀ ਫੌਜ ਸੀ ਜੰਗੀ
ਅੰਦਰ ਜਾਣ ਰਸਦ ਨਹੀਂ ਦੇਂਦੇ * ਰਾਹ ਵਿਚੋਂ ਪਾਪੀ ਖੋਹ ਲੈਂਦੇ
ਹਾਹਾ ਕਾਰ ਦੇਸ ਤੇ ਮੱਚੀ * ਫੈਲੀ ਗੱਲ ਦੇਸ ਤੇ ਸੱਚੀ
ਜਦ ਐਂਡ੍ਰੂ ਦੀ ਮੱਸਜਾ ਆਈ * ਦੇਂਦੀ ਦੁਨੀਆਂ ਬਹੁਤ ਦੁਹਾਈ
ਤਦ ਸੋਚਨ ਲੱਗੇ ਹਤਿਆਰੇ * ਅੱਸਾਂ ਅਕਾਲੀ ਭੁੱਖੇ ਮਾਰੇ
ਕੀਤਾ ਅਸਾਂ ਕੰਮ ਇਹ ਮਾੜਾ * ਪਿਆ ਦੇਸ ਤੇ ਹਾ ਹਾ ਕਾਰਾ
ਰਸਦ ਜਾਣ ਦੀ ਦਿੱਤੀ ਖੁੱਲ * ਮੰਨੀ ਆਣ ਆਪਣੀ ਭੁੱਲ

ਇਕ ਇੱਕ ਜਣਾ ਬਾਗ ਨੂੰ ਆਵੇ * ਬੰਨ੍ਹ ਬੰਨ੍ਹ ਪੱਲੇ ਰਸਦ ਲਿਆਵੇ
ਬੇਸ਼ਕ ਬਾਲਣ ਵੀ ਲੈ ਜਾਵੇ * ਗੁਰੂ ਬਾਗ ਦੇ ਵਿੱਚ ਪੁਚਾਵੇ
ਇਹ ਸੁਣ ਬਹੁਤ ਲੋਕ ਉਠ ਧਾਏ * ਗੁਰੂ ਬਾਗ ਨੂੰ ਦੌੜੇ ਆਏ
ਉਸ ਵੇਲੇ ਦੀ ਇਕ ਕਹਾਣੀ * ਦੱਸਾਂ ਮਨ ਨੂੰ ਬਹੁਤੀ ਭਾਣੀ
ਇੱਕ ਸ਼ਤੀਰ ਵੱਡਾ ਭਾਰਾ * ਚਹੁ ਜਣਿਆਂ ਨੇ ਚੁੱਕਿਆ ਸਾਰਾ
ਗੁਰੂ ਬਾਗ ਨੂੰ ਲੈਕੇ ਆਏ * ਮਨ ਵਿਚ ਬਹੁਤ ਅਨੰਦ ਮਨਾਏ
ਅਗੇ ਖੜਾ ਹੋਯਾ ਸੀ ਬੀਟੀ * ਲੀਤਾ ਰੋਕ ਮਾਰ ਕੇ ਸੀਟੀ
ਇੱਕ ਜਣਾ ਕੋਈ ਚੁੱਕ ਲੈ ਜਾਵੇ * ਗੁਰੂ ਬਾਗ ਦੇ ਅੰਦਰ ਜਾਵੇ
ਇੱਕ ਬੁੱਢੇ ਨੇ ਉਸੇ ਵੇਲੇ * ਦੇਖਦਿਆਂ ਹੀ ਵਿੱਚੇ ਮੇਲੇ
ਧਰਿਆ ਸ਼ਤੀਰ ਮੋਢੇ ਉਤੇ * ਦੇਖ ਰਹੇ ਕਈ ਪਾਪੀ ਸੁੱਤੇ
ਤੁਰਿਆ ਗੁਰੂ ਬਾਗ ਦੀ ਵੱਲ * ਆਖੀ ਫੇਰ ਬੀਟੀ ਨੂੰ ਗੱਲ
ਤੂੰ ਵੀ ਇਸ ਦੇ ਉਤੇ ਚੜ੍ਹ ਬਹੁ * ਪਾਪੀ ਤਰਦੇ ਤੂੰ ਵੀ ਤਰ ਬਹੁ
ਬੀਟੀ ਹੋਯਾ ਦੇਖ ਹੈਰਾਨ * ਧੰਨ ਗੁਰੂ ਤੇ ਸਿੱਖ ਮਹਾਨ
ਬਿਸ਼ਨ ਸਿੰਘ ਜਾਵੇ ਬਲਿਹਾਰੀ * ਤਨ ਮਨ ਅਪਣਾ ਦੇਵੇ ਵਾਰੀ

[ਅਨੰਗ ਸੇਖਰ ਛੰਦ]

ਅਕਾਲ ਪੁਰਖ ਸਾਜਿਆ ਨਿਵਾਜਿਆ ਸੁ ਏਹ ਪੰਥ।
ਰਾਜਿਆ ਬਿਰਾਜਿਆ ਏਹ ਚਾਰ ਜੁਗ ਕਾਲਸਾ
ਅਕਾਸ ਬੀਚ ਏਸ ਬਾਗ ਬੀਜ ਦਾ ਫਲਾਉ ਛਾਉ
ਮੂਲ ਮੁੱਢ ਜਾਪਦਾ ਮਹਾਨ ਹੈ ਪਤਾਲਸਾ
ਗਊ ਗਰੀਬ ਪਾਲਸਾ ਸੁਦੇਸ਼ ਦੁਸ਼ਟ ਘਾਲਸਾ
ਸੁ ਚਾਲ ਆਦਿ ਅੰਤ ਤੋਂ ਸੁ ਏਸਦੀ ਨਿਰਾਲਸਾ
ਨ ਜਾਂਵਦਾ ਨ ਆਂਵਦਾ ਨ ਜੂਨ ਵਿਚ ਧਾਂਵਦਾ
ਗੁਰੂ ਗੋਬਿੰਦ ਸਿੰਘ ਦਾ ਅਕਾਲ ਪੰਥ ਖਾਲਸਾ
ਅਨੇਕ ਦੁਸ਼ਟ ਦੋਖਿਜੰ ਕਰੰਨ ਪਾਪ ਸੋਖਿਜੰ
ਸੁ ਆਪ ਹਾਥ ਪੋਖਿਜੰ ਨ ਰੋਖਿਜੰ ਕਮਾਲਸਾ
ਸੁ ਏਕ ਚਾਲ ਚਾਲਦਾ ਭਰੋਸ ਹੈ ਅਕਾਲ ਦਾ

ਅਪਾਰ ਜਾਲ ਜਾਲਦਾ ਫਰੰਗੜਾ ਕੁਚਾਲਸਾ
ਸੁ ਹਾਥ ਹਾਖ ਮਾਥ ਪੈ ਅਨਾਥ ਨਾਥ ਸਾਥ ਹੈ
ਸੁ ਗਾਥ ਹੈ ਪ੍ਰਸਿਧ ਸਿਧ ਨਾਥ ਪੰਥ ਪਾਲਸਾ
ਨ ਜਾਂਵਦਾ ਨ ਆਂਵਦਾ ਨ ਜੂਨ ਵਿੱਚ ਧਾਂਵਦਾ
ਗੁਰੂ ਗੋਬਿੰਦ ਸਿੰਘ ਦਾ ਅਕਾਲ ਪੰਥ ਖਾਲਸਾ

[ਤ੍ਰਿਭੰਗੀ ਛੰਦ]

ਗੁਰ ਨਾਨਕ ਪਜਾਰੇ ਸ੍ਰੀ ਨਰੰਕਾਰੇ ਪਰਮ ਉਦਾਰੇ ਸਤਗੁਰ ਜੀ
ਨਰ ਪੱਥਰ ਭਾਰੇ ਤੁਮ ਵੱਡ ਤਾਰੇ ਤਾਰੇ ਤਾਰੇ ਸੁਰ ਪੁਰ ਜੀ
ਸਭ ਖਲਕਤ ਭਾਰੀ ਧਰਤੀ ਸਾਰੀ ਫਿਰ ਇਕ ਵਾਰੀ ਪਗ ਤੁਰ ਜੀ
ਨਰ ਦਾਸ ਨਿਮਾਮੀ ਸਤਿਗੁਰ ਸ੍ਵਾਮੀ ਅੰਤਰਜਾਮੀ ਹਰਿ ਧੁਰ ਜੀ

ਤਥਾ

ਸਾਰਾ ਦੁਨੀਆਂ ਦਾ ਸੁਖ ਤਿਆਗ ਕਰਕੇ ਤੈਨੇ ਤਾਰਿਆ ਕੁਲ ਜਹਾਨ ਬਾਬਾ
ਦੇਸ ਦੇਸ ਤੇ ਜਾ ਪ੍ਰਚਾਰ ਕੀਤਾ ਲਾਯਾ ਨਾਮ ਦਾ ਬਾਗ ਮਹਾਨ ਬਾਬਾ
ਬਾਗ ਮੰਗਲਾ ਦੀਪ ਦਾ ਸੁੱਕਾ ਹੋਯਾ ਕੀਤਾ ਫੇਰ ਹਰਿਆਵਲਾ ਆਨ ਬਾਬਾ
ਵੇਲਾਂ ਵਧੀਆਂ ਚੜ੍ਹ ਅਸਮਾਨ ਆਈਆਂ ਪਾਯਾ ਹਾਥੀਆਂ ਆਨ ਘਮਸਾਨ ਬਾਬਾ
ਏਸ ਬਾਗ ਦੇ ਵਾਸਤੇ ਗੁਰੂ ਅਰਜਨ ਗੁਰੂ ਤੇਗ ਬਹਾਦਰ ਬਲਵਾਨ ਬਾਬਾ
ਦਿੱਲੀ ਵਿਚ ਲਾਹੌਰ ਦੇ ਹੱਸ ਕਰਕੇ ਹੋਯਾ ਪੋਤਾ ਤੇ ਨਾਲੇ ਕੁਰਬਾਨ ਬਾਬਾ
ਸਾਹਿਬ ਜ਼ਾਦਿਆਂ ਗੁਰਾਂ ਨੇ ਦੁਖ ਪਾਯਾ ਏਸੇ ਬਾਗ ਦੇ ਵਾਸਤੇ ਜਾਨ ਬਾਬਾ
ਏਸੇ ਬਾਗ ਦੇ ਵਾਸਤੇ ਪੰਥ ਸਾਰਾ ਹੋਯਾ ਮਾਰ ਖਾ ਲਹੂ ਲੁਹਾਨ ਬਾਬਾ
ਏਸੇ ਬਾਗ ਦੀਆਂ ਬੁਲ ਬੁਲਾਂ ਪਕੜ ਕਰਕੇ ਪਾਈਆਂ ਪਿੰਜਰੇ ਪਾ ਧਿਆਨ ਬਾਬਾ
ਨਾਲ ਲਹੂ ਦੇ ਸਿੰਜਿਆ ਆਪ ਜੇਹੜਾ ਤੇਰਾ ਬਾਗ ਹੋ ਰਿਹਾ ਵੈਰਾਨ ਬਾਬਾ

ਸਵੱਯਾ—ਆਤਰ ਹੋਇ ਅਪਾਰ ਗਿਆ ਇਹ ਭਾਰਤ ਭਾਰ ਪਹਾਰ ਤੇ ਭਾਰਾ
ਪਾਪ ਬਿਨਾਸ਼ਨ ਪੁੰਨ ਪ੍ਰਕਾਸ਼ਨ ਪੋਖਨ ਦਾਸਨ ਹੈ ਤਨ ਧਾਰਾ
ਖਾਸ ਹਰੀ ਇਹ ਦੇਹ ਧਰੀ ਇਕ ਆਨ ਤਰੀ ਦੁਨਿਯਾਂ ਇਸ ਵਾਰਾ
ਜਾਗ ਉੱਠੇ ਅਜ ਭਾਗ ਵਡੇ ਜਗ ਆਇ ਗਿਆ ਗੁਰ ਨਾਨਕ ਪਜਾਰ

ਕਬਿਤ

ਭਾਰਤ ਬਿਮਾਰ ਦੀ ਪੁਕਾਰ ਹਾ ਹਾ ਕਾਰ ਸੁਣ ਆਪ ਕਰਤਾਰ ਅਵਤਾਰ ਆਣ ਧਾਰਿਆ

ਬਾਰ ਦੀ ਸੁਭਾਗ ਭਰੀ ਧਰਤੀ ਪਵਿੱਤ੍ਰ ਕੀਤੀ ਮਾਤਾ ਪਿਤਾ ਵਾਲਾ ਮੋਹ ਤੋੜਕੇ ਪਿਆਰਿਆ
ਪੂਰਬ ਤੇ ਪੱਛਮ ਔ ਦੱਖਣ ਪਹਾੜ ਸਾਰੇ ਚਾਰੇ ਚੱਕ ਫੇਰਾ ਮਾਰ ਜਗਤ ਉਧਾਰਿਆ
ਸਾਗਰ ਅਥਾਹ ਵਿੱਚੋਂ ਨਾਮ ਵਾਲੇ ਬੇੜੇ ਚਾੜ੍ਹ ਸਿਰੀ ਗੁਰੂ ਨਾਨਕ ਜਹਾਨ ਸਾਰਾ ਤਾਰਿਆ

---o---

ਕੌੜਿਆਂ ਜੁਗੀਸ਼ਰਾਂ ਨੂੰ ਮਿੱਠਿਆਂ ਬਣਾਇਆ ਵੇਖੋ ਅਜਬ ਤਮਾਸ਼ਾ ਗੁਰੂ ਨਾਨਕ ਦਾ ਡਿੱਠਾ ਹੈ
ਪਾਰਸ ਨੇ ਸੋਨਾਂ ਕੀਤਾ ਭ੍ਰਿੰਗੀਆਂ ਨੇ ਭ੍ਰਿੰਗੀ ਕੀਤਾ ਚੰਦਨ ਨੇ ਚੰਦਨ ਨ ਬਾਂਸ ਦੀਨ ਪਿੱਠਾ ਹੈ
ਕਾਮੀਆਂ ਕਰੋਧੀਆਂ ਤੇ ਪਾਪੀਆਂ ਤੇ ਦੋਖੀਆਂ ਦਾ ਬਦਲ ਸੁਭਾਵ ਦਿੱਤਾ ਸਾਰਿਆਂ ਦਾ ਇੱਠਾ ਹੈ
ਵੇਖ ਲੌ ਪ੍ਰਤੱਛ ਅੱਜ ਰੇਠਾ ਰੁਖ ਜੰਗਲ ਦਾ ਇੱਕ ਪਾਸੇ ਕੌੜਾ ਅਤੇ ਇੱਕ ਪਾਸੇ ਮਿੱਠਾ ਹੈ

---o---

ਕਾਬਲ ਵਲੈਤ ਖੁਰਾਸਾਨ ਤੋਂ ਪਠਾਨ ਆਇ ਮੱਲ ਹਿੰਦੁਸਤਾਨ ਕੀਤਾ ਜ਼ੁਲਮ ਮਹਾਨ ਹੈ
ਬਿਨਾਂ ਹਥਿਆਰੇ ਮਾਰੇ ਸਾਰੇ ਹੀ ਵਿਚਾਰੇ ਬੈਠੇ ਜ਼ੁਲਮ ਨੇ ਭਾਰੇ ਹੋਏ ਅੰਗਰੇਜ਼ ਆਨ ਹੈ
ਦੁਖੀਆਂ ਦੀ ਸਾਰ ਲੈਣ ਘਰ ਦੇ ਵਿਸਾਰ ਕੰਮ ਆਯਾ ਗੁਰ ਨਾਨਕ ਜੀ ਆਪ ਭਗਵਾਨ ਹੈ
ਬਾਲ੍ਹੇ ਸਿੱਖ ਮਰਦਾਂ ਨੇ ਦੱਸਿਆ ਨਜ਼ਾਰਾ ਭਾਰਾ ਐਡੀ ਮਾਰ ਪਈ ਕੂਕ ਉਠਿਆ ਜਹਾਨ ਹੈ

---o---

ਹੋਯਾ ਅਵਤਾਰ ਕਰਤਾਰ ਗੁਰ ਨਾਨਕ ਦਾ ਜ਼ੁਲਮਾਂ ਦੇ ਨਾਲ ਦੁਨਿਆਈ ਜਦੋਂ ਅੱਕੀਏ
ਦੇਸ ਦੇ ਭਗਤ ਸੰਤ ਫੌਜ ਗੁਰ ਨਾਨਕ ਦੀ ਜ਼ਾਲਮ ਫਰੰਗੜੇ ਨੇ ਜੇਲ੍ਹ ਵਿਚ ਡੱਕੀਏ
ਮਾਰਿਆ ਬਿਦੋਸਿਆਂ ਨਿਮਾਣਿਆਂ ਵਿਚਾਰਿਆਂ ਨੂੰ ਹੁੰਦਾ ਇਨਸਾਫ ਹੈ ਜਹਾਨ ਵਿਚ ਤੱਕੀਏ
ਕਰ ਲੈ ਮੁਕਾਬਲਾ ਜੋ ਓਸ ਵੇਲੇ ਨਾਲੋਂ ਵਧ ਡਾਂਗ ਅੰਗਰੇਜ਼ ਦੀ ਕਿ ਬਾਬਰ ਦੀ ਚੱਕੀਏ

---o---

ਏਮਨਾ ਜੋ ਬਾਦ ਨਾਲੋਂ ਗੁਰੂ ਬਾਗ ਵਿੱਚ ਦੇਖੋ ਫੜੋ ਫੜੀ ਸੰਤਾਂ ਤੇ ਫਕੀਰਾਂ ਦੀ ਮੈਂ ਤੱਕੀਏ
ਓਸ ਮਾਰ ਮਾਰਿਆ ਤੇ ਏਸ ਮਾਰ ਮਾਰਿਆ ਨ ਕੀਤੀ ਨੌਕਰਸ਼ਾਹੀ ਨੇ ਮਹਾਨ੍ਹ ਧੱਕੇ ਧੱਕੀਏ
ਡਾਰਾਂ ਦੀਆਂ ਡਾਰਾਂ ਵਿਚ ਪਾਈਆਂ ਨੇ ਪਿੰਜਰੇ ਦੇ ਹੋਈ ਦੁਨਆਈ ਦੇਖ ਹੱਕੀਏ ਤੇ ਙੱਕੀਏ
ਕਰ ਲੈ ਮੁਕਾਬਲਾ ਜੋ ਓਸ ਵੇਲੇ ਨਾਲੋਂ ਵਧ ਡਾਂਗ ਅੰਗਰੇਜ਼ ਦੀ ਕਿ ਬਾਬਰ ਦੀ ਚੱਕੀਏ

---o---

ਦ੍ਰੋਪਤੀ ਦੇ ਕਪੜੇ ਉਤਾਰੇ ਦੁਰਜੋਧਨ ਨੇ ਬੁਧ ਭਗਵਾਨ ਜੀ ਨੇ ਆਪ ਉਲਟਾਈਏ
ਰਾਵਨ ਚੁਰਾਈ ਸੀਤਾ ਮਹਾਰਾਜੇ ਰਾਮ ਜੀ ਦੀ ਓਸਦਾ ਨ ਤੀਜਾ ਫੇਰ ਹੋਯਾ ਕੀ ਬਤਾਈਏ
ਕਿੱਥੇ ਓਹ ਜ਼ਾਲਮ ਔਰੰਗਾ ਹਰਨਾਕਸ਼ ਜੋ ਜਿੰਨਾ ਜਿੰਨਾ ਜੱਗ ਉਤੇ ਆਪਣੀ ਚਲਾਈਏ
ਕੂਕ ਉਠੇ ਦੇਸ ਵਿਚ ਜਗਤ ਦੇ ਭਗਤ ਜੋ ਮਾਰ ਏ ਕਸਾਈ ਦੀ ਨੇ ਦੁਨੀਆਂ ਕੰਬਾਈਏ

---o---

ਬਣ ਜਾ ਮੁਰੀਦ ਅੱਜ ਪਰਜਾ ਦਾ ਜ਼ਾਲਮਾ ਓ ਤੇਰੇ ਸੁਖ ਵਾਸਤੇ ਮੈਂ ਸਿੱਖਿਆ ਅਲਾਈਏ
ਜਦੋਂ ਜਦੋਂ ਕੋਈ ਪਾਪ ਕਰਦਾ ਜਹਾਨ ਵਿਚ ਤਦੋਂ ਤਦੋਂ ਜਾਣੋਂ ਮੌਤ ਓਸਦੀ ਹੀ ਆਈਏ
ਰਜਾ ਦੇ ਨਾਲ ਜੋ ਮੁਕਾਬਲਾ ਹੈ ਭੂਪਤ ਦਾ ਕਦੀ ਵੀ ਹੋ ਸੱਕਦਾ ਨ ਜਾਣਦੀ ਦੁਨਾਈਏ
ਖਿਆ ਨਜ਼ਾਰਾ ਸਾਰਾ ਅੱਖੀਂ ਮੈਂ ਬਿਸ਼ਨ ਸਿੰਘ ਮਾਰ ਏ ਕਸਾਈ ਦੀ ਨੇ ਦੁਨੀਆਂ ਕੰਬਾਈਏ
ਦ੍ਰੋਪਤੀ ਦਾ ਹਾਲ ਦੇਖ ਪਾਂਡਵ ਵਿਚਾਰੇ ਬੀਰ ਸ਼ਾਂਤਮਈ ਰਹੇ ਇਹ ਕੀਨ ਰੀਤ ਭਲੀ ਹੈ

ਰਾਵਣ ਨੇ ਲਹੂ ਪੀਤਾ ਰਿਖੀਆਂ ਮਹਾਤਮਾਂ ਦਾ ਭਾਵੀ ਹੋਣ ਹਾਰ ਨਹੀਂ ਰਾਵਣ ਤੋਂ ਟਲੀ ਹੈ
ਲੈਣਾ ਹੈ ਸੁਰਾਜ ਦੈਂਤ ਮੰਡਲ ਤੋਂ ਸ਼ਾਂਤ ਨਾਲ ਜਾਨ ਰਖ ਲਈ ਅੱਜ ਦੇਵਤਾਨ ਤਲੀ ਹੈ
ਮੁੱਢ ਤੋਂ ਹੀ ਲੋਕ ਸਾਰੇ ਜਾਣਦੇ ਬਿਸ਼ਨ ਸਿੰਘ ਪਾਪੀਆਂ ਦੇ ਮਾਰਨੇ ਨੂੰ ਪਾਪ ਮਹਾਂ ਬਲੀ ਹੈ
ਲੀਤਾ ਇਮਤਿਹਾਨ ਜਦੋਂ ਆਦਿ ਗੁਰ ਨਾਨਕ ਜੀ ਅੰਗਦ ਜੀ ਪਾਸ ਹੋਕੇ ਅੱਵਲ ਰਹਾ ਗਏ
ਫੇਰ ਗੁਰੂ ਦਸਵੇਂ ਨੇ ਪਰਚਾ ਸਖਤ ਪਾਯਾ ਪੰਜ ਸਿਖ ਪਾਸ ਹੋਕੇ ਵਿਦਜਾ ਪੜ੍ਹਾ ਗਏ
ਹੁਣ ਤਾਂ ਪੜ੍ਹਾਨ ਗੁਰੂ ਨਾਨਕ ਦੇ ਕਾਲਜ ਨੂੰ ਸੀਸ ਰੱਖ ਤਲੀ ਤੇ ਹਜ਼ਾਰਾਂ ਸਿਖ ਆ ਗਏ
ਡੰਡਿਆਂ ਦੀ ਮਾਰ ਖਾਧੀ ਦੇਖ ਲੈ ਗੁਰੂ ਕੇ ਬਾਗ ਪ੍ਰੀਤਮ ਦੀ ਖਾਕ ਉਤੋਂ ਘੋਲ ਓ ਘੁਮਾ ਗਏ
ਹੋਯਾ ਅਵਤਾਰ ਅੱਜ ਸੱਚੇ ਗੁਰ ਨਾਨਕ ਦਾ ਘਰ ਘਰ ਲੋਕ ਜੋ ਅਨੰਦ ਨੇ ਮਨਾ ਰਹੇ
ਪਾਪੀਆਂ ਨੂੰ ਦੁੱਖ ਹੋਵੇ ਜਾਪੀਆਂ ਨੂੰ ਸੁੱਖ ਹੋਵੇ ਦੂਰ ਸਭ ਭੁੱਖ ਹੋਵੇ ਖੁਸ਼ੀਆਂ ਮਨਾ ਪਏ
ਜ਼ੁਲਮੀਆਂ ਦੀ ਖੈ ਹੋਵੇ ਧਰਮੀਆਂ ਦੀ ਜੈ ਹੋਵੇ ਕਿਸੇ ਦਾ ਨਹੀਂ ਭੈ ਹੋਵੇ ਤੇਰੇ ਗੁਣ ਗਾ ਲਏ
ਕੇਸਾਂ ਤੋਂ ਘਸੀਟਿਆ ਚਰਾਗ ਤੋਂ ਪਤੰਗਿਆਂ ਨੂੰ ਪ੍ਰੀਤਮ ਦੀ ਖਾਕ ਉਤੋਂ ਘੋਲ ਓ ਘੁਮਾ ਗਏ

--o--

ਕੇਹੜਾ ਪਾਸ ਤੇ ਕੇਹੜਾ ਹੈ ਫੇਹਲ ਹੁੰਦਾ, ਬਾਜ ਉਡਦਾ ਦੇਖੇ ਅਸਮਾਨ ਵਾਲਾ!

ਪੜ੍ਹ ਦੇਖੀਆਂ ਪਿਛਲੀਆਂ ਤਵਾਰੀਖਾਂ ਗੁਰੂ ਖਾਲਸਾ ਬਲ ਮਹਾਨ ਵਾਲਾ
ਇਸ ਨੇ ਕਿਸੇ ਦੇ ਕੋਲੋਂ ਨਾ ਮਾਰ ਖਾਧੀ ਮਸ਼ਹੂਰ ਇਹ ਬਲ ਦਖਾਨ ਵਾਲਾ
ਤਵਾਰੀਖੀਆਂ ਸਿਫਤ ਮਹਾਨ ਕੀਤੀ ਹੱਦੋਂ ਵਧ ਕਿਰਪਾਨ ਚਲਾਨ ਵਾਲਾ
ਇਸਨੇ ਸਾਰੀ ਸਰਹੰਦ ਕਤਲਾਮ ਕੀਤੀ ਇੱਟ ਇੱਟ ਏਹ ਕਰ ਉਡਾਨ ਵਾਲਾ
ਇਸ ਨੇ ਓਸ ਨੂੰ ਮਾਰ ਫਨਾਹ ਕੀਤਾ ਸੀ ਪਠਾਣ ਕਸੂਰ ਕਮਾਨ ਵਾਲਾ
ਜੋਰ ਨਾਲ ਹੀ ਦਿਲੀ ਨੂੰ ਫਤੇ ਕੀਤਾ ਸਾਰੇ ਮੁਲਕ ਇਹ ਦਬਦਬੇ ਪਾਨ ਵਾਲਾ
ਇਸ ਦੇ ਬਲ ਦੀ ਧਾਂਕ ਜਹਾਨ ਉਤੇ ਇਹ ਖਾਲਸਾ ਬਲੀ ਕਿਰਪਾਨ ਵਾਲਾ
ਮੈਂ ਕਿਤੇ ਵੀ ਪੜ੍ਹਿਆ ਤੇ ਨਹੀਂ ਸੁਣਿਆ ਮਾਰ ਖਾਂਵਦਾ ਬਲੀ ਕਹਾਨ ਵਾਲਾ
ਅੱਜ ਦੇਖਿਆ ਗੁਰੂ ਕੇ ਬਾਗ ਅੰਦਰ ਬੈਠ ਕਰਕੇ ਮਾਰ ਵੀ ਖਾਨ ਵਾਲਾ
ਇਹ ਅਸਥਾਨ ਗੁਰ ਅਰਜਨ ਬਹਾਦਰ ਜੀ ਦਾ ਅਰੀ-ਜਨਾ ਤੇ ਭੁਲਾ ਕਰਾਨ ਵਾਲਾ
ਗੁਰੂ ਤੇਗ ਬਹਾਦਰ ਬਹਾਦਰ ਵਡਾ ਬਾਬਾ ਪੋਤਾ ਹੈ ਏਸ ਅਸਥਾਨ ਵਾਲਾ
ਪੰਥ ਇਹਨਾਂ ਦੇ ਪੂਰਨੇ ਉਤੇ ਟੁਰਿਆ ਜੋ ਕੁਝ ਕਿਹਾ ਸੋ ਕਰ ਦਖਾਨ ਵਾਲਾ
ਹੱਡ ਗੋਡੇ ਸਭ ਚੂਰ ਕਰਾ ਲੀਤੇ ਐਪਰ ਸੀ ਨਾ ਮੂੰਹੋਂ ਸੁਨਾਨ ਵਾਲਾ
ਕੇਸ ਦਾਹੜੀਆਂ ਸਭ ਪਟਾ ਲਈਆਂ ਐਪਰ ਜੋਸ਼ ਦੇ ਵਿਚ ਨਾ ਆਨ ਵਾਲਾ
ਮਾਰਾਂ ਗੁੱਝੀਆਂ ਥਾਂਵਾਂ ਤੇ ਬਹੁਤ ਹੋਈਆਂ ਜ਼ਾਹਰ ਕਰਕੇ ਨਹੀ ਜਤਾਨ ਵਾਲਾ
ਗਾਲਾਂ ਖਾਧੀਆਂ ਕਿੱਥੇ ਹੈ ਓਹ ਤੇਰਾ ਸਦਾ ਲੱਖ ਤੇ ਇਕ ਲੜਾਨ ਵਾਲਾ
ਪੰਥ ਤਾਂ ਵੀ ਨਾ ਜੋਸ਼ ਦੇ ਵਿਚ ਆਯਾ ਮਾਰ ਖਾਂਵਦਾ ਮਾਰੋਂ ਬਚਾਨ ਵਾਲਾ
ਹੋ ਪਰਤੱਖ ਗੁਰ ਸਿੱਖਾਂ ਨੂੰ ਧੀਰਜ ਦਿੱਤਾ ਪਰਚਾ ਪਾਯਾ ਮੈਂ ਅਜ ਇਮਤਿਹਾਨ ਵਾਲਾ
ਕੇਹੜਾ ਪਾਸ ਤੇ ਕੇਹੜਾ ਹੈ ਫੇਹਲ ਹੁੰਦਾ ਬਾਜ ਉਡਦਾ ਦੇਖੇ ਅਸਮਾਨ ਵਾਲਾ
ਅੱਜ ਦੇਖਾਂਗਾ ਆਣ ਮੈਂ ਬਿਸ਼ਨ ਸਿੰਘਾ ਪੰਥ ਖਾਲਸਾ ਮਾਰ ਵੀ ਖਾਨ ਵਾਲਾ

(ਬਿਸ਼ਨ ਸਿੰਘ ਗਿਆਨੀ)

ਸੰਪੂਰਨ

ਗੁਰੂ ਕੇ ਬਾਗ ਦਾ ਹਾਲ

ਪਹਿਲੀ ਸਤੰਬਰ ਤੋਂ ਲੈਕੇ ਅਠ ਸਤੰਬਰ ੧੯੨੨ ਤਕ ਜੇਹੜੇ ਜਥੇ ਸ੍ਰੀ ਅਮ੍ਰਿਤਸਰ ਤੋਂ ਤੁਰਕੇ ਛੀਨੇ ਵਾਲੇ ਪੁਲ ਤੇ ਜਾਕੇ ਮਾਰ ਖਾਕੇ ਲੋਥਾਂ ਬਣਕੇ ਅਕਾਲੀਆਂ ਦੇ ਬਾਗ ਵਿਚ ਆਉਂਦੇ ਰਹੇ ਹਨ ਓਨ੍ਹਾਂ ਦਾ ਇਸ ਦੂਸਰੇ ਹਿੱਸੇ ਵਿਚ ਹਾਲ ਹੈ ਪੰਜਾਬੀ ਕਵਿਤਾ ਬੜੀ ਰਸ ਦਾਇਕ ਹੈ ਬਾਕੀ ਦੇ ਹਿੱਸੇ ਬਣ ਗਏ ਹਨ ਸਹਿਜੇ ੨ ਛਪਕੇ ਆਪ ਦੀ ਸੇਵਾ ਵਿਖੇ ਪੁਜ ਜਾਣਗੇ।

ਪਹਿਲੇ ਹਿੱਸੇ ਵਿਚ ੨੨ ਅਗਸਤ ਤੋਂ ੩੧ ਅਗਸਤ ੧੯੨੨ ਤਕ ਜੋ ਗੁਰੂ ਕੇ ਬਾਗ ਵਿਚੋਂ ਗੁਰੂ ਦੇ ਲੰਗਰ ਵਾਸਤੇ 'ਲੱਕੜਾਂ ਲਿਆਉਂਣ ਗਏ ਫਟੜ ਹੁੰਦੇ ਰਹੇ ਹਨ ਓਨਾਂ ਦਾ ਹਾਲ ਹੈ।

ਤੀਸਰੇ ਚੌਥੇ ਹਿਸੇ ਵਿੱਚ ਸੁਰਾਜ ਮੰਦਰ ਵਾਲਿਆਂ ਸਿੰਘਾਂ ਦਾ ਹਾਲ ਹੈ ਸੋ ਇਹਨਾਂ ਹਿੱਸਿਆਂ ਦੀ ਅਜੇ ਥੋੜਾ ਜੇਹਾ ਸਮਾਂ ਉਡੀਕ ਕਰਨੀ ਕੇਵਲ ਦੂਸਰਾ ਹਿਸਾ ਤਿਆਰ ਹੈ।

ਪੁਸਤਕ ਮਿਲਨ ਦਾ ਪਤਾ--

ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ

ਸ੍ਰੀ ਅਮ੍ਰਿਤਸਰ

੧ ੳ ਸਤਿਗੁਰਪ੍ਰਸਾਦਿ ॥ ਅਕਾਲ ਸਹਾਇ ॥ ਪੰਜਾਬ ਸਿੰਘ ਕੁਮੇਦਾਨ ਬੇਟਾ ਅੰਬੀਰ ਸਿੰਘ ਦਾ ਵਾਸੀ ਅਨੰਦ ਪੁਰ ਸਾਹਿਬ ਜਨਮ ਖੁਬਰਾਵਾਂ ਦਾ ਟਹਿਲ ਕਰਵਾਈ ਸੋਨੇ ਦੀ ਗੁਰੂ ਕੇ ਘਰ ਦੀ ਲੋਕ ਪ੍ਰਲੋਕ ਸੁਧਾਰ ਲੀਤੇ ਟਹਿਲ ਹੋਈ ਹਥੀਂ ਮਹੰਤ ਸੰਗਤ ਦਾਸ ਦੀ ਸੰਮਤ ਉੰਨੀ ਸੌ ੧੯ ਮਿਤੀ ਹਾੜ ਦੀ ੧੪ ਧੰਨ ਗੁਰੂ ਧੰਨ ਸਿੱਖ ।

[ਦਰਵਾਜਾ ਤੀਸਰਾ]

੧ ੳ ਸਤਿਗੁਰਪ੍ਰਸਾਦਿ ॥ ਅਕਾਲ ਸਹਾਇ ॥ ਪੰਜਾਬ ਸਿੰਘ ਕੁਮੇਦਾਨ ਬੇਟਾ ਅੰਬੀਰ ਸਿੰਘ ਦਾ ਜਨਮ ਖੁਬਰਾਵਾਂ ਦਾ ਟਹਿਲ ਕਰਵਾਈ ਸੰਦਿਕੇ ਸ੍ਰੀ ਜੀ ਦਰਬਾਰ ਗੁਰੂ ਅਰਜਨ ਸਾਹਿਬ ਹੱਥੀਂ ਮਹੰਤ ਸੰਗਤ ਦਾਸ ਸੰਮਤ ੧੯੮੨੧ ਮਿਤੀ ਸਾਵਣ ੧ [ਦਰਵਾਜਾ ਦੂਜਾ]

੧ ੳ ਸਤਿਗੁਰਪ੍ਰਸਾਦਿ ॥ ਅਕਾਲ ਸਹਾਇ ॥ ਪੰਜਾਬ ਸਿੰਘ ਕੁਮੇਦਾਨ ਬੇਟਾ ਅੰਬੀਰ ਸਿੰਘ ਦੀ ਟਹਿਲ ਕਰਵਾਈ ਸੰਤੇ ਸ੍ਰੀ ਦੇ ਦਾ ਜਨਮ ਖੁਬਰਾਵਾਂ ਦਾ ਟਹਿਲ ਹੋਈ ਹੱਥੀਂ ਮਹੰਤ ਸੰਗਤ ਦਾਸ ਸੰਮਤ ੧੯੮੧ ਮਿਤੀ ਸਾਵਣ ਦੀ ੨੦। [ਦਰਵਾਜਾ ਚੌਥਾ]

ਗੁਰ ਦੁਵਾਰਾ

ਗੁਰੂ ਕਾ ਬਾਗ

ਧੰਨ ਗੁਰੂ ਨਾਨਕ ਹੈ ਜੀ

੧ ੳ ਸਤਿਗੁਰਪ੍ਰਸਾਦਿ ॥

ਸਿਰ ਮਸਤਕ ਰਖ੍ਯਾ ਪਾਰਬ੍ਰਹਮ ਹਸਤ ਕਾਯਾ ਰਖ੍ਯਾ ਪ੍ਰਮੇਸੁਰਹ॥ ਆਤਮ ਰਖ੍ਯਾ ਗੁਪਾਲ ਸੁਆਮੀ ਧਨ ਚਰਨ ਰਖ੍ਯਾ ਜਗਦੀਸੁਰਹ ॥ ਸਰਬ ਰਖ੍ਯਾ ਗੁਰਦਿਆਲਹ ਭੈ ਦੂਖ ਬਿਨਾਸਨਹ॥ ਭਗਤ ਵਛਲ ਅਨਾਥ ਨਾਥੇ ਸਰਨ ਨਾਨਕ ਪੁਰਖ ਅਚੁਤਹ ॥

ਟਹਿਲ ਕਰਵਾਈ ਪੰਜਾਬ ਸਿੰਘ ਕੁਮੇਦਾਨ ਬੇਟਾ ਅੰਬੀਰ ਸਿੰਘ ਦਾ ਜਨਮ ਖੁਬਰਾਵਾਂ ਦਾ ਵਾਸੀ ਅਨੰਦ ਪੁਰ ਸਾਹਿਬ ਜੀ ਟਹਿਲ ਹੋਈ ਹੱਥੀਂ ਮਹੰਤ ਸੰਗਤ ਦਾਸ ਦੀ ਦਰਬਾਰ ਗੁਰੂ ਅਰਜਨ ਸਾਹਿਬ ਜੀ ਦਾ ਸੰਮਤ ਉੰਨੀ ਸੌ ਚੌਦਾਂ ਵਤਿ ੧੯੧੪ ਮਿਤੀ ਕਤੇ ਪਹਿਲੀ

[ਦਰਵਾਜਾ ਪਹਿਲਾ]